SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ
ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

ਵਿਨੀਪੈਗ ਦੇ ਕਿਸੇ ਵੀ ਏਰੀਆ ਵਿੱਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਕਾਲ ਕਰੋ
AMRITPAL DHILLON
BROKER: MAXIMUM REALTY
MAXIMUM REALTY
Call: 204-979-7200
Office: 204-777-9999
Email: amritrealtorwinnipeg@gmail.com

Vol: 9 No: 196 Website : www.punjabiakhbaar.ca Email: editor@punjabiakhbaar.ca Friday, 20 May 2022

## ਚੋਣ ਪ੍ਰਚਾਰ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਜਗਮੀਤ ਸਿੰਘ ਨਾਲ ਕੀਤਾ ਬੁਰਾ ਵਤੀਰਾ

### ਮੰਦੀ ਸ਼ਬਦਾਵਲੀ ਤੇ ਇਸ਼ਾਰਿਆਂ ਦੀ ਵਰਤੋਂ ਕੀਤੀ



ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਓਟਾਰੀਓ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਲਈ ਚੱਲ ਰਹੇ ਚੋਣ ਪ੍ਰਚਾਰ ਦੇ ਦੌਰਾਨ ਫੈਡਰਲ ਐਨਡੀਪੀ ਲੀਡਰ ਜਗਮੀਤ ਸਿੰਘ ਨਾਲ ਕੁੱਝ ਮੁਜ਼ਾਹਰਾਕਾਰੀਆਂ ਵੱਲੋਂ ਉਸ ਵਕਤ ਬੁਰਾ ਵਤੀਰਾ ਕੀਤਾ ਗਿਆ ਜਦੋਂ ਉਹ ਪੀਟਰਬਰੋ ਇਲਾਕੇ ਵਿੱਚ ਐਨਡੀਪੀ ਕੈਂਡੀਡੇਟ ਜੈਨ ਡੈਂਕ ਦੇ ਹੱਕ ਵਿਚ ਚੋਣ ਪ੍ਰਚਾਰ ਕਰਨ ਪਹੁੰਚੇ। ਜਗਮੀਤ ਸਿੰਘ ਜਦੋਂ ਆਪਣੀ ਗੱਡੀ ਵੱਲ ਵਧ ਰਹੇ ਸਨ ਤਾਂ ਮੁਜ਼ਾਹਰਾਕਾਰੀਆਂ ਨੇ ਜਗਮੀਤ ਸਿੰਘ ਨੂੰ ਗੱਦਾਰ ਤੱਕ ਵੀ ਕਹਿ ਦਿੱਤਾ। ਇਹ ਵੀਡੀ- ਸੋਸ਼ਲ ਮੀਡੀਆ ਤੇ ਕਾਫੀ ਵਾਇਰਲ ਹੋਈਆਂ ਹਨ ਜਦੋਂ ਪ੍ਰਦਰਸ਼ਨਕਾਰੀਆਂ ਵੱਲੋਂ ਅਜਿਹਾ ਵਤੀਰਾ ਕੀਤਾ ਜਾ ਰਿਹਾ ਸੀ ਤਾਂ ਜਗਮੀਤ ਸਿੰਘ ਬਿਲਕੁਲ ਸ਼ਾਂਤ ਰਹਿੰਦਿਆਂ ਉੱਥੋਂ ਚਲੇ ਗਏ,ਜਿਸ ਦੀ ਸ਼ਲਾਘਾ ਓਟਾਰੀਓ ਐਨਡੀਪੀ ਦੇ ਲੀਡਰ ਐਂਡਰੀਆ ਹੌਰਵਥ ਵੱਲੋਂ ਵੀ ਕੀਤੀ ਗਈ ਹੈ। ਉੱਧਰ ਪੀਟਰਬਰੋ ਪੁਲੀਸ ਦੇ ਕਾਰਜਕਾਰੀ ਮੁਖੀ ਨੇ ਮੁਜ਼ਾਹਰਾਕਾਰੀਆਂ ਦੇ ਇਸ ਵਤੀਰੇ ਦੀ ਨਿੰਦਾ ਕਰਦਿਆਂ ਆਖਿਆ ਕਿ ਇਸ ਘਟਨਾ ਦੀ ਹਰ ਪੱਖ ਤੋਂ ਜਾਂਚ ਕੀਤੀ ਜਾਵੇਗੀ। ਇਸ ਸੰਬੰਧੀ ਜਦੋਂ ਓਟਵਾ ਚ ਜਗਮੀਤ ਸਿੰਘ ਕੋਲੋਂ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਆਖਿਆ ਕਿ ਉਨ੍ਹਾਂ ਨਾਲ ਇਸ ਤਰ੍ਹਾਂ ਦਾ ਵਤੀਰਾ ਕੋਈ ਪਹਿਲੀ ਵਾਰ ਨਹੀਂ ਹੋਇਆ ਬਲਕਿ ਉਹ ਕਈ ਵਾਰ ਇਸ ਤਰ੍ਹਾਂ ਦੀਆਂ ਚੀਜ਼ਾਂ ਸਹਿ ਚੁੱਕੇ ਹਨ ਉਨ੍ਹਾਂ ਆਖਿਆ ਕਿ ਮੇਰੇ ਨਾਲ ਜੋ ਹੋਇਆ ਮੈਨੂੰ ਉਸ ਦੀ ਚਿੰਤਾ ਨਹੀਂ ਪਰ ਦੇਸ਼ ਦੀ ਸਿਆਸਤ ਵਿਚ ਇਸ ਤਰ੍ਹਾਂ ਦਾ ਵਰਤਾਰਾ ਚਿੰਤਾ ਦਾ ਵਿਸ਼ਾ ਹੈ।

## ਕੈਲਗਰੀ ਅਤੇ ਐਡਮਿੰਟਨ ਦੇ ਪੰਜਾਬੀ ਮੇਅਰਾਂ ਵਿਚਾਲੇ ਸ਼ਰਤ ਲੱਗ ਗਈ ਐ !





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸੂਬੇ ਦੇ ਦੋ ਪ੍ਰਮੁੱਖ ਸ਼ਹਿਰਾਂ ਦੇ ਮੇਅਰ ਜੋ ਕਿ ਦੋਵੇਂ ਹੀ ਪੰਜਾਬੀ ਹਨ, ਵਿਚਾਲੇ ਇੱਕ ਸ਼ਰਤ ਲੱਗ ਗਈ ਹੈ। ਸ਼ਰਤ ਇਹ ਲੱਗੀ ਹੈ ਕੈਲਗਰੀ ਦੇ ਮੇਅਰ ਜੋਤੀ ਗੌਂਡੇਕ ਅਤੇ ਐਡਮਿੰਟਨ ਦੇ ਮੇਅਰ ਅਮਰਜੀਤ ਸੋਹੀ ਵਿਚਾਲੇ ਦੋਹਾਂ ਵਿਚਾਲੇ ਇਹ ਸ਼ਰਤ ਆਈਸ ਹਾਕੀ ਦੀ ਅਲਬਰਟਾ ਪਲੇਅ ਆਫ ਸੀਰੀਜ਼ ਨੂੰ ਲੈ ਕੇ ਲੱਗੀ ਹੈ। ਜਿਸ ਵਿਚ ਐਡਮਿੰਟਨ ਆਇਲਰਜ਼ ਅਤੇ ਕੈਲਗਰੀ ਫਲੇਮਜ਼ ਦੀਆਂ ਟੀਮਾਂ ਇੱਕ ਦੂਜੇ ਦੇ ਸਾਹਮਣੇ ਹੋਣਗੀਆਂ। ਦੋਹਾਂ ਮੇਅਰਾਂ ਵਿਚਾਲੇ ਲੱਗੀ ਇਸ ਦੋਸਤਾਨਾ ਸ਼ਰਤ ਵਿੱਚ ਆਖਿਆ ਗਿਆ ਹੈ ਕਿ ਜਿਸ ਵੀ ਸ਼ਹਿਰ ਦੀ ਟੀਮ ਇਸ ਸੀਰੀਜ਼ ਵਿੱਚ ਜੇਤੂ ਰਹੇਗੀ ਤਾਂ ਹਾਰੀ ਹੋਈ ਟੀਮ ਦੇ ਸ਼ਹਿਰ ਦੇ ਮੇਅਰ ਅਤੇ ਕੌਂਸਲਰ ਸੀਰੀਜ਼ ਖ਼ਤਮ ਹੋਣ ਤੋਂ ਬਾਅਦ ਵਾਲੀ ਸਿਟੀ ਕੌਂਸਲ ਦੀ ਮੀਟਿੰਗ ਦੇ ਦੌਰਾਨ ਜੇਤੂ ਟੀਮ ਦੀ ਜਰਸੀ ਦੇ ਰੰਗ ਦਾ ਪੇਂਟ ਆਪਣੇ ਮੂੰਹ ਤੇ ਕਰਨਗੇ ਅਤੇ ਨਾਲ ਹੀ ਜੇਤੂ ਟੀਮ ਦੀ ਜਰਸੀ ਪਹਿਨ ਕੇ ਕੌਂਸਲ ਵਿੱਚ ਬੈਠਣਗੇ। ਇਸ ਸ਼ਰਤ ਨੂੰ ਲੈ ਕੇ ਲੋਕ ਵੀ ਕਾਫੀ ਉਤਸ਼ਾਹਿਤ ਹਨ। ਵਰਨਣਯੋਗ ਹੈ ਕਿ ਆਈਸ ਹਾਕੀ ਦੀ ਸੱਤ ਮੈਚਾਂ ਦੀ ਇਹ ਲੜੀ ਬੁੱਧਵਾਰ 18 ਮਈ 2022 ਤੋਂ ਕੈਲਗਰੀ ਦੇ ਸੈਂਡਲ ਡੋਮ ਵਿੱਚ ਸ਼ੁਰੂ ਹੋ ਰਹੀ ਹੈ। ਲਗਾਈ ਗਈ ਸ਼ਰਤ ਵਿੱਚ ਇਹ ਵੀ ਆਖਿਆ ਗਿਆ ਕਿ ਹਾਰਨ ਵਾਲਾ ਪੱਖ ਦੂਜੇ ਸ਼ਹਿਰ ਲਈ ਦਾਨ ਵੀ ਕਰੇਗਾ। ਉਹ ਭਾਵੇਂ ਕਿਡਜ਼ ਵਿਦ ਕੈਂਸਰ ਸੁਸਾਇਟੀ ਐਡਮਿੰਟਨ ਹੋਵੇ ਜਾਂ ਫਿਰ ਕਿਡਜ਼ ਕੈਂਸਰ ਕੇਅਰ ਫਾਊਂਡੇਸ਼ਨ ਕੈਲਗਰੀ ਹੋਵੇ। ਵਰਨਣਯੋਗ ਹੈ ਕਿ ਦੋਵੇਂ ਟੀਮਾਂ ਆਪਸ ਵਿੱਚ ਲਗਪਗ 31 ਸਾਲ ਬਾਅਦ ਇੱਕ ਦੂਜੇ ਦੇ ਸਾਹਮਣੇ ਹੋਣਗੀਆਂ। ਆਖਰੀ ਵਾਰ ਦੋਵੇਂ ਟੀਮਾਂ 1991 ਵਿੱਚ ਭਿੜੀਆਂ ਸਨ।

## ਕੈਨੇਡਾ ਵਿੱਚ ਗੈਰ ਪਾਬੰਦੀਸ਼ੁਦਾ ਹਥਿਆਰਾਂ ਦੀ ਖ਼ਰੀਦੋ ਫ਼ਰੋਖਤ ਲਈ ਨਵੇਂ ਨਿਯਮ ਲਾਗੂ ਹੋਣਗੇ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਗੈਰ ਪਾਬੰਦੀਸ਼ੁਦਾ ਹਥਿਆਰਾਂ ਲਈ ਨਵੇਂ ਅਤੇ ਸਖ਼ਤ ਨਿਯਮ ਲਾਗੂ ਹੋ ਰਹੇ ਹਨ। ਜਿਸ ਦਾ ਐਲਾਨ ਔਟਵਾ ਦੇ ਪਾਰਲੀਮੈਂਟ ਹਿੱਲ ਵਿਖੇ ਕਰਦਿਆਂ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਨਡੀਸਿਨੋ ਨੇ ਆਖਿਆ ਕਿ ਇਹ ਨਿਯਮ ਗੰਨ ਕਲਚਰ ਗੰਨ ਵਾਇਲੈਂਸ ਜਾਂ ਹਥਿਆਰਾਂ ਨਾਲ ਹੁੰਦੀ ਹਿੰਸਾ ਨੂੰ



ਰੋਕਣ ਲਈ ਲਾਗੂ ਕੀਤੇ ਜਾ ਰਹੇ ਹਨ। ਹੁਣ ਗੈਰ ਪਾਬੰਦੀਸ਼ੁਦਾ ਹਥਿਆਰਾਂ ਦੇ ਟਰਾਂਸਫਰ ਜਾਂ ਸੇਲ ਤੋਂ ਪਹਿਲਾਂ ਹਥਿਆਰ ਖਰੀਦਣ ਵਾਲੇ ਦੀ ਪਹਿਚਾਣ ਅਤੇ ਹਥਿਆਰ ਦੇ ਲਾਈਸੈਂਸ ਦੀ ਪੁਸ਼ਟੀ ਹੋਣੀ ਜ਼ਰੂਰੀ ਹੈ ਅਤੇ ਜਿਹੜੇ ਵਪਾਰਕ ਅਦਾਰਿਆਂ ਵੱਲੋਂ ਹਥਿਆਰ ਵੇਚੇ ਜਾਣਗੇ ਉਨ੍ਹਾਂ ਨੂੰ ਇਸ ਦਾ ਰਿਕਾਰਡ ਰੱਖਣਾ ਲਾਜ਼ਮੀ ਹੋਵੇਗਾ।

## ਇਸ ਦਹਾਕੇ ਦੇ ਅੰਤ ਤੱਕ ਦੇਸ਼ 'ਚ 6ਜੀ ਸੇਵਾ ਸ਼ੁਰੂ ਕਰਨ ਦੀਆਂ ਕੋਸ਼ਿਸ਼ਾਂ: ਮੋਦੀ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਇਸ ਦਹਾਕੇ ਦੇ ਅੰਤ ਤੱਕ ਦੇਸ਼ ਵਿਚ 6ਜੀ ਸੇਵਾ ਨੂੰ ਸ਼ੁਰੂ ਕਰਨ ਲਈ ਸਰਕਾਰ ਵੱਲੋਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਅਤੇ ਅਗਲੇ ਕੁਝ ਮਹੀਨਿਆਂ ਵਿੱਚ 5ਜੀ ਸੇਵਾ ਸ਼ੁਰੂ ਹੋਣ ਵਾਲੀ ਹੈ।



ਵੀਡੀਓ ਕਾਨਫਰੰਸ ਰਾਹੀਂ ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ਼ ਇੰਡੀਆ (ਟਰਾਈ) ਦੇ ਸਿਲਵਰ ਜੁਬਲੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ 5ਜੀ ਅਗਲੇ ਡੇਢ ਦਹਾਕੇ ਵਿੱਚ ਦੇਸ਼ ਦੀ ਆਰਥਿਕਤਾ ਵਿੱਚ 450 ਅਰਬ ਡਾਲਰ ਦਾ ਯੋਗਦਾਨ ਪਾਏਗੀ ਅਤੇ ਇਸ ਨਾਲ ਦੇਸ਼ ਦੀ ਤਰੱਕੀ ਤਾਂ ਹੋਵੇਗੀ ਹੀ ਸਗੋਂ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋਣਗੇ।

## ਦਾੜ੍ਹੀ ਮੁੱਛਾਂ ਬਾਰੇ ਟਿੱਪਣੀ: ਸਿੱਖ ਜਥੇਬੰਦੀਆਂ ਵੱਲੋਂ ਭਾਰਤੀ ਸਿੰਘ ਖ਼ਿਲਾਫ਼ ਰੋਸ ਵਿਖਾਵਾ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਟੀਵੀ ਐਂਕਰ ਅਤੇ ਕਲਾਕਾਰ ਭਾਰਤੀ ਸਿੰਘ ਵੱਲੋਂ ਸਿੱਖੀ ਸਰੂਪ ਦਾੜ੍ਹੀ ਕੇਸਾਂ ਬਾਰੇ ਕੀਤੀ ਗਈ ਇਤਰਾਜ਼ਯੋਗ ਟਿੱਪਣੀ ਦੇ ਮਾਮਲੇ ਵਿੱਚ ਇਸਤਰੀ ਅਕਾਲੀ ਦਲ ਅਤੇ ਹੋਰ ਜਥੇਬੰਦੀਆਂ ਦੇ ਕਾਰਕੁੰਨਾਂ ਵੱਲੋਂ ਔਰਤ ਕਲਾਕਾਰ ਦੇ ਪੁਰਾਣੇ ਘਰ ਦੇ ਨੇੜੇ ਰੋਸ ਵਿਖਾਵਾ ਕੀਤਾ ਗਿਆ। ਉਸ ਖ਼ਿਲਾਫ਼ ਕਾਰਵਾਈ ਦੀ ਮੰਗ ਲਈ ਪੁਲੀਸ ਕਮਿਸ਼ਨਰ ਨੂੰ ਮੰਗ ਪੱਤਰ ਵੀ ਦਿੱਤਾ ਗਿਆ ਹੈ। ਰੋਸ ਵਿਖਾਵਾ ਕਰਨ ਵਾਲਿਆਂ ਵਿੱਚ ਇਸਤਰੀ ਅਕਾਲੀ ਦਲ ਅਤੇ ਮਾਨਵ ਅਧਿਕਾਰ ਜਥੇਬੰਦੀ ਦੀ ਆਗੂ ਜਸਵਿੰਦਰ ਕੌਰ ਸੋਹਲ, ਅਕਾਲੀ ਆਗੂ ਦਿਲਬਾਗ ਸਿੰਘ ਵਡਾਲੀ, ਸਿੱਖ ਸਟੂਡੈਂਟਸ ਫੈਡਰੇਸ਼ਨ ਗਰੇਵਾਲ ਦੇ ਮਨਜੀਤ ਸਿੰਘ ਸੈਣੀ ਤੇ ਹੋਰ ਕਾਰਕੁੰਨ ਸ਼ਾਮਲ ਸਨ। ਇਸ ਸਬੰਧੀ ਬੀਬੀ ਸੋਹਲ ਨੇ ਦੱਸਿਆ ਕਿ ਸਮੂਹ ਕਾਰਕੁਨਾਂ ਵੱਲੋਂ ਭਾਰਤੀ ਸਿੰਘ ਦੇ ਅੰਮ੍ਰਿਤਸਰ ਵਿਚਲੇ ਪੁਰਾਣੇ ਘਰ ਦੇ ਨੇੜੇ ਰੋਸ ਵਿਖਾਵਾ ਕੀਤਾ ਗਿਆ ਹੈ। ਬਾਅਦ ਵਿੱਚ ਚੌਕ ਵਿੱਚ ਵੀ ਰੋਸ ਵਿਖਾਵਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿੱਚ ਕੇਸਾਂ ਦੀ ਵੱਡੀ ਮਹੱਤਤਾ ਹੈ ਅਤੇ ਇਨ੍ਹਾਂ ਨੂੰ ਪੰਜ ਕੱਕਾਰਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਔਰਤ ਕਲਾਕਾਰ ਅੰਮ੍ਰਿਤਸਰ ਦੀ ਜੰਮਪਲ ਹੈ ਅਤੇ ਉਸ ਨੂੰ ਸਿੱਖ ਧਰਮ ਤੇ ਕੱਕਾਰਾਂ ਬਾਰੇ ਪੂਰੀ ਜਾਣਕਾਰੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਕਲਾਕਾਰ ਨੇ ਆਪਣੇ ਮਜ਼ਾਕ ਰਾਹੀਂ ਜਿੱਥੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ ਅਤੇ ਸਿੱਖੀ ਸਰੂਪ ਦੀ ਬੇਅਦਬੀ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਔਰਤ ਕਲਾਕਾਰ ਖਿਲਾਫ ਆਈਪੀਸੀ ਦੀ ਧਾਰਾ 295 ਏ ਹੇਠ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਉਸਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਰੋਸ ਵਿਖਾਵੇ ਦੌਰਾਨ ਭਾਰਤੀ ਸਿੰਘ ਖ਼ਿਲਾਫ਼ ਪੋਸਟਰ ਤੇ ਬੈਨਰ ਚੁੱਕੇ ਹੋਏ ਸਨ, ਜਿਸ ਵਿੱਚ ਇਸ ਕਲਾਕਾਰ ਨੂੰ ਗ੍ਰਿਫਤਾਰ ਕਰਨ ਅਤੇ ਉਸ ਖ਼ਿਲਾਫ਼ ਨਾਅਰੇ ਲਿਖੇ ਹੋਏ ਸਨ। ਰੋਸ ਪ੍ਰਦਰਸ਼ਨ ਕਰਨ ਵਾਲਿਆਂ ਵਿੱਚ ਗੁਰਮੀਤ ਕੌਰ, ਸਨੋਅ ਕੌਰ ਗਿੱਲ, ਹਰਲੀਨ ਕੌਰ, ਸਿੰਮੀ ਕੌਰ, ਆਕਾਸ਼ਦੀਪ ਸਿੰਘ, ਪਰਮਜੀਤ ਸਿੰਘ, ਪ੍ਰਭਜੋਤ ਸਿੰਘ, ਸੁਖਮਨ ਸਿੰਘ, ਸਰਵਣ ਸਿੰਘ, ਬਲਵਿੰਦਰ ਸਿੰਘ ਤੇ ਹੋਰ ਸ਼ਾਮਲ ਸਨ। ਬਾਅਦ ਵਿੱਚ ਵਫਦ ਪੁਲੀਸ ਕਮਿਸ਼ਨਰ ਦੇ ਦਫਤਰ ਵੀ ਗਿਆ ਅਤੇ ਮੰਗ ਪੱਤਰ ਦਿੱਤਾ ਗਿਆ।

SIDHU PAINTING & DECORATING LTD.
ਸਿੱਧੂ ਪੇਂਟਿੰਗ ਕੰਪਨੀ ਨੂੰ ਵਿਨੀਪੈਗ ਵਿਖੇ ਵਰਕਰਾਂ ਦੀ ਲੋੜ ਹੈ।
ਵਧੀਆ ਤਨਖਾਹ ਅਤੇ ਹੋਰ ਸਹੂਲਤਾ ਦਿੱਤੀਆਂ ਜਾਣਗੀਆਂ।
ਸੰਪਰਕ : 403 520 0000

Barinder Ubhi
Realtor
C (204)807-5013
E babbu_ubhi@yahoo.com
MAXPRO REAL ESTATE
1739 Pembina Hwy, Winnipeg, MB, R3T 2G6
P:(204) 218-2222
F:(204) 261-1488
www.maxprorealestate.ca

ਵਿਨੀਪੈਗ ਅਤੇ ਆਸ ਪਾਸ ਦੇ ਏਰੀਆ ਵਿੱਚ ਡਰਾਈਵਿੰਗ ਸਿਖਾਉਂਦੇ ਹਾਂ
PRIME DRIVING SCHOOL
ਕਲਾਸ 5 ਲਾਇਸੈਂਸ ਲੈਣ ਲਈ ਪਰਮਿੰਦਰ ਸਿੰਘ ਨੂੰ ਸੰਪਰਕ ਕਰੋ
Class 5 Training • Knowledge Test Preparation
PARMINDER SINGH
Class 5 Driving Instructor
ਪੰਜਾਬੀ ਵਿੱਚ ਟਰੇਨਿੰਗ ਤੁਹਾਨੂੰ ਜਲਦੀ ਡਰਾਈਵਰ ਬਣਾ ਦਿੰਦੀ ਹੈ
(204)930-3030
primedrivingschool@hotmail.com
Training available in Winnipeg & Surrounding areas

PARDEEP REHSI
REALTOR
ਘਰ ਵੇਚਣ ਅਤੇ ਖਰੀਦਣ ਵਾਲਿਆਂ ਲਈ ਸਪੈਸ਼ਲ ਪੈਕੇਜ ਮੁਫਤ !
ਆਪਣੇ ਘਰ ਦੀ ਕੀਮਤ ਬਾਰੇ ਜਾਣਕਾਰੀ ਲਈ ਕਾਲ ਕਰੋ
ROYAL CAVES
PROPERTY MANAGEMENT & REAL ESTATE SERVICES
Thinking of Buying, Selling or Investing? Call Today?
431 777 8590
E-mail: prehsi@yahoo.com
11, St. Anne's Road Winnipeg MB R2M 2Y1

ਪੰਜਾਬੀ ਅਖ਼ਬਾਰ Punjabi Akhbaar
PunjabiAkhbaar.ca
ਆਪਣੇ ਫੋਨ ਵਿੱਚ ਪੰਜਾਬੀ ਅਖਬਾਰ ਦੀ ਐਪ ਆਹ ਲਿੰਕ ਕਲਿੱਕ ਕਰਕੇ ਫਰੀ ਡਾਊਨਲੋਡ ਕਰੋ
Android app
https://play.google.com/store/apps/details?id=com.mehramedia.punjabiakhbaar
ਐਪਲ ਦੇ ਫੋਨ ਲਈ ਇਹ ਲਿੰਕ ਕਲਿੱਕ ਕਰਿਓ
iPhone App
https://apps.apple.com/in/app/punjabi-akhbaar/id1559030797

iccrc crcic
Raman D. Sood
Regulated Immigration Consultant (RCIC)
Commissioner of Oaths, Manitoba
Rainbow Immigration Ltd.
Fulfilling Dreams!
Ph: 204-202-7900
1403 Jefferson Ave., Winnipeg. MB, Canada R2P 0R6
Web: www.rainbowimmigration.ca
Email: rainbowimmigrationwinnipeg@gmail.com

IATA
ONKAR TRAVELS
Call:- 204-202-7900 for BEST WHOLESALE AIRFARES
Sood Brothers Travels & Tours
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
1403 Jefferson Ave. Winnipeg, MB Canada
Ph: 204-202-7900, www.onkartravels.com
email: ywg@onkartravels.com

Need a Mortgage?......
MORTGAGE ARCHITECTS
Thinking of buying a Real Estate? Call today to discuss your mortgage options. We guarantee the lowest rates.
ਘਰ ਲੈਣ ਬਾਰੇ ਸੋਚਦੇ ਹੋ? ਘੱਟ ਰੇਟ ਤੇ ਮੋਰਗੇਜ ਲੈਣ ਲਈ ਅੱਜ ਹੀ ਕਮਲਜੀਤ ਸੰਧੂ ਨੂੰ ਫੋਨ ਕਰੋ।
SUPER VISA INSURANCE
SAHARA INSURANCE GROUP
Giving you the protection you need.
We offer best solution for you.
Super Visa Insurance
Critical Illness Insurance
Disability Insurance
Dental & Health Insurance
Mortgage Insurance
Life Insurance
Visitor Insurance
KAMALJEET SANDHU
Mortgage and Insurance Expert
Cell: 1(204) 751-0124
360 Keewatin St., Unit # 5, Winnipeg, MB

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ
ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

Gagan Bagri
Mortgage Advisor & Truck Loan Expert
EAST TO WEST LEASING
TRUCK/TRAILER & EQUIPMENT FINANCING
C 204-688-6486
100 MANDALAY DRIVE, WINNIPEG, MB
All Kind of Mortgages Saving You Both Time & Money
Lowest Rates Guaranteed
THE MORTGAGE WORLD

SUPER VISA INSURANCE
BEST RATE
SAHARA INSURANCE GROUP
DEEP GREWAL
Cell: 204-996-2571
deepgrewal12@gmail.com
Unit F10, 1833 Inkster Blvd. Winnipeg, MB. R2X 1R3

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

RAJ SANDHU
REALTOR®
Excellent Service... Guaranteed Results!
ROYAL LEPAGE
Call: 204.227.5758
Email: rajsandhu1@royallepage.ca
Thank you for your trust and support !

Ready to make a move?
TD Ready for you
Rajandeep Mudhar, MBA
Manager, Mobile Mortgage Specialist
C: 204-963-9481
rajandeep.mudhar@td.com

Way to Success
Class 1 & 3 Driving Training Center
PVI and MELT Approved School
PERFECT ONE DRIVING SCHOOL LTD.
NARINDER SAINI
ROBIN SANDHU
204 930 5822
204 899 5823
2040, Logan Avenue Manitoba, R2H 0H9
Email: info@perfectonedrivingschool.com
www.perfectonedrivingschool.com
Like us on

BEST DEAL DRIVING SCHOOL
204-583-4500
Jaspreet Kaur Thind
Class 5 Instructor
Class 5 • Brush up Courses • Pickup and Drop
Special Discount for New Comers and Students

CUSHMAN & WAKEFIELD Winnipeg | Stevenson
WE ARE YOUR FULL SERVICE COMMERCIAL REAL ESTATE PARTNER
KHUSH GREWAL
Senior Associate
T 204 934 6210
khush.grewal@cwstevenson.ca
17 NIHAL BAY
(+/-) 1,100 - 4,400 SF Units For Lease

Dawat
Take Out Catering
ਖਾਣਾ ਤਿਆਰ ਹੈ ਬੱਸ ਆਕੇ ਲੈ ਜਾਓ
ਸੁਆਦਲੇ ਖਾਣਿਆਂ ਦਾ ਆਨੰਦ ਲੈਣ ਲਈ ਫੋਨ ਮਿਲਾਓ।
14 Keewatin ST Winnipeg (MB)
204 582 6666
204 880 8770

# ਤੁਸੀਂ ਆਪਣਾ ਸਹੀ ਘਰ ਕਾਪਰਸਟੋਨ ਵਿੱਚ ਲੱਭ ਸਕਦੇ ਹੋ

## ਸਿੰਗਲ ਫੈਮਿਲੀ ਹੋਮ ਅਤੇ ਟਾਊਨਹੋਮ ਵਿੱਚੋਂ ਚੁਣੋ

**ਕਾਪਰਸਟੋਨ,** ਵੈਸਟਾ ਪ੍ਰਾਪਰਟੀ ਦੁਆਰਾ ਡਿਜ਼ਾਇਨ ਅਤੇ ਨਿਰਮਾਣ ਕੀਤਾ ਗਿਆ 70 ਏਕੜ ਦਾ ਮਾਸਟਰ-ਯੋਜਨਾਬੱਧ ਭਾਈਚਾਰਾ ਹੈ। 448 ਨਵੇਂ ਵੱਖੋ ਵੱਖ ਡਿਜਾਇਨਾ ਵਾਲੇ ਘਰਾਂ ਦੀ ਲੜੀ ਸਮੇਤ ਵਾਕ ਵੇਓ ਉਤੇ ਹਰਿਆਲੀ ਵਾਲੇ ਖੇਤਰ ਨੂੰ ਨਾਮਵਰ ਬਿਲਡਰ 32 ਸਾਲਾਂ ਦੇ ਤਜ਼ਰਬੇ ਦੇ ਨਾਲ ਤਿਆਰ ਕਰ ਰਹੇ ਹਨ।

ਜੇਕਰ ਤੁਸੀਂ ਕੈਲਗਰੀ ਵਿੱਚ ਨਵੇਂ ਸਿੰਗਲ ਫੈਮਿਲੀ ਹੋਮ ਜਾਂ ਨਵੇਂ ਟਾਊਨਹੋਮ ਦੀ ਭਾਲ ਕਰ ਰਹੇ ਹੋ ਤਾਂ ਕਾਪਰਸਟੋਨ ਦੇ ਫ਼ਲੋਰਪਲੈਨ ਸਭ ਲਈ ਹਨ। ਸਾਡੇ ਉੱਚ-ਪੱਧਰੀ ਆਲੀਸਾਨ ਅੰਦਰੂਨੀ ਬਣਤਰ ਵਾਲੇ ਘਰ ਕੈਲਗਰੀ ਵਿੱਚ ਤੁਹਾਨੂੰ ਸੱਦ ਰਹੇ ਹਨ






### ਐਵਾਰਡ ਜੇਤੂ ਟਾਊਨਹੋਮਜ਼

- 1,380 -1,885 sq.ft.
- 2 ਅਤੇ 3 ਬੈੱਡ ਰੂਮ + ਫਲੈਕਸ ਰੂਮ
- ਡਬਲ ਕਾਰ ਗੈਰਾਜ
- ਸਰਦੀਆਂ ਤੋਂ ਪਹਿਲਾਂ ਮੂਵ ਹੋਵੋ

**Starting from low $400**




### ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼

- 2,508 -2,934 sq.ft.
- 3 ਜਾਂ 4 ਬੈੱਡਰੂਮ + ਬੋਨਸ ਰੂਮ
- ਡਬਲ ਕਾਰ ਗੈਰਾਜ
- ਵਾਕ ਆਊਟ ਵੇਸਮੈਂਟ ਸੂਈਟ
- **ਕੀਮਤਾਂ ਜਾਨਣ ਲਈ ਸੇਲਜ਼ ਟੀਮ ਨਾਲ ਸੰਪਰਕ ਕਰੋ**




### ਮਾਡਰਨ ਸਿੰਗਲ ਫੈਮਿਲੀ ਹੋਮਜ਼

- 2,015 -2,344 sq.ft.
- 3 ਜਾਂ 4 ਬੈੱਡਰੂਮ +ਆਫਿਸ
- ਡਬਲ ਕਾਰ ਗੈਰਾਜ
- ਲੀਗਲ ਵੇਸਮੈਂਟ ਸੂਈਟ ਦੀ ਆਪਸ਼ਨ

**ਕੀਮਤਾਂ ਜਾਨਣ ਲਈ ਸੇਲਜ਼ ਟੀਮ ਨਾਲ ਸੰਪਰਕ ਕਰੋ**

COPPERSTONE AT COPPERFIELD

**587.352.4266**
**COPPERSTONELIVING.COM**

SHOWHOMES & SALES CENTRE
1233 Copperfield Blvd SE,
Calgary, AB T2Z 5G1

Monday - Wednesday : 2 - 8 PM
Sat, Sun & Holidays: 12 - 5 PM
Thursday & Friday: by appointment

VESTA PROPERTIES

Rendering, price and availability are subject to change without notice. E. & O.E.

# ਦਾਖਾ ਤੋਂ ਐਮ ਐਲ ਏ ਮਨਪ੍ਰੀਤ ਸਿੰਘ ਇਯਾਲੀ ਨੇ ਕੈਲਗਰੀ ਅਤੇ ਐਡਮੰਟਨ ਵਾਲਿਆਂ ਨਾਲ ਰਾਜਨੀਤਕ ਵਿਚਾਰਾਂ ਕੀਤੀਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਕੈਲਗਰੀ ਪੁੱਜੇ ਪੰਜਾਬ ਦੇ ਹਲਕਾ ਦਾਖਾ ਤੋਂ ਸਰੋਮਣੀ ਅਕਾਲੀ ਦਲ ਦੇ ਕੁੱਲ ਤਿੰਨਾਂ ਵਿੱਚੋਂ ਇੱਕ ਐਮ ਐਲ ਏ ਮਨਪ੍ਰੀਤ ਸਿੰਘ ਇਯਾਲੀ ਨੇ ਬੀਕਾਨੇਰ ਸਵੀਟਸ ਵਿਖੇ ਪੰਜਾਬੀਆਂ ਦੇ ਇਕੱਠ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਇਆਲੀ ਸਾਹਿਬ ਦਾ ਮੰਨਣਾ ਹੈ ਕਿ ਪਿਛਲੀਆਂ ਚੋਣਾਂ ਦੇ ਨਤੀਜਿਆਂ ਦੌਰਾਨ ਸਰੋਮਣੀ ਅਕਾਲੀ ਦਲ ਨੂੰ ਜੋ ਭਾਰੀ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਉਸ ਲਈ ਸਰੋਮਣੀ ਅਕਾਲੀ ਦਲ ਹੀ ਜਿੰਮੇਬਾਰ ਹੈ। ਉਹਨਾਂ ਕਿਹਾ ਜਦੋਂ ਉਹਨਾਂ ਦੀ ਪਾਰਟੀ ਠੀਕ ਲੀਹਾਂ ਉੱਪਰ ਸੀ ਤਾਂ ਉਹ ਲਗਾਤਾਰ ਦੋ ਦੋ ਬਾਰ ਸਰਕਾਰ ਬਣਾਉਂਦੇ ਰਹੇ ਪਰ ਹੁਣ ਦੋ ਬਾਰ ਹੋ ਗਏ ਉਹ ਸੱਤਾ ਤੋਂ ਬਾਹਰ ਹਨ ।ਇਸ ਸਭ ਕੁੱਝ ਲਈ ਪਾਰਟੀ ਨੂੰ ਸਵੈ ਪੜਚੋਲ ਦੀ ਲੋੜ ਸੀ ਜੋ ਹੁਣ ਉਹ ਕਰ ਰਹੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਸਰਕਾਰ ਦੇ ਸਤਾ ਵਿੱਚ ਆਉਂਦਿਆਂ ਸਿਰਫ ਥੋੜੇ ਦਿਨ ਹੀ ਰਿਸਵਤ ਬੰਦ ਹੋਈ ਸੀ ਪਰ ਹੁਣ ਫਿਰ ਉਹੀ ਹਾਲ ਹੈ ਰਿਸਵਤ ਲੈਣ ਦੇਣ ਦੇ ਢੰਗ ਹੀ ਬਦਲੇ ਹਨ। ਰਾਜਨੀਤੀ ਵਿੱਚ ਬਦਲਾਅ ਲਿਆਉਣ ਦਾ ਵਾਅਦਾ ਕਰਕੇ ਵੋਟਾਂ ਲੈਣ ਵਾਲੀ ਆਪ ਸਰਕਾਰ ਹੁਣ ਬਦਲਾਖੋਰੀ ਦੇ ਰਾਹ ਉੱਪਰ ਚੱਲ ਰਹੀ ਹੈ। ਇਸ ਮੌਕੇ ਕੈਲਗਰੀ ਦੇ ਵਾਰਡ 5 ਤੋਂ ਕੌਂਸਲਰ ਰਾਜ ਧਾਲੀਵਾਲ ਅਤੇ ਵਿਧਾਇਕ ਇਰਫਾਨ ਸਾਬੀਰ ਨੇ ਵੀ ਮੰਚ ਉਪਰੋਂ ਸੰਬੋਧਨ ਕੀਤਾ। ਕੈਲਗਰੀ ਦੇ ਮਸਹੂਰ ਬਿਜਨਿਸਮੈਨ ਪਾਲੀ ਵਿਰਕ ਵੱਲੋਂ ਆਯੋਜਿਤ ਇਸ ਸਮਾਗਮ ਵਿੱਚ ਕੈਲਗਰੀ ਦੇ ਪੁਰਾਣੇ ਅਕਾਲੀ ਵਰਕਰਾਂ ਨੇ ਵੀ ਹਾਜਰੀ ਭਰੀ। ਇਸੇ ਤਰਾਂ ਐਡਮੰਟਨ ਵਿਖੇ ਵੀ ਪ੍ਰੀਤਪਾਲ ਸੇਖੋਂ, ਪਤਵੰਤ ਸੇਖੋਂ, ਜਸਕਰਨ ਦਿਓਲ, ਸੈਂਡੀ ਗਰੇਵਾ.ਲ, ਕੁਲਦੀਪ ਬਰਾੜ ਸਾਹੋਕੇ ਹੋਰਾਂ ਦੇ ਉਪਰਾਲੇ ਨਾਲ ਮਨਪ੍ਰੀਤ ਇਯਾਲੀ ਨੇ ਹਲਕਾ ਦਾਖਾ ਦੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਇੱਥੇ ਵੀ ਵੱਡੀ ਗਿਣਤੀ ਵਿੱਚ ਉਹਨਾਂ ਦੇ ਸਮਰਥਕ ਪਹੁੰਚੇ ਹੋਏ ਸਨ ਤੇ ਉਹਨਾਂ ਆਪਣੇ ਹਲਕੇ ਵਿੱਚ ਹੋਏ ਕੰਮਾਂ ਸਬੰਧੀ ਮਨਪ੍ਰੀਤ ਸਿੰਘ ਇਯਾਲੀ ਦਾ ਧੰਨਵਾਦ ਕੀਤਾ ।

# ਟੋਰਾਂਟੋ ਵਿੱਚ ਘਰਾਂ ਦੀ ਵਿਕਰੀ 'ਚ ਆਈ 44 ਫ਼ੀਸਦੀ ਕਮੀ

ਟੌਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਦੀ ਰੀਅਲ ਅਸਟੇਟ ਮਾਰਕੀਟ ਜਿੱਥੇ ਘਰਾਂ ਦੀ ਵਿਕਰੀ ਵਿੱਚ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਤੇਜ਼ੀ ਵੇਖਣ ਨੂੰ ਮਿਲ ਰਹੀ ਸੀ ਹੁਣ ਉੱਥੇ ਘਰਾਂ ਦੀ ਵਿਕਰੀ ਵਿੱਚ ਵੱਡੀ ਕਮੀ ਦਰਜ ਕੀਤੀ ਗਈ ਹੈ । ਟੋਰਾਂਟੋ ਰੀਜਨਲ ਰੀਅਲ ਅਸਟੇਟ ਬੋਰਡ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਪਿਛਲੇ ਸਾਲ ਦੇ ਅਪਰੈਲ ਮਹੀਨੇ ਦੇ ਮੁਕਾਬਲੇ ਇਸ ਸਾਲ ਅਪ੍ਰੈਲ ਵਿੱਚ ਘਰਾਂ ਦੀ ਵਿਕਰੀ ਵਿੱਚ ਇਕਤਾਲੀ ਫ਼ੀਸਦੀ ਦੀ ਕਮੀ ਆਈ ਹੈ ਜਦੋਂਕਿ ਇਕ ਮਹੀਨੇ ਦੇ ਸਮੇਂ ਦੇ ਦੌਰਾਨ ਘਰਾਂ ਦੀ ਵਿਕਰੀ ਸਤਾਈ ਫ਼ੀਸਦੀ ਘਟੀ ਹੈ । ਜਾਰੀ ਕੀਤੇ ਗਏ ਅੰਕੜਿਆਂ ਵਿੱਚ ਦੱਸਿਆ ਗਿਆ ਹੈ ਕਿ ਰੀਜਨ ਵਿੱਚ ਇਸ ਸਾਲ ਅਪ੍ਰੈਲ ਮਹੀਨੇ ਦੌਰਾਨ 8008 ਘਰਾਂ ਦੀ ਵਿਕਰੀ ਹੋਈ ਜਦੋਂ ਕਿ ਪਿਛਲੇ ਸਾਲ ਅਪ੍ਰੈਲ ਮਹੀਨੇ ਵਿੱਚ ਇਹ ਗਿਣਤੀ 13,613 ਸੀ। ਜਦ ਕਿ ਇਸ ਸਾਲ ਮਾਰਚ ਮਹੀਨੇ ਦੌਰਾਨ 10,939 ਘਰਾਂ ਦੀ ਵਿਕਰੀ ਹੋਈ । ਜਾਰੀ ਕੀਤੀ ਗਈ ਰਿਪੋਰਟ ਵਿੱਚ ਅੱਗੇ ਦੱਸਿਆ ਗਿਆ ਹੈ ਕਿ ਡਿਟੈਚਡ ਘਰਾਂ ਦੀ ਵਿਕਰੀ ਵਿੱਚ 47 ਫੀਸਦੀ ਟਾਊਨ ਹਾਊਸਿਜ਼ ਦੀ ਵਿਕਰੀ ਵਿੱਚ 44 ਫ਼ੀਸਦੀ ਸੈਮੀ ਡਿਟੈਚਡ ਘਰਾਂ ਦੀ ਵਿਕਰੀ ਵਿੱਚ 40 ਫ਼ੀਸਦੀ ਤੇ ਕੌਂਡੋ ਦੀ ਸੇਲ ਵਿਚ 32 ਫੀਸਦੀ ਦੀ ਕਮੀ ਆਈ ਹੈ। ਇੱਥੇ ਹੀ ਬੱਸ ਨਹੀਂ ਘਰਾਂ ਦੀਆਂ ਔਸਤਨ ਕੀਮਤਾਂ ਵਿੱਚ ਵੀ ਕਮੀ ਦਰਜ ਕੀਤੀ ਗਈ ਹੈ। ਗ੍ਰੇਟਰ ਟੋਰਾਂਟੋ ਏਰੀਏ ਵਿੱਚ ਮਾਰਚ ਮਹੀਨੇ ਦੇ ਦੌਰਾਨ ਘਰਾਂ ਦੀ ਔਸਤਨ ਕੀਮਤ ਇੱਕ ਇਸ਼ਾਰਿਆ ਤਿੰਨ ਮਿਲੀਅਨ ਡਾਲਰ ਸੀ ਜੋ ਕਿ ਅਪ੍ਰੈਲ ਚ ਘਟ ਕੇ ਇੱਕ ਇਸ਼ਾਰਿਆਂ ਦੋ ਮਿਲੀਅਨ ਤੇ ਆ ਗਈ ਹੈ। ਪਰ ਜੇਕਰ ਪਿਛਲੇ ਸਾਲ ਦੇ ਅਪ੍ਰੈਲ ਮਹੀਨੇ ਨਾਲ ਤੁਲਨਾ ਕੀਤੀ ਜਾਵੇ ਤਾਂ ਇਸ ਸਾਲ ਅਪ੍ਰੈਲ ਮਹੀਨੇ ਚ ਇਹ ਅਜੇ ਵੀ 15 ਫੀਸਦੀ ਜ਼ਿਆਦਾ ਹੈ ਕਿਉਂਕਿ ਪਿਛਲੇ ਸਾਲ ਅਪ੍ਰੈਲ ਮਹੀਨੇ ਵਿਚ ਘਰਾਂ ਦੀ ਔਸਤਨ ਕੀਮਤ ਇੱਕ ਮਿਲੀਅਨ ਡਾਲਰ ਸੀ ।

# ਗੱਭਰੂਆਂ ਦੀ ਵੱਜਦੀਆਂ ਸੀਟੀਆਂ ਦੇ ਸੰਗੀਤ ਸੰਗ ਕੈਲਗਰੀ ਵਿਖੇ ਗਾਇਕ ਬੱਬੂ ਮਾਨ ਮਹਿਫਿਲ ਮਿੱਤਰਾਂ ਦੀ ਲਾ ਗਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 15 ਮਈ ਦੀ ਸ਼ਾਮ ਪੰਜਾਬੀ ਗਾਇਕ ਬੱਬੂ ਮਾਨ ਦਾ ਸ਼ੋਅ ਕੈਲਗਰੀ ਦੇ ਜੁਬਲੀ ਆਡੋਟੋਰੀਅਮ ਵਿੱਚ ਕਰਵਾਇਆ ਗਿਆ। ਲੈਗਯੂਰੀਆਂ ਹੋਮਜ਼ ਦੀ ਪੇਸ਼ਕਸ ਵੱਜੋਂ ਖੁਸ਼ ਸਿੱਧੂ, ਸ਼ਰਨ ਬਰਾੜ, ਰਾਜਿੰਦਰ ਜ਼ੀਰਾ ਅਤੇ ਕੁਲਵੀਰ ਸਲੀਨਾ ਹੋਰਾਂ ਦੀ ਟੀਮ ਦੇ ਉਪਰਾਲੇ ਨਾਲ ਸ਼ੋਅ 10 ਦਿਨ ਪਹਿਲਾਂ ਹੀ ਲੋਡ ਆਊਟ ਹੋ ਗਿਆ ਸੀ । ਤਕਰੀਬਨ 11 ਸਾਜ਼ਿੰਦਿਆਂ ਦੀ ਟੀਮ ਨਾਲ ਸਟੇਜ ਵੀ ਦਰਸਕਾਂ ਦੇ ਹਾਲ ਵਾਂਗ ਪੂਰੀ ਭਰੀ ਹੋਈ ਸੀ। ਆਪਣੇ ਨਵੇਂ ਪੁਰਾਣੇ ਗੀਤਾਂ ਅਤੇ ਕਿਸਾਨੀ ਮੋਰਚੇ ਦੀ ਬਾਤ ਪਾਉਂਦਿਆਂ ਬੱਬੂ ਮਾਨ ਹਾਜਰੀਨ ਦੀ ਨਬਜ਼ ਉੱਪਰ ਹੱਥ ਰੱਖਿਆ ਪਰ ਹਾਲ ਦੇ ਇੱਕ ਹਿੱਸੇ ਵਿੱਚੋਂ ਵੱਜਦੀਆਂ ਸੀਟੀਆਂ ਪ੍ਰਤੀ ਬੱਬੂ ਮਾਨ ਆਪਣੇ ਸੁਭਾਅ ਮੁਤਾਬਿਕ ਸ਼ੋਅ ਤੋਂ ਬਾਦ ਸੀਟੀ ਵਜਾਉਣ ਦੀ ਗੱਲ ਵੀ ਕਹਿ ਗਿਆ। ਮਹਿਫਿਲ ਮਿੱਤਰਾਂ ਦੀ , ਆਲ ਇੰਡੀਆਂ ਲਾਇਸੈਂਸ ਤੇਰੇ ਯਾਰ ਦਾ, ਕਾਲੇ ਕੁੜਤੇ ਚਾਦਰੇ ਤੇ ਨੀ ਜੱਟੀਏ ਲੱਗਿਆ ਬੈਨ ਸਰਕਾਰੀ ਵਰਗੇ ਗੀਤਾਂ ਨਾਲ ਪੇਸ਼ਕਾਰੀ ਕੀਤੀ । ਹਾਲ ਅੰਦਰ ਦਰਸਕਾਂ ਨੂੰ ਪਤਾ ਨਹੀਂ ਤਾਂ ਸਾਊਂਡ ਦੀ ਸਮੱਸਿਆ ਸੀ ਜਾਂ ਫਿਰ ਚਾਅ ਹੀ ਇੰਨਾ ਸੀ ਕਿ ਉਹ ਸੀਟੀਆਂ ਵਜਾਉਣੋ ਰੁਕ ਨਹੀਂ ਰਹੇ ਸੀ। ਇੱਕ ਨੌਜਵਾਨ ਨੂੰ ਜਦੋਂ ਬੱਬੂ ਮਾਨ ਨੇ ਸੀਟੀ ਨਾ ਬਜਾਉਣ ਨੂੰ ਕਿਹਾ ਤਾਂ ਅੱਗਿਓਂ ਨੌਜਵਾਨ ਲੋਰ ਵਿੱਚ ਬੋਲ ਰਿਹਾ ਸੀ ਅਖੇ ਬਾਈ ਬੱਬੂ ਤੇਰੇ ਆਉਣ ਦਾ ਚਾਅ ਈ ਬਾਹਲਾ ਐ ਚਾਰ ਸਾਲ ਬਾਦ ਆਇਐਂ ਤੂੰ। ਫਿਰ ਭਲਾਂ ਅਜਿਹੇ ਹਾਲਾਤਾਂ ਵਿੱਚ ਸੀਟੀਆਂ ਕਿਵੇਂ ਬੰਦ ਹੋ ਸਕਦੀਆਂ ਹਨ। ਹਰਨਾਮ ਸਿੰਘ ਸੰਧੂ ਦੀ ਅਗਵਾਈ ਹੇਠ ਪੰਜਾਬੀ ਫੋਕ ਡਾਂਸ ਸਕੂਲ ਕੈਲਗਰੀ ਦੇ ਬੱਚਿਆਂ ਨੇ ਭੰਗੜੇ ਵਾਲੀ ਕਮਾਲ ਕਰ ਦਿੱਤੀ । ਸਟੇਜ ਸੰਚਾਲਨ ਦੀ ਜਿੰਮੇਬਾਰੀ ਕੈਲਗਰੀ ਦੇ ਹੀ ਜਾਣੇ ਪਹਿਚਾਣੇ ਬੁਲਾਰੇ ਜਤਿੰਦਰ ਸਿੰਘ ਸਹੇੜੀ ਅਤੇ ਸਿਲਪੀ ਚਾਵਲਾ ਨੇ ਆਪੋ ਆਪਣੇ ਵੱਖਰੇ ਅੰਦਾਜ ਨਾਲ ਨਿਭਾਈ ।


SUPERVISA Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ



Harpinder Sidhu
REGIONAL MANAGER
403 404 3500
sidhu.harpinder@gmail.com

Pii Punjab Insurance Inc

ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ

SERVICES
- Life Insurance
- Mortgage Insurance
- Critical Illness Insurance
- Disability Insurance



Gurinder Chahal
MANAGER
587 707 7000
cgyquotes@gmail.com

A PLUS
- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।

A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜੇ ਵਿਚ)
Calgary (AB) T3J 5H2



Kewal Sangha
587 582 6666

A PLUS
- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸੰਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।

A Plus
Immigration & NRI Solutions
nriservicecalgary@gmail.com

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Mike Randev
R.Gill
Tel : (403) 273-8889
Fax : (403) 273-8812
Insurance Claims
Courtesy Cars
All Work Guaranteed
720 Moraine Road NE, Calgary, AB, T2A 2P3
Email: aclass@aclassautobady.ca

PROUDLY WESTERN CANADIAN
INNOVATIVE STONECRAFT
CRAFTED STONE VENEER
306.591.0670
PARMJOT MAAN
CANADIAN MADE
Your 1st choice for Manufactured STONE CLADDING needs in Residential & Commercial Projects.
FOLLOW US
1D, 820 51st St E
Saskatoon SK S7K0X8
FREE ESTIMATES
BEST PRICE GUARANTEED
We ship across Western Canada.
CALL NOW!
INFO@INNOVATIVESTONECRAFT.CA
WWW.INNOVATIVESTONECRAFT.CA

ਮੇਲਾ ਮਾਵਾਂ ਧੀਆਂ ਦਾ

# ਕੈਲਗਰੀ ਗਿੱਧਾ ਐਂਡ ਡਾਂਸ ਅਕੈਡਮੀ ਵੱਲੋਂ ਨਰਿੰਦਰ ਗਿੱਲ ਦੀ ਨਿਰਦੇਸ਼ਨਾ ਹੇਠ ਮਾਵਾਂ ਧੀਆਂ -ਸੱਸਾਂ ਨੂੰਹਾਂ ਨੇ ਖ਼ੂਬ ਰੌਣਕਾਂ ਲਾਈਆਂ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 8 ਮਈ ਵਾਲੇ ਦਿਨ ਕੈਲਗਰੀ ਦੇ ਜੁਬਲੀ ਬੈਂਕਿਇਟ ਹਾਲ ਵਿਖੇ ਨਰਿੰਦਰ ਗਿੱਲ ਅਤੇ ਹਰਜੀਤ ਗਿੱਲ ਦੀ ਟੀਮ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਚਲਦੇ ਆ ਰਹੇ ਮੇਲਾ ਮਾਵਾਂ ਧੀਆਂ ਦਾ ਆਯੋਜਿਨ ਕੀਤਾ ਗਿਆ। ਛੋਟੀ ਬੱਚੀ ਵੱਲੋਂ ਗਿੱਧੇ ਦੀ ਇੱਕ ਬੋਲੀ ਨਾਲ ਸੂਰੂ ਹੋਈ ਮੇਲੇ ਦੀ ਰੌਣਕ ਮੁਟਿਆਰਾਂ ਅਤੇ ਬੁੱਢੀਆਂ ਮਾਤਾਵਾਂ ਦੇ ਗਿੱਧੇ ਦੀ ਧਮਾਲ ਵਿੱਚ ਬਦਲ ਗਈ। ਮਾਵਾਂ ਧੀਆਂ-ਨੂੰਹਾਂ ਸੱਸਾਂ ਜਦੋਂ ਇੱਕੋ ਮੰਚ ਉੱਪਰ ਬੋਲੀਆਂ ਪਾਕੇ ਆਪਸੀ ਪਿਆਰ ਦਾ ਪ੍ਰਗਟਾਵਾ ਕਰ ਰਹੀਆਂ ਸਨ ਤਾਂ ਕਨੇਡਾ ਦੀ ਧਰਤੀ ਉੱਪਰ ਵੱਸਿਆ ਪੰਜਾਬ ਰੰਗਲੇ ਪੰਜਾਬ ਦੀ ਝਲਕ ਪੇਸ਼ ਕਰ ਰਿਹਾ ਸੀ। ਬਜੁਰਗ ਮਾਵਾਂ ਨੂੰ ਮੰਚ ਉੱਪਰ ਬੁਲਾਕੇ ਸਨਮਾਨ ਦਿੱਤਾ ਗਿਆ। 80 ਸਾਲ ਦੀ ਇੱਕ ਬਜੁਰਗ ਮਾਤਾ ਜੋ ਕਿ ਹਾਲ ਤੱਕ ਤਾਂ ਪੁੱਜ ਗਈ ਸੀ ਪਰ ਉਸ ਵੱਲੋਂ ਮੰਚ ਉੱਪਰ ਚੜਿਆ ਜਾਣਾ ਔਖਾ ਸੀ ਤਾਂ ਉਸ ਨੂੰ ਭੀੜ ਦੇ ਵਿੱਚ ਬੈਠੀ ਨੂੰ ਹੀ ਸਨਮਾਨ ਪੁੱਜਦਾ ਕੀਤਾ ਗਿਆ। ਡਾਕਟਰ ਬਲਵਿੰਦਰ ਕੌਰ ਬਰਾੜ ਦੇ ਪ੍ਰਭਾਵਸਾਲੀ ਬੋਲਾਂ ,ਗੁਰਚਰਨ ਕੌਰ ਥਿੰਦ ਦੀਆਂ ਹੱਡਬੀਤੀਆਂ ਅਤੇ ਕਮਲਪ੍ਰੀਤ ਕੌਰ ਪੰਧੇਰ ਦੀਆਂ ਖ਼ਰਵੀਆਂ ਪਰ ਸੱਚੀਆਂ ਗੱਲਾਂ ਉੱਪਰ ਹਾਲ ਅੰਦਰ ਤਾੜੀਆਂ ਵਜਦੀਆਂ ਰਹੀਆਂ।

ਲੱਕੀ ਡਰਾਅ ਕੱਢਣ ਵਾਲੇ ਮਾਹੌਲ ਨੇ ਮੇਲੇ ਦੀ ਖਿੱਚ ਨੂੰ ਬਰਕਰਾਰ ਰੱਖਿਆ। ਪੰਜ ਛੇ ਘੰਟੇ ਚੱਲੇ ਇਸ ਸਮਾਗਮ ਲਈ ਕੈਲਗਰੀ ਸਹਿਰ ਦੀਆਂ ਸਮੁੱਚੀਆਂ ਮਾਵਾਂ ਭੈਣਾਂ ਜਿਹਨਾਂ ਨੇ ਇਸ ਮੇਲੇ ਵਿੱਚ ਹਾਜਰੀ ਭਰੀ, ਉਹਨਾਂ ਦਾ ਮੇਲੇ ਦੀ ਸੰਚਾਲਕ ਨਰਿੰਦਰ ਗਿੱਲ ਨੇ ਵਿਸੇਸ ਧੰਨਵਾਦ ਕੀਤਾ।

## ਬੈਂਕ ਵਿੱਚ ਆਏ ਆਪਣੇ ਗਾਹਕ ਦਾਦੇ ਪੋਤੀ ਨੂੰ ਸ਼ੱਕੀ ਸਮਝਦਿਆਂ ਬੈਂਕ ਨੂੰ ਪੁਲਿਸ ਸੱਦਣੀ ਮਹਿੰਗੀ ਪਈ




ਵੈਨਕੋਵਰ (ਪੰਜਾਬੀ ਅਖ਼ਬਾਰ ਬਿਊਰੋ) ਦੋ ਸਾਲ ਪਹਿਲਾਂ ਵੈਨਕੂਵਰ ਵਿੱਚ ਸਥਿੱਤ ਬੀ ਐਮ ਓ ਬੈਂਕ ਦੀ ਬ੍ਰਾਂਚ ਵਿੱਚ ਇੱਕ ਮੂਲਵਾਸੀ ਭਾਈਚਾਰੇ ਦੇ ਵਿਅਕਤੀ ਅਤੇ ਉਸ ਦੀ ਚੌਦਾਂ ਸਾਲਾ ਪੋਤਰੀ ਨੂੰ ਹੱਥਕੜੀਆਂ ਲਗਾਉਣ ਦੇ ਮਾਮਲੇ ਵਿੱਚ ਬੀਐਮ- ਬੈਂਕ ਅਤੇ ਮੂਲਵਾਸੀ ਭਾਈਚਾਰੇ ਦੇ ਮੈਕਸਵੈੱਲ ਜੌਹਨਸਨ ਅਤੇ ਉਸ ਦੀ ਪੋਤਰੀ ਵਿਚਾਲੇ ਇੱਕ ਸਮਝੌਤਾ ਸਿਰੇ ਚੜ੍ਹ ਗਿਆ ਹੈ ਜਿਸ ਤਹਿਤ ਬੀ ਐਮ ਓ ਵੱਲੋਂ ਇੱਕ ਅਣਦੱਸੀ ਰਾਸ਼ੀ ਸਮਝੌਤੇ ਦੇ ਰੂਪ ਵਿੱਚ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਬੀ ਐਮ ਓ ਵੱਲੋਂ ਇੱਕ ਨਿੱਜੀ ਮਾਫੀ ਸਮਾਗਮ ਵਿੱਚ ਸ਼ਿਰਕਤ ਵੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਬੀ ਐਮ ਓ ਵੱਲੋਂ ਜਾਨਸਨ ਵੱਲੋਂ ਤਿਆਰ ਕਲਾਕ੍ਰਿਤੀ ਬੈਂਕ ਦੀ ਉਸ ਬਰਾਂਚ ਵਿੱਚ ਲਗਾਈ ਜਾਵੇਗੀ ਜਿੱਥੇ ਇਸ ਦਾਦੇ ਪੋਤੀ ਦੇ ਨਾਲ ਇਹ ਧੱਕਾ ਹੋਇਆ ਸੀ। ਇਹ ਮਾਮਲਾ 20 ਦਸੰਬਰ 2019 ਦਾ ਹੈ ਜਦੋਂ ਜਾਨਸਨ ਆਪਣੀ ਪੋਤਰੀ ਜਿਸ ਦੀ ਉਮਰ ਉਸ ਵਕਤ ਬਾਰਾਂ ਸਾਲ ਸੀ ਨਾਲ ਬੈਂਕ ਵਿੱਚ ਗਿਆ ਸੀ ਤਾਂ ਬੈਂਕ ਦੇ ਇਕ ਕਰਮਚਾਰੀ ਨੇ ਉਨ੍ਹਾਂ ਦੇ ਮੂਲਵਾਸੀ ਹੋਣ ਸਬੰਧੀ ਦਸਤਾਵੇਜ਼ ਨੂੰ ਜਾਅਲੀ ਕਹਿੰਦਿਆਂ ਹੋਇਆ ਪੁਲੀਸ ਨੂੰ ਕਾਲ ਕਰ ਦਿੱਤੀ ਸੀ। ਜਿਸ ਤੋਂ ਬਾਅਦ ਪੁਲੀਸ ਨੇ ਆ ਕੇ ਦਾਦੇ ਪੋਤੀ ਨੂੰ ਹੱਥਕੜੀਆਂ ਲਗਾ ਦਿੱਤੀਆਂ ਸਨ ਬਾਅਦ ਵਿੱਚ ਜਾਂਚ ਵਿੱਚ ਇਹ ਸਾਹਮਣੇ ਆਇਆ ਕਿ ਉਨ੍ਹਾਂ ਦੇ ਦਸਤਾਵੇਜ਼ ਸਹੀ ਸਨ। ਉਨ੍ਹਾਂ ਦੀ ਗ੍ਰਿਫਤਾਰੀ ਗ਼ਲਤ ਢੰਗ ਨਾਲ ਕੀਤੀ ਗਈ ਅਤੇ ਸਹੀ ਵਤੀਰਾ ਨਹੀਂ ਕੀਤਾ ਗਿਆ। ਜੌਹਨਸਨ ਨੇ ਬੈਂਕ ਨਾਲ ਸਮਝੌਤੇ ਤੋਂ ਬਾਅਦ ਉਸ ਬ੍ਰਾਂਚ ਜਿੱਥੇ ਉਨ੍ਹਾਂ ਨਾਲ ਇਹ ਵਤੀਰਾ ਹੋਇਆ ਵਿਚੋਂ ਆਪਣਾ ਖਾਤਾ ਵੀ ਬੰਦ ਕਰ ਦਿੱਤਾ ਜਿਸ ਵਕਤ ਜਾਨਸਨ ਵੱਲੋਂ ਖਾਤਾ ਬੰਦ ਕੀਤਾ ਜਾ ਰਿਹਾ ਸੀ ਤਾਂ ਬੈਂਕ ਦੇ ਬਾਹਰ ਮੂਲਵਾਸੀ ਭਾਈਚਾਰੇ ਦੇ ਲੋਕ ਉਸ ਦੇ ਸਮਰਥਨ ਵਿੱਚ ਮੌਜੂਦ ਸਨ।

## ਜਦੋਂ ਤੁਹਾਡੇ ਫੋਨਾਂ ਉੱਪਰ ਅਚਾਨਕ ਹੀ ਟੂੰਅ-ਟੂੰਅ ਹੋਣ ਲੱਗ ਪਈ ਸੀ ,ਉਹ ਐਮਰਜੈਂਸੀ ਅਲਾਰਮ ਦੀ ਚੈਕਿੰਗ ਸੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 4 ਮਈ ਨੂੰ ਕੈਨੇਡਾ ਦੇ ਜ਼ਿਆਦਾਤਰ ਹਿੱਸਿਆਂ ਵਿਚ ਇੱਕ ਵਾਰ ਫਿਰ ਤੋਂ ਐਮਰਜੈਂਸੀ ਅਲਰਟ ਦਾ ਟੈਸਟ ਕੀਤਾ ਗਿਆ। ਇਸ ਟੈਸਟ ਵਿੱਚ ਰੇਡੀ? ਟੈਲੀਵਿਜ਼ਨ ਅਤੇ ਕੰਪੈਟੇਬਲ ਵਾਇਰਲੈਸ ਡਿਵਾਈਸ ਉੱਪਰ ਅਲਰਟ ਭੇਜੇ ਗਏ। ਵਰਨਣਯੋਗ ਹੈ ਕਿ ਪਿਛਲੇ ਸਾਲ ਪੂਰੇ ਕੈਨੇਡਾ ਵਿੱਚ ਜੰਗਲੀ ਅੱਗਾਂ, ਟਰਨੈਡੋਜ਼, ਹੜ੍ਹਾਂ, ਐਂਬਰ ਅਲਰਟ, ਸਿਵਲ ਐਮਰਜੈਂਸੀ, ਪੁਲੀਸ ਐਮਰਜੈਂਸੀ ਅਤੇ ਪੀਣ ਵਾਲੇ ਪਾਣੀ ਸੰਬੰਧੀ ਚਿਤਾਵਨੀ ਦੀਆਂ 173 ਵਾਰਨਿੰਗਾਂ ਇਸ ਅਲਰਟ ਜ਼ਰੀਏ




ਭੇਜੀਆਂ ਗਈਆਂ ਸਨ। ਇਸ ਸਾਲ ਹੁਣ ਤਕ 12 ਵਾਰ ਇਹ ਅਲਰਟ ਭੇਜੇ ਗਏ ਹਨ ਜਿਨ੍ਹਾਂ ਚੋਂ ਜ਼ਿਆਦਾਤਰ ਬੱਚਿਆਂ ਦੇ ਗੁੰਮ ਹੋਣ ਬਾਰੇ ਸਨ। ਇਹ ਟੈਸਟ ਉਸ ਦਿਨ 4 ਮਈ ਨੂੰ ਇਸ ਕਾਰਨ ਕੀਤਾ ਗਿਆ ਕਿ ਲੋਕ ਅਸਲ ਸਥਿਤੀ ਆਉਣ ਤੇ ਕਿੰਨੇ ਤਿਆਰ ਹੁੰਦੇ ਹਨ। ਇਸ ਅਲਰਟ ਦੀ ਟੈਸਟ ਪ੍ਰਕਿਰਿਆ ਚੋਂ ਓਂਟਾਰੀਓ ਕਿਊਬੈਕ ਮੈਨੀਟੋਬਾ ਅਤੇ ਨੋਵਾ ਸਕੋਸ਼ੀਆ ਬਾਹਰ ਰਹੇ ਸਨ ਜਦਕਿ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਵੱਖ ਵੱਖ ਸਮਿਆਂ ਤੇ ਇਹ ਅਲਰਟ ਟੈਸਟ ਕੀਤੇ ਗਏ।

ਗੱਭਰੂਆਂ ਲਈ ਹਰ ਸਾਈਜ਼ ਦੇ
ਕੁੜਤੇ ਪਜਾਮੇ ਅਤੇ ਬੀਬੀਆਂ ਭੈਣਾਂ ਲਈ ਨਵੇਂ ਨਵੇਂ
ਡਿਜ਼ਾਇਨਾਂ ਦੇ ਸੂਟ ਦੇਸੀ ਬਜ਼ਾਰ ਕੈਲਗਰੀ ਵਾਲੇ ਪਲਾਜੇ
ਵਿੱਚ ਵਿਗ ਫੈਸ਼ਨ 159-5120 47 ਸਟਰੀਟ NE
ਨਵੇਂ ਖੁੱਲੇ ਸਟੋਰ ਉਪਰੋਂ ਮਿਲਦੇ ਹਨ।
ਫੋਨ: 403 590 5620

## ਕੂੜੇਦਾਨ ਵਿੱਚੋਂ ਬੱਚੀ ਦੀ ਲਾਸ਼ ਮਿਲੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਟੋਰਾਂਟੋ ਦੀ ਇੱਕ ਕੰਸਟਰੱਕਸ਼ਨ ਸਾਈਡ ਤੇ ਪਏ ਇੱਕ ਡੈਂਪਸਟਰ ਜਾਂ ਕੂੜੇਦਾਨ ਵਿੱਚੋਂ ਇੱਕ ਬੱਚੀ ਦੀ ਲਾਸ਼ ਮਿਲੀ ਸੀ, ਜਿਸ ਸਬੰਧੀ ਪੋਸਟ ਮਾਰਟਮ ਉਪਰੰਤ ਪੁਲੀਸ ਨੇ ਅਹਿਮ ਖੁਲਾਸੇ ਕਰਦਿਆਂ ਆਖਿਆ ਹੈ ਕਿ ਇਸ ਬੱਚੀ ਦੀ ਮੌਤ ਪਿਛਲੇ ਸਾਲ ਗਰਮੀਆਂ ਦੇ ਦੌਰਾਨ ਹੋਈ ਹੋ ਸਕਦੀ ਹੈ। ਇਹ ਲੜਕੀ ਸਿਆਹ ਮੂਲ ਦੀ ਦੱਸੀ ਜਾ ਰਹੀ ਹੈ ਜਿਸ ਦੀ ਉਮਰ ਚਾਰ ਤੋਂ ਸੱਤ ਸਾਲ ਹੋ ਸਕਦੀ ਹੈ। ਪੁਲੀਸ ਅਨੁਸਾਰ ਇਸ ਡੈਂਪਸਟਰ ਵਿੱਚ ਬੱਚੀ ਦੀ ਲਾਸ਼ 28 ਅਪਰੈਲ ਤੋਂ 2 ਮਈ ਦੇ ਵਿਚਾਲੇ ਸੁੱਟੇ ਜਾਣ ਦਾ ਖ਼ਦਸ਼ਾ ਹੈ ਪੁਲੀਸ ਵੱਲੋਂ ਹੁਣ ਇਸ ਮਾਮਲੇ ਚ ਲੋਕਾਂ ਦੇ ਸਹਿਯੋਗ ਦੀ ਮੰਗ ਕੀਤੀ ਜਾ ਰਹੀ ਹੈ ਕਿ ਜੇਕਰ ਕਿਸੇ ਨੂੰ ਕੋਈ ਜਾਣਕਾਰੀ ਹੋਵੇ ਤਾਂ ਪੁਲੀਸ ਨਾਲ ਸਾਂਝੀ ਕੀਤੀ ਜਾਵੇ ਇੱਥੇ ਇਹ ਦੱਸਣਾ ਬਣਦਾ ਹੈ ਕਿ ਪੁਲੀਸ ਨੂੰ ਕੈਂਸਲ ਫਰੈਂਕ ਰੋਡ ਅਤੇ ਡੇਲ ਐਵੀਨਿਊ ਏਰੀਆ ਵਿੱਚ ਇਸ ਬੱਚੀ ਦੀ ਲਾਸ਼ ਮਿਲੀ ਸੀ ਜੋ ਕਰੋਸ਼ੀਏ ਨਾਲ ਤਿਆਰ ਕੱਪੜੇ ਵਿੱਚ ਲਪੇਟ ਕੇ ਫਿਰ ਉਸ ਨੂੰ ਪਲਾਸਟਿਕ ਦੇ ਬੈਗ ਵਿਚ ਪਾਇਆ ਗਿਆ ਸੀ ਅਤੇ ਪਲਾਸਟਿਕ ਦੇ ਬੈਗ ਨੂੰ ਇੱਕ ਰੰਗਦਾਰ ਕੰਬਲ ਵਿੱਚ ਲਪੇਟਿਆ ਹੋਇਆ ਸੀ।

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ
ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ

Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1


PUNJABI SWEETS
HOUSE & RESTAURANT
TAKE OUT
We do catering also
FAST & BEST FRIENDLY SERVICE
ALL KINDS OF SWEETS NON-VEG & VEGI FOOD
Open 7 Days a Week
403-293-5252
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Bay 113 216 Saddle Towne Cir. N.E. T3J 0C9


An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ

ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

# ਲੋਕ ਗਾਇਕ ਕੰਵਰ ਗਰੇਵਾਲ ਨੇ ਲਗਾਤਾਰ ਤਿੰਨ ਘੰਟੇ ਕੈਲਗਰੀ ਵਾਸੀ ਕੀਲ ਕੇ ਬਿਠਾਈ ਰੱਖੇ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 14 ਮਈ ਦੀ ਸ਼ਾਮ ਕੈਲਗਰੀ ਦੇ ਜੈਨੇਸਿਸ ਸੈਂਟਰ ਵਿਖੇ ਜੇ ਐਚ ਐਚ ਟਰਾਂਸਪੋਰਟ ਵਾਲੇ ਗੁਰਸ਼ਰਨ ਜੱਸੜ,ਜੇ ਐਸ ਟਿੰਮੀ ਅਤੇ ਉਹਨਾਂ ਦੀ ਸਹਿਯੋਗੀ ਟੀਮ ਵੱਲੋਂ ਕਰਵਾਏ ਗਏ ਕੰਵਰ ਗਰੇਵਾਲ ਦੇ ਫਤਿਹ ਟੂਰ 2022 ਦੇ ਸੱਭਿਆਚਾਰਕ ਸ਼ੋਅ ਦਾ ਕੈਲਗਰੀ ਵਾਸੀਆਂ ਨੇ ਖ਼ੂਬ ਆਨੰਦ ਮਾਣਿਆ। ਭਾਵੇਂ ਸ਼ੋਅ ਪਹਿਲਾਂ ਹੀ ਸੋਲਡ ਆਊਟ ਹੋ ਚੁੱਕਾ ਸੀ ਪਰ ਫਿਰ ਵੀ ਨਗਰ ਕੀਰਤਨ ਦੌਰਾਨ ਗੁਰੂਘਰ ਦੀ ਪ੍ਰੇਰੀਵਿੰਡਜ਼ ਪਾਰਕ ਦੀ ਸਟੇਜ ਉਪਰੋਂ ਸ਼ੋਅ ਦੇ ਪਰਮੋਟਰ ਗੁਰਸ਼ਰਨ ਜੱਸੜ ਨੇ ਵੱਡੇ ਦਿਲ ਨਾਲ ਇਹ ਐਲਾਨ ਕਰ ਦਿੱਤਾ ਸੀ ਕਿ ਜਿਹੜਾ ਵੀ ਸ਼ੋਅ ਦੇਖਣ ਆਉਣਾ ਚਾਹੁੰਦਾ ਹੈ ਉਹ ਆ ਸਕਦਾ ਹੈ ਕੋਈ ਟਿਕਟ ਨਹੀਂ ਹੋਵੇਗੀ ,ਕੰਧਾਂ ਨਾਲ ਖੜ੍ਹਕੇ ਦੇਖ ਸਕਦੇ ਹੋ ਕੁਰਸੀਆਂ ਤਾਂ ਨਹੀਂ ਮਿਲਣੀਆਂ । ਕੰਵਰ ਸਕਿਓਰਿਟੀ ਦੀਆਂ ਹੱਦਾਂ ਬੰਨੇ ਤੋੜਦਾ ਹੋਇਆ ਸਟੇਜ ਉਪਰੋਂ ਕਿੰਨੇ ਵਾਰ ਹੀ ਗਾਉਂਦਾ ਗਾਉਂਦਾ ਲੋਕਾਂ ਵਿੱਚ ਚਲਾ ਜਾਂਦਾ ਸੀ ਸਾਇਦ ਇਹੀ ਕਾਰਣ ਸੀ ਕਿ ਲੋਕਾਂ ਨੂੰ ਉਹ ਆਪਣਾ ਗਾਇਕ ਲੱਗਦਾ ਹੈ। ਸਟੇਜ ਉਪਰੋਂ ਇੱਕ ਵੀ ਸ਼ਬਦ ਅਜਿਹਾ ਨਹੀਂ ਬੋਲਿਆ ਜਿਹੜਾ ਅਸੀਂ ਆਪਣੇ ਪਰਿਵਾਰ ਵਿੱਚ ਬੈਠਕੇ ਨਾ ਸੁਣ ਸਕਦੇ ਹੋਈਏ । ਬੁੱਢੇ ਬਾਪੂ ਅਤੇ ਬੁੱਢੀਆਂ ਮਾਵਾਂ ਦੀਆਂ ਟੋਲੀਆਂ ਆਸੀਸ ਦੇ ਰੂਪ ਵਿੱਚ ਸਟੇਜ ਵੱਲ ਆਉਂਦੀਆਂ ਸਨ ਅਤੇ ਸਤਿਕਾਰ ਨਾਲ ਡਾਲਰਾਂ ਦਾ ਮਾਣ ਬਖਸਦੀਆਂ ਹੋਈਆਂ ਵਾਪਿਸ ਆ ਆਪਣੀ ਸੀਟ ਉੱਪਰ ਬੈਠ ਜਾਂਦੀਆਂ ਸਨ। ਦੁੱਧਾਂ ਨਾਲ ਪੁੱਤ ਪਾਲਕੇ ਪਿੱਛੋਂ ਪਾਣੀ ਨੂੰ ਤਰਸਦੀਆਂ ਮਾਵਾਂ, ਦੇਖ ਭਾਈ ਬਾਲਿਆ ਰੰਗ ਕਰਤਾਰ ਦੇ,ਨੱਚਣਾ ਪੈਂਦਾ ਐ, ਪੇਚਾ ਪੈ ਗਿਆ ਸੈਂਟਰ ਨਾਲ ਜਿਹੇ ਚਰਚਿਤ ਗੀਤਾਂ ਦੇ ਬੋਲ ਹਾਲ ਅੰਦਰ ਪੁੱਜੇ ਦਰਸਕਾਂ ਦੀ ਸੰਗੀਤਕ ਭੁੱਖ ਨੂੰ ਲਗਾਤਾਰ ਤਿੰਨ ਘੰਟੇ ਬਿਨਾ ਕਿਸੇ ਬਰੇਕ ਦੇ,ਪੂਰਾ ਕਰਦੇ ਰਹੇ। ਗੁਰਸ਼ਰਨ ਜੱਸੜ, ਜੇ ਐਸ ਟਿੰਮੀ ਅਤੇ ਉਹਨਾਂ ਦੀ ਸਮੁੱਚੀ ਟੀਮ ਇਸ ਲਈ ਵਧਾਈ ਦੀ ਹੱਕਦਾਰ ਹੈ ਉਮੀਦ ਹੈ ਕਿ ਉਹ ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਕਰਦੇ ਰਹਿਣਗੇ।

# ਐਡਮੰਟਨ ਦੇ ਆਪ ਵਰਕਰਾਂ ਨੇ ਪਿਕਨਿਕ ਬਹਾਨੇ ਪੰਜਾਬ ਵਿੱਚ ਆਪਣੀ ਪਾਰਟੀ ਦੀ ਸਰਕਾਰ ਬਣਨ ਉਪਰੰਤ ਖੁਸ਼ੀ ਮਨਾਈ



ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਆਮ ਆਦਮੀ ਪਾਰਟੀ ਨਾਲ ਐਡਮੰਟਨ ਤੋਂ ਜੁੜੇ ਸਰਗਰਮ ਵਰਕਰਾਂ ਵੱਲੋ ਪੰਜਾਬ ਵਿੱਚ ਆਪ ਦੀ ਸਰਕਾਰ ਬਣਨ ਦੀ ਖੁਸ਼ੀ ਵਿੱਚ ਜੈਕੀ ਪਾਰਕ ਵਿਖੇ ਪਿਕਨਿਕ ਦਾ ਆਯੋਜਨ ਕੀਤਾ ਗਿਆ । ਇਸ ਪਿਕਨਿਕ ਦੌਰਾਨ ਪਰਿਵਾਰਾ ਦੀ ਆਪਸੀ ਮਿਲਣੀ ਵੀ ਹੋ ਗਈ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਉਪਰੰਤ ਖੁਸ਼ੀ ਦਾ ਇਜ਼ਹਾਰ ਕਰਨ ਦਾ ਸਬੱਬ ਵੀ ਬਣ ਗਿਆ। ਇਸ ਮੌਕੇ ਪਾਰਟੀ ਦੀਆਂ ਸਰਗਰਮੀਆਂ ਬਾਰੇ ਆਪਸੀ ਵਿਚਾਰ ਚਰਚਾ ਹੋਈ । ਸਾਰਿਆ ਨੇ ਰਲਮਿਲ ਕੇ ਵੱਖ ਵੱਖ ਮਨੋਰੰਜਨ ਦੀਆਂ ਖੇਡਾਂ ਖੇਡੀਆਂ ਤੇ ਨਾਲ ਨਾਲ ਗਰਮਾ ਗਰਮ ਬਾਰਬੀਕਿਊ ਤੋ ਇਲਾਵਾ ਖਾਣ ਪੀਣ ਦਾ ਪੂਰਾ ਪ੍ਰਬੰਧ ਸੀ ।

# ਰੋਡ ਰੇਜ ਗੋਲੀਬਾਰੀ ਦੌਰਾਨ ਬੇਕਸੂਰ ਪੰਜ ਬੱਚਿਆਂ ਦੀ ਮੌਕੇ ਉੱਪਰ ਹੀ ਮੌਤ ਦੇ ਮੂੰਹ ਜਾ ਪਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਕੈਲਗਰੀ ਦੇ ਫਾਰੈਸਟਰ ਲਾਨ ਵਿੱਚ ਰੋਡ ਰੇਜ ਤਹਿਤ ਹੋਈ ਗੋਲੀਬਾਰੀ ਵਿੱਚ ਇੱਕ ਬੇਗੁਨਾਹ ਔਰਤ ਦੀ ਮੌਤ ਹੋ ਗਈ ਸੀ । 36 ਸਟਰੀਟ ਅਤੇ 17 ਐਵਨਿਊ ਦੇ ਨੇੜੇ ਵਾਪਰੇ ਇਸ ਹਾਦਸੇ ਸਬੰਧੀ ਗਵਾਹਾਂ ਦਾ ਕਹਿਣਾਂ ਹੈ ਕਿ 10 ਮਈ ਦੀ ਰਾਤ ਲਾਲ ਰੰਗ ਦੀ ਸੈਵਰਲੇਟ ਸਿਲਵੇਰਾਡੋ ਅਤੇ ਸਲੇਟੀ ਰੰਗ ਦੀ ਵੋਕਸਵਾਗਨ ਜੇਟਾ ਵਿੱਚ ਸਵਾਰਾਂ ਵੱਲੋਂ ਇੱਕ ਦੂਜੇ ਉੱਪਰ ਗੋਲੀਆਂ ਚਲਾਈਆਂ ਗਈਆਂ । ਜੇਟਾ ਕਾਰ 17 ਐਵਨਿਊ ਉੱਪਰ ਦੋ ਹੋਰ ਵਾਹਨਾ ਨਾਲ ਟਕਰਾ ਗਈ । ਹਾਦਸਾ ਗ੍ਰਸਤ ਇਹਨਾਂ ਗੱਡੀਆਂ ਵਿੱਚੋਂ ਸਿਲਵਰ ਰੰਗ ਦੀ ਵੈਨ ਚਲਾ ਰਹੀ ਮੈਕੈਂਜੀ ਦੀ ਮੌਕੇ ਉੱਪਰ ਹੀ ਮੌਤ ਹੋ ਗਈ । ਮਾਰੀ ਗਈ ਇਹ ਔਰਤ ਜੋ ਕਿ ਪੰਜ ਬੱਚਿਆਂ ਦੀ ਮਾਂ ਸੀ ਦੀ ਮੌਤ ਤੋਂ ਬਾਅਦ ਸ਼ਹਿਰ ਵਾਸੀ ਸਦਮੇ ਵਿੱਚ ਹਨ ਅਤੇ ਹੁਣ ਇਸ ਔਰਤ ਦੇ ਪਰਿਵਾਰ ਲਈ ਫੰਡ ਇਕੱਤਰ ਕੀਤਾ ਜਾ ਰਿਹਾ ਹੈ ਅਤੇ ਆਖ਼ਰੀ ਖ਼ਬਰਾਂ ਮਿਲਣ ਤੱਕ ਲੋਕ ਵੱਡੀ ਗਿਣਤੀ ਵਿੱਚ ਇਸ ਫੰਡ ਇਕੱਤਰ ਕਰਨ ਦੀ ਮੁਹਿੰਮ ਨਾਲ ਜੁੜ ਕੇ ਦਾਨ ਕਰ ਰਹੇ ਹਨ । ਇਹ ਖ਼ਬਰ ਇਸ ਜਾਣਕਾਰੀ ਨਾਲ ਹੋਰ ਵੀ ਦੁਖਦਾਈ ਬਣ ਜਾਂਦੀ ਹੈ ਕਿ ਇਸ ਔਰਤ ਦੇ ਘਰਵਾਲੇ 5 ਬੱਚਿਆਂ ਦੀ ਪਿਤਾ ਦੀ ਮੌਤ ਇਸੇ ਸਾਲ ਫਰਵਰੀ ਮਹੀਨੇ ਹੋਈ ਸੀ ,ਜਿਸ ਕਾਰਣ ਪਰਿਵਾਰ ਦੇ ਮੈਂਬਰ ਹਾਲੇ ਪਿਛਲੇ ਸਦਮੇ ਵਿੱਚੋਂ ਬਾਹਰ ਨਹੀਂ ਆਏ ਸਨ ਕਿ ਉੱਤੋਂ ਅਹਿ ਅਣਹੋਣੀ ਵਰਤ ਗਈ ।ਪੁਲਿਸ ਵੱਲੋਂ ਦੋਸੀਆਂ ਨੂੰ ਲੱਭਣ ਲਈ ਲੋਕਾਂ ਕੋਲੋ ਸਹਿਯੋਗ ਮੰਗਿਆ ਜਾ ਰਿਹਾ ਹੈ।



## ਸ਼ਾਹਬਾਜ਼ ਸ਼ਰੀਫ ਨੇ ਲੰਡਨ ਵਿੱਚ ਕੀਤੀ ਨਵਾਜ਼ ਸ਼ਰੀਫ ਨਾਲ ਮੁਲਾਕਾਤ

ਇਸਲਾਮਾਬਾਦ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਆਪਣੇ ਵੱਡੇ ਭਰਾ ਤੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨਾਲ ਲੰਡਨ ਵਿੱਚ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਸਿਆਸੀ, ਆਰਥਿਕ ਅਤੇ ਪ੍ਰਸ਼ਾਸਨਿਕ ਮੁੱਦਿਆਂ ਤੋਂ ਜਾਣੂ ਕਰਵਾਇਆ ।ਸ਼ਾਹਬਾਜ਼ ਆਪਣੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐੱਮਐੱਲ-ਐੱਨ) ਦੇ ਸੀਨੀਅਰ ਮੈਂਬਰਾਂ ਨਾਲ ਇੱਕ ਨਿੱਜੀ ਯਾਤਰਾ 'ਤੇ ਲੰਡਨ ਪਹੁੰਚੇ। ਸੂਚਨਾ ਮੰਤਰੀ ਮਰੀਅਮ ਔਰੰਗਜ਼ੇਬ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਮੀਟਿੰਗ ਵਿੱਚ ਪਿਛਲੇ ਮਹੀਨੇ ਸੱਤਾ ਵਿੱਚ ਆਉਣ ਦੇ ਬਾਅਦ ਤੋਂ ਸਰਕਾਰ ਵੱਲੋਂ ਉਠਾਏ ਗਏ ਕਦਮਾਂ ਬਾਰੇ ਵਿਸਥਾਰ ਵਿੱਚ ਗੱਲਬਾਤ ਕੀਤੀ ਗਈ।

# ਓਨਟਾਰੀਓ ਚੋਣਾਂ ਦੇ ਪ੍ਰਚਾਰ ਦੌਰਾਨ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਵੱਡੇ ਵੱਡੇ ਵਾਅਦਿਆਂ ਦਾ ਸਿਲਸਿਲਾ ਜਾਰੀ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਦੋ ਜੂਨ ਨੂੰ ਹੋ ਰਹੀਆਂ -ਟਾਰੀ- ਦੀਆਂ ਵਿਧਾਨ ਸਭਾ ਚੋਣਾਂ ਲਈ ਚੱਲ ਰਹੇ ਚੋਣ ਪ੍ਰਚਾਰ ਦੇ ਦੌਰਾਨ -ਟੈਰੀ- ਐਨਡੀਪੀ ਲੀਡਰ ਐਂਡਰੀਆ ਹੌਰਵਥ ਨੇ ਵਾਅਦਾ ਕੀਤਾ ਕਿ ਜੇਕਰ ਉਨ੍ਹਾਂ ਦੀ ਪਾਰਟੀ ਸੱਤਾ ਵਿੱਚ ਆਉਂਦੀ ਹੈ ਤਾਂ ਹੋਮ ਕੇਅਰ ਦੀ ਮਦਦ ਵਧਾਉਣ ਲਈ ਇੱਕ ਬਿਲੀਅਨ ਡਾਲਰ ਨਿਵੇਸ਼ ਕੀਤੇ ਜਾਣਗੇ ਅਤੇ ਇਸ ਦੇ ਨਾਲ ਹੀ ਬਜ਼ੁਰਗਾਂ ਦੇ ਪ੍ਰਾਪਰਟੀ ਟੈਕਸ ਨੂੰ ਮੁਲਤਵੀ ਕੀਤਾ ਜਾਵੇਗਾ ਜਿਸ ਨਾਲ ਲਗਪਗ ਪੌਣੇ ਚਾਰ ਸੌ ਡਾਲਰ ਪ੍ਰਤੀ ਮਹੀਨਾ ਦੀ ਮੱਦਦ ਬਜ਼ੁਰਗਾਂ ਨੂੰ ਮਿਲੇਗੀ । ਉੱਧਰ ਪ੍ਰੀਮੀਅਰ ਡੱਗ ਫੋਰਡ ਵਿੰਡਸਰ ਵਿਚ ਮੌਜੂਦ ਸਨ ਜਿੱਥੇ ਉਨ੍ਹਾਂ ਨੇ ਆਪਣੀ ਸਰਕਾਰ ਦੇ ਕਾਰਜਕਾਲ ਵੇਲੇ ਆਟੋ ਇੰਡਸਟਰੀ ਵਿਚ ਵੱਖ ਵੱਖ ਕੰਪਨੀਆਂ ਵੱਲੋਂ ਕੀਤੇ ਜਾ ਰਹੇ ਨਿਵੇਸ਼ ਦਾ ਜ਼ਿਕਰ ਕੀਤਾ ਜਿਸ ਨਾਲ ਸੈਂਕੜੇ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ ਇਸ ਦੇ ਨਾਲ ਹੀ ਉਨ੍ਹਾਂ ਨੇ ਆਖਿਆ ਕਿ ਸੂਬੇ ਵਿੱਚ ਹੋ ਰਹੇ ਨਿਵੇਸ਼ ਨੂੰ ਹੱਲਾਸ਼ੇਰੀ ਦੇਣ ਲਈ ਉਨ੍ਹਾਂ ਦੇ ਯਤਨ ਜਾਰੀ ਰਹਿਣਗੇ ਇਸ ਦੇ ਨਾਲ ਹੀ ਉਨ੍ਹਾਂ ਨੇ ਸੂਬੇ ਦੀ ਲਿਬਰਲ ਪਾਰਟੀ ਦੀ ਵੀ ਆਲੋਚਨਾ ਕੀਤੀ ਉਨ੍ਹਾਂ ਆਖਿਆ ਕਿ ਲਿਬਰਲ ਪਾਰਟੀ ਦੀ ਸਰਕਾਰ ਨੇ ਮੈਨੂਫੈਕਚਰਿੰਗ ਸੈਕਟਰ ਲਈ ਹੱਥ ਖੜ੍ਹੇ ਕਰ ਦਿੱਤੇ ਸਨ ਜਿਸ ਕਾਰਨ ਸੂਬੇ ਚੋਂ ਤਿੰਨ ਲੱਖ ਨੌਕਰੀਆਂ ਬਾਹਰ ਚਲੀਆਂ ਗਈਆਂ ਸਨ । ਸਕਾਰਬਰੋ ਵਿਚ ਚੋਣ ਪ੍ਰਚਾਰ ਕਰ ਰਹੇ ਉਂਟਾਰੀ-ਲਿਬਰਲ ਪਾਰਟੀ ਦੇ ਲੀਡਰ ਸਟੀਵਨ ਡੇਲ ਡੂਕਾ ਨੇ ਆਖਿਆ ਕਿ ਜੇਕਰ ਲਿਬਰਲ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਸੂਬੇ ਵਿੱਚ ਫਿਰ ਤੋਂ ਕਿਰਾਏ ਵਾਲੇ ਘਰਾਂ ਅਤੇ ਪ੍ਰਾਪਰਟੀਆਂ ਉੱਪਰ ਰੈਂਟ ਕੰਟਰੋਲ ਯਾਨੀ ਕਿ ਕਿਰਾਇਆ ਉੱਪਰ ਨਿਯੰਤਰਣ ਸ਼ੁਰੂ ਕੀਤਾ ਜਾਵੇਗਾ ਇਸ ਦੇ ਨਾਲ ਹੀ ਉਨ੍ਹਾਂ ਵਾਅਦਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਬਣਨ ਤੇ ਹਾਊਸਿੰਗ ਮਾਰਕੀਟ ਦੇ ਮਾੜੇ ਤੱਤਾਂ ਨੂੰ ਨੱਥ ਪਾਈ ਜਾਵੇਗੀ ਡੂਟਾ ਨੇ ਬੇਤਹਾਸ਼ਾ ਵਧੇ ਹੋਏ ਕਿਰਾਇਆ ਅਤੇ ਘਰਾਂ ਦੀਆਂ ਕੀਮਤਾਂ ਲਈ ਡੱਗ ਫੋਰਡ ਦੀ ਸਰਕਾਰ ਦੀਆਂ ਨੀਤੀਆਂ ਨੂੰ ਜ਼ਿੰਮੇਵਾਰ ਦੱਸਿਆ ।

## ਪੀਅਰੇ ਪੋਲੀਵਰ ਵੱਲੋਂ ਬੈਂਕ ਆਫ ਕੈਨੇਡਾ ਦੇ ਗਵਰਨਰ ਨੂੰ ਹਟਾਉਣ ਸਬੰਧੀ ਬਿਆਨ ਦੀ ਟਰੂਡੋ ਵੱਲੋਂ ਤਿੱਖੀ ਨਿਖੇਧੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀਂ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੀ ਰੇਸ ਵਿੱਚ ਕਿਸਮਤ ਅਜ਼ਮਾ ਰਹੇ ਪੀਅਰੇ ਪੌਲੀਵਰ ਨੇ ਬਿਆਨ ਦਿੱਤਾ ਸੀ ਕਿ ਜੇਕਰ ਉਹ ਲੀਡਰਸ਼ਿਪ ਦੀ ਰੇਸ ਜਿੱਤ ਜਾਂਦੇ ਹਨ ਅਤੇ ਬਾਅਦ ਵਿਚ ਫੈਡਰਲ ਚੋਣਾਂ ਜਿੱਤ ਕੇ ਪ੍ਰਧਾਨਮੰਤਰੀ ਬਣਦੇ ਹਨ ਤਾਂ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਉਹ ਬੈਂਕ ਆਫ ਕੈਨੇਡਾ ਦੇ ਗਵਰਨਰ ਨੂੰ ਬਦਲ ਦੇਣਗੇ ਇਸ ਸੰਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੌਲੀਵਰ ਦੇ ਬਿਆਨ ਦੀ ਨਿਖੇਧੀ ਕਰਦਿਆਂ ਜਿੱਥੇ ਬੈਂਕ ਆਫ ਕੈਨੇਡਾ ਦੇ ਰੋਲ ਦੀ ਸ਼ਲਾਘਾ ਕੀਤੀ ਉਥੇ ਨਾਲ ਹੀ ਆਖਿਆ ਕਿ ਸਾਨੂੰ ਜ਼ਿੰਮੇਵਾਰ ਲੀਡਰਾਂ ਦੀ ਲੋੜ ਹੈ । ਉਨ੍ਹਾਂ ਆਖਿਆ ਕਿ ਇਹ ਕੰਜ਼ਰਵੇਟਿਵ ਪਾਰਟੀ ਦੇ ਮੈਂਬਰਾਂ ਨੇ ਦੇਖਣਾ ਹੈ ਕਿ ਉਹ ਕਿਸ ਨੂੰ ਲੀਡਰ ਚੁਣਦੇ ਹਨ।


















# ਬਿਨਾ ਪਾਇਲਟ ਦੇ ਜਦੋਂ ਜਹਾਜ ਉਤਰਿਆ ਤਾਂ ਅੱਗਿਓਂ ਆਵਾਜ਼ ਆਈ ਕਿ ਨਵੇਂ ਪਾਇਲਟ ਦਾ ਸਵਾਗਤ ਹੈ



ਫਲੋਰੀਡਾ (ਪੰਜਾਬੀ ਅਖ਼ਬਾਰ ਬਿਊਰੋ) ਫਲੋਰੀਡਾ ਦੇ ਐਟਲਾਂਟਿਕ ਤੱਟ 'ਤੇ ਛੋਟੇ ਜਹਾਜ਼ 'ਚ ਸਵਾਰ ਯਾਤਰੀ ਨੇ ਕਾਕਪਿਟ ਰੇਡੀ- ਰਾਹੀਂ ਜਹਾਜ਼ ਨੂੰ ਉਦੋਂ ਸੁਰੱਖਿਅਤ ਉਤਾਰ ਲਿਆ ਜਦੋਂ ਜਹਾਜ਼ ਦੇ ਪਾਇਲਟ ਦੀ ਹਾਲਤ ਵਿਗੜ ਗਈ। ਯਾਤਰੀ ਨੇ ਏਅਰ ਕੰਟਰੋਲਰਾਂ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਜਹਾਜ਼ ਸੁਰੱਖਿਅਤ ਉਤਾਰ ਲਿਆ। ਯਾਤਰੀ ਨੇ ਕਿਹਾ, 'ਹਾਲਾਤ ਕਾਫ਼ ਗੰਭੀਰ ਸਨ। ਪਾਇਲਟ ਦੀ ਸਿਹਤ ਖਰਾਬ ਹੋਣ ਕਾਰਨ ਉਸ ਨੂੰ ਕੁੱਝ ਵੀ ਸੁੱਝ ਨਹੀਂ ਸੀ ਰਿਹਾ। ਮੈਨੂੰ ਜਹਾਜ਼ ਉਡਾਉਣ ਦਾ ਕੋਈ ਤਜਰਬਾ ਨਹੀਂ ਸੀ।' ਕਾਕਪਿਟ ਰੇਡੀ-' ਰਾਹੀਂ ਮਦਦ ਦੀ ਬੇਨਤੀ ਕਰਨ ਤੋਂ ਬਾਅਦ ਏਅਰ ਟ੍ਰੈਫਿਕ ਕੰਟਰੋਲਰ ਨੇ ਜਵਾਬ ਦਿੱਤਾ ਅਤੇ ਯਾਤਰੀ ਨੂੰ ਪੁੱਛਿਆ ਕਿ ਕੀ ਉਸਨੂੰ ਸਿੰਗਲ-ਇੰਜਣ ਜਹਾਜ਼ ਬਾਰੇ ਪਤਾ ਹੈ। ਯਾਤਰੀ ਨੇ ਕਿਹਾ, 'ਮੈਨੂੰ ਪਤਾ ਨਹੀਂ। ਮੈਂ ਆਪਣੇ ਸਾਹਮਣੇ ਫਲੋਰੀਡਾ ਦਾ ਤੱਟ ਦੇਖ ਰਿਹਾ ਹਾਂ ਅਤੇ ਮੈਨੂੰ ਕੁੱਝ ਵੀ ਨਹੀਂ ਪਤਾ ਕਰਨਾ ਕੀ ਹੈ। ਇਸ ਤੋਂ ਬਾਅਦ ਕੰਟਰੋਲਰ ਨੇ ਉਸ ਨਾਲ ਬਹੁਤ ਸ਼ਾਂਤੀ ਨਾਲ ਗੱਲ ਕੀਤੀ ਅਤੇ ਉਸ ਨੂੰ ਜਹਾਜ਼ ਦੇ ਇੰਜਣ ਨੂੰ ਸੰਤੁਲਿਤ ਰੱਖਣ ਅਤੇ ਤੱਟ ਵੱਲ ਵਧਣ ਲਈ ਕਿਹਾ। ਕੁੱਝ ਮਿੰਟਾਂ ਬਾਅਦ ਕੰਟਰੋਲਰਾਂ ਨੇ ਜਹਾਜ਼ ਦੀ ਸਥਿੱਤੀ ਦਾ ਪਤਾ ਲਗਾਇਆ। ਯਾਤਰੀ ਦੀ ਆਵਾਜ਼ ਹੌਲੀ ਹੋਣ 'ਤੇ ਕੰਟਰੋਲਰ ਨੇ ਉਸ ਤੋਂ ਉਸ ਦਾ ਫ਼ੋਨ ਨੰਬਰ ਮੰਗਿਆ ਤਾਂ ਜੋ ਉਹ ਪਾਮ ਬੀਚ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਕੰਟਰੋਲਰਾਂ ਨਾਲ ਆਰਾਮ ਨਾਲ ਗੱਲ ਕਰ ਸਕੇ। ਏਅਰ ਟ੍ਰੈਫਿਕ ਕੰਟਰੋਲਰ ਰਾਬਰਟ ਮੋਰਗਨ ਨੇ ਫਿਰ ਮੋਰਚਾ ਸੰਭਾਲਿਆ ਅਤੇ ਜਹਾਜ਼ ਨੂੰ ਸੁਰੱਖਿਅਤ ਉਤਰਵਾ ਲਿਆ। ਜਿਵੇਂ ਹੀ ਯਾਤਰੀ ਜਹਾਜ਼ ਉਤਰਿਆ ਤਾਂ ਇੱਕ ਹੋਰ ਕੰਟਰੋਲਰ ਨੇ ਕਿਹਾ, 'ਨਵੇਂ ਪਾਇਲਟ ਦਾ ਸਵਾਗਤ ਹੈ।'

# ਨਾਟੋ ਮੁਹਿੰਮ ਤਹਿਤ ਕੈਨੇਡਾ ਵੱਲੋਂ ਲਾਤਵੀਆ ਚ ਫੌਜੀ ਅਧਿਕਾਰੀ ਭੇਜੇ ਜਾਣਗੇ -ਟਰੂਡੋ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਲਾਤਵੀਆ ਦੇ ਪ੍ਰਧਾਨ ਮੰਤਰੀ ਆਰਟਰਸ ਕ੍ਰਿਸਯਾਨਿਸ ਕੇਰਨਸ ਕੈਨੇਡਾ ਦੇ ਦੌਰੇ ਤੇ ਪਹੁੰਚੇ । ਇਸ ਦੌਰੇ ਦੌਰਾਨ ਉਹਨਾਂ ਕਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਉਨ੍ਹਾਂ ਮੀਟਿੰਗ ਕੀਤੀ। ਇਸ ਮੀਟਿੰਗ ਤੋਂ ਬਾਅਦ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਕੈਨੇਡਾ ਵੱਲੋਂ ਲਾਤਵੀਆ ਵਿੱਚ ਨਾਟੋ ਮੁਹਿੰਮ ਲਈ ਹੋਰ ਸਹਾਇਤਾ ਭੇਜੀ ਜਾ ਰਹੀ ਹੈ, ਜਿਸ ਵਿੱਚ ਫੌਜ ਦੇ ਉੱਚ ਅਧਿਕਾਰੀ ਵੀ ਉੱਥੇ ਜਾਣਗੇ ਤਾਂ ਕਿ ਉਸ ਖੇਤਰ ਵਿੱਚ ਲੋਕਤੰਤਰ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ । ਉਨ੍ਹਾਂ ਦੱਸਿਆ ਕਿ ਇਸ ਵਕਤ 695 ਕੈਨੇਡੀਅਨ ਸੈਨਿਕ ਲਾਤਵੀਆ ਵਿੱਚ ਸੇਵਾਵਾਂ ਨਿਭਾਅ ਰਹੇ ਹਨ ਅਤੇ ਹੁਣ ਇੱਕ ਫੌਜੀ ਜਰਨੈਲ ਸਮੇਤ ਛੇ ਉੱਚ ਅਧਿਕਾਰੀ ਲਾਤਵੀਆ ਭੇਜੇ ਜਾ ਰਹੇ ਹਨ ।

# ਗਰਭਪਾਤ ਦੀਆਂ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਫੈਡਰਲ ਸਰਕਾਰ ਵੱਲੋਂ ਵਿੱਤੀ ਸਹਾਇਤਾ ਦਾ ਐਲਾਨ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੀ ਸੁਪਰੀਮ ਕੋਰਟ ਵਿੱਚੋਂ ਲੀਕ ਹੋਏ ਉਸ ਡਰਾਫਟ ਜਿਸ ਵਿੱਚ ਇਹ ਆਖਿਆ ਗਿਆ ਸੀ ਕਿ ਉੱਥੇ ਗਰਭਪਾਤ ਉੱਪਰ ਰੋਕ ਲਗਾਈ ਜਾ ਰਹੀ ਹੈ, ਤੋਂ ਬਾਅਦ ਕੈਨੇਡਾ ਵਿੱਚ ਵੀ ਇਸ ਤਰ੍ਹਾਂ ਦੇ ਸਵਾਲ ਉੱਠਣੇ ਸ਼ੁਰੂ ਹੋ ਗਏ ਸਨ ਅਤੇ ਮਹਿਲਾਵਾਂ ਚਿੰਤਤ ਸਨ ਕਿ ਕਿਤੇ ਕੈਨੇਡਾ ਵਿੱਚ ਵੀ ਤਾਂ ਇਹ ਅਧਿਕਾਰ ਖਤਮ ਤਾਂ ਨਹੀਂ ਕਰ ਦਿੱਤਾ ਜਾਵੇਗਾ। ਪਰ ਕਨੇਡਾ ਸਰਕਾਰ ਨੇ ਸਪਸ਼ਟ ਕੀਤਾ ਸੀ ਕਿ ਮਹਿਲਾਵਾਂ ਦੇ ਆਪਣੇ ਸਰੀਰ ਪ੍ਰਤੀ ਅਧਿਕਾਰ ਨੂੰ ਖ਼ਤਮ ਨਹੀਂ ਕੀਤਾ ਜਾਵੇਗਾ ਹੁਣ ਇਸ ਤੋਂ ਅੱਗੇ ਵਧਦਿਆਂ ਫੈਡਰਲ ਸਰਕਾਰ ਨੇ ਸੁਰੱਖਿਅਤ ਗਰਭਪਾਤ ਤੱਕ ਮਹਿਲਾਵਾਂ ਦੀ ਪਹੁੰਚ ਨੂੰ ਹੋਰ ਸਾਰਥਕ ਢੰਗ ਨਾਲ ਨੇਪਰੇ ਚਾੜਨ ਲਈ ਨੈਸ਼ਨਲ ਅਬਾਰਸ਼ਨ ਫੈਡਰੇਸ਼ਨ ਆਫ ਕੈਨੇਡਾ ਨੂੰ 1.4 ਮਿਲੀਅਨ ਡਾਲਰ ਦੀ ਫੰਡਿੰਗ ਦੇਣ ਦਾ ਐਲਾਨ ਕੀਤਾ ਹੈ। ਇਹ ਐਲਾਨ ਸਿਹਤ ਮੰਤਰੀ ਜੀਨ ਯੇਵਸ ਡਗਲਸ ਅਤੇ ਮਹਿਲਾਵਾਂ ਬਾਰੇ ਮੰਤਰੀ ਮਰਸੀ ਲੇਨ ਵੱਲੋਂ ਕੀਤਾ ਗਿਆ ।

# ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਬਿਨਾਂ ਅਗਾਊਂ ਐਲਾਨ ਕੀਤਿਆਂ ਹੀ ਯੂਕਰੇਨ ਜਾ ਪੁੱਜੇ - ਮੱਦਦ ਜਾਰੀ ਰੱਖਣ ਦਾ ਕੀਤਾ ਐਲਾਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਬੀਤੇ ਦਿਨੀਂ ਬਿਨਾਂ ਕੋਈ ਅਗਾਊਂ ਐਲਾਨ ਕੀਤਿਆਂ ਯੂਕਰੇਨ ਪਹੁੰਚ ਗਏ ਜਿੱਥੇ ਉਨ੍ਹਾਂ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੇਂਸਕੀ ਨਾਲ ਮੁਲਾਕਾਤ ਕਰਦਿਆਂ ਕੈਨੇਡਾ ਵੱਲੋਂ ਯੂਕਰੇਨ ਦੀ ਮਦਦ ਜਾਰੀ ਰੱਖਣ ਦਾ ਐਲਾਨ ਕਰਨ ਦੇ ਨਾਲ ਨਾਲ ਰੂਸ ਉੱਪਰ ਹੋਰ ਪਾਬੰਦੀਆਂ ਲਗਾਉਣ ਦੀ ਗੱਲ ਵੀ ਆਖੀ। ਦੋਹਾਂ ਆਗੂਆਂ ਵੱਲੋਂ ਸਾਂਝੀ ਪ੍ਰੈੱਸ ਕਾਨਫ਼ਰੰਸ ਦੌਰਾਨ ਜਸਟਿਨ ਟਰੂਡੋ ਨੇ ਆਖਿਆ ਕਿ ਕੈਨੇਡਾ ਵੱਲੋਂ ਯੂਕਰੇਨ ਨੂੰ ਡਰੋਨ ਕੈਮਰੇ,ਸੈਟੇਲਾਈਟ ਇਮੇਜਜ਼, ਨਿੱਕੇ ਹਥਿਆਰ, ਅਸਲਾ ਤੇ ਬਰੂਦੀ ਸੁਰੰਗਾਂ ਨੂੰ ਹਟਾਉਣ ਲਈ ਅਪ੍ਰੇਸ਼ਨ ਵਾਸਤੇ ਫੰਡਿੰਗ ਦਿੱਤੀ ਜਾਵੇਗੀ । ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 40 ਰੂਸੀ ਵਿਅਕਤੀਆਂ ਤੇ ਵਸਤਾਂ ਉਤੇ ਹੋਰ ਪਾਬੰਦੀਆਂ ਲਗਾਉਣ ਦਾ ਐਲਾਨ ਵੀ ਕੀਤਾ ਜਿਨ੍ਹਾਂ ਵਿਅਕਤੀਆਂ ਉੱਪਰ ਪਾਬੰਦੀਆਂ ਲਗਾਈਆਂ ਗਈਆਂ ਹਨ ਉਹ ਰੂਸ ਦੇ ਡਿਫੈਂਸ ਸੈਕਟਰ ਤੇ ਕ੍ਰੈਮਲਿਨ ਦੇ ਨਜ਼ਦੀਕੀ ਸਹਿਯੋਗੀ ਹਨ । ਯੂਕਰੇਨ ਵਿੱਚ ਫੂਡ ਸਕਿਉਰਿਟੀ ਲਈ ਕੈਨੇਡਾ ਵੱਲੋਂ ਵਰਲਡ ਫੂਡ ਪ੍ਰੋਗਰਾਮ ਵਾਸਤੇ 25 ਮਿਲੀਅਨ ਡਾਲਰ ਮੁਹੱਈਆ ਕਰਵਾਉਣ ਦਾ ਵੀ ਪ੍ਰਧਾਨ ਮੰਤਰੀ ਵੱਲੋਂ ਐਲਾਨ ਕੀਤਾ ਗਿਆ ।

ਇਸੇ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਰਾਜਧਾਨੀ ਕੀਵ ਵਿੱਚ ਫਿਰ ਤੋਂ ਕੈਨੇਡੀਅਨ ਅੰਬੈਸੀ ਖੋਲ੍ਹ ਦਿੱਤੀ ਗਈ ਜਿਸ ਦੀ ਸ਼ੁਰੂਆਤ ਪ੍ਰਧਾਨਮੰਤਰੀ ਜਸਟਿਨ ਵੱਲੋਂ ਰਾਸ਼ਟਰੀ ਝੰਡਾ ਲਹਿਰਾ ਕੇ ਕੀਤੀ ਗਈ । ਇਸ ਮੌਕੇ ਉਨ੍ਹਾਂ ਦੇ ਨਾਲ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ, ਵਿਦੇਸ਼ ਮੰਤਰੀ ਮੈਲਿਨੀ ਜੌਲੀ ਅਤੇ ਯੂਕਰੇਨ ਵਿਚ ਕੈਨੇਡਾ ਦੀ ਅੰਬੈਸਡਰ ਲਰੀਸਾ ਗਲਾਡਜਾ ਵੀ ਮੌਜੂਦ ਸਨ । ਪ੍ਰਧਾਨ ਮੰਤਰੀ ਨੇ ਇਸ ਮੌਕੇ ਆਖਿਆ ਕਿ ਰੂਸ ਵੱਲੋਂ ਯੂਕਰੇਨ ਉਪਰ ਕੀਤੇ ਜਾ ਰਹੇ ਹਮਲੇ ਨੂੰ ਵੇਖਦਿਆਂ ਹੋਇਆਂ 13 ਫਰਵਰੀ ਨੂੰ ਰਾਸ਼ਟਰੀ ਝੰਡਾ ਉਤਾਰ ਦਿੱਤਾ ਗਿਆ ਸੀ ਅਤੇ ਫਿਰ ਤੋਂ ਕੀਵ ਵਿੱਚ ਕੈਨੇਡੀਅਨ ਅੰਬੈਸੀ ਵਿੱਚ ਝੰਡਾ ਲਹਿਰਾਏ ਜਾਣ ਦਾ ਮਤਲਬ ਹੈ ਕਿ ਅਸੀਂ ਯੂਕਰੇਨ ਦੇ ਨਾਲ ਖੜ੍ਹੇ ਹਾਂ ।

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੈ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

## ਸੰਪਾਦਕੀ



ਇਨਸਾਨ ਸਭ ਕੁਝ ਕਾਪੀ ਕਰ ਸਕਦਾ ਹੈ ਪਰ ਕਿਸਮਤ ਅਤੇ ਨਸੀਬ ਨਹੀਂ।

# ਨਸ਼ੇ ਦਾ ਦੈਂਤ

ਨਸ਼ੇ ਨੇ ਜਿੱਥੇ ਪੰਜਾਬ ਦੇ ਨੌਜਵਾਨਾਂ ਦਾ ਭਵਿੱਖ ਬਰਬਾਦ ਕਰ ਦਿੱਤਾ ਹੈ, ਉੱਥੇ ਹੀ ਅਕਾਲੀ ਅਤੇ ਕਾਂਗਰਸ ਵਰਗੀਆਂ ਪੁਰਾਣੀਆਂ ਸਥਾਪਿਤ ਦੋ ਸਰਕਾਰਾਂ ਦੀ ਬਲੀ ਵੀ ਲੈ ਲਈ ਹੈ। ਹੁਣ ਜਦੋਂ ਤੋਂ ਭਗਵੰਤ ਮਾਨ ਦੀ ਸਰਕਾਰ ਬਣੀ ਹੈ ਤਾਂ ਲੋਕ ਆਸ ਕਰਦੇ ਹਨ ਕਿ ਇਹ ਸਰਕਾਰ ਇਸ ਭਿਆਨਕ ਦੈਂਤ ਤੋਂ ਨਿਜ਼ਾਤ ਦਿਵਾਏਗੀ। ਪਰ ਪੰਜਾਬ ਸਰਕਾਰ ਸਾਹਮਣੇ ਨਸ਼ਿਆਂ ਦੀ ਦਲਦਲ ਵਿਚ ਫਸੇ ਅਤੇ ਫਸ ਰਹੇ ਨੌਜਵਾਨਾਂ ਦੇ ਇਲਾਜ ਦਾ ਮਾਮਲਾ ਵੱਡੀ ਚੁਣੌਤੀ ਬਣਿਆ ਹੋਇਆ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਡਿਪਟੀ ਕਮਿਸ਼ਨਰਾਂ, ਜ਼ਿਲ੍ਹਾ ਪੁਲਿਸ ਮੁਖੀਆਂ ਤੇ ਹੋਰ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਵਿੱਚ ਹਾਲਤ ਦਾ ਜਾਇਜ਼ਾ ਲਿਆ ਅਤੇ ਨਸ਼ਿਆਂ ਦੀ ਤਸਕਰੀ ਬੰਦ ਕਰਨ ਲਈ ਪੁਲਿਸ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕਰਨ ਦਾ ਐਲਾਨ ਕੀਤਾ ਹੈ। ਸਰਕਾਰ ਨੇ ਨਸ਼ਾ ਛੁਡਾਉਣ ਲਈ ਬਣਾਏ 208 ਓਟ ਕੇਂਦਰਾਂ ਦੀ ਗਿਣਤੀ ਵਧਾ ਕੇ ਤੁਰੰਤ 500 ਅਤੇ ਬਾਅਦ ਵਿੱਚ 1000 ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਉਹ ਕੇਂਦਰ ਹਨ ਜਿੱਥੇ ਨਸ਼ਾ ਕਰਨ ਦੇ ਆਦੀ ਡਾਕਟਰਾਂ ਦੀ ਮੌਜੂਦਗੀ ਵਿੱਚ ਜ਼ਾਬਤਾਬੱਧ ਦਵਾਈ ਲੈ ਸਕਦੇ ਹਨ ਅਤੇ ਹੌਲੀ ਹੌਲੀ ਨਸ਼ਾ ਛੁਡਾਉਣ ਵੱਲ ਪ੍ਰੇਰਿਤ ਕੀਤੇ ਜਾਂਦੇ ਹਨ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ 11 ਮਈ ਨੂੰ ਇਸ ਮਾਮਲੇ ਵਿੱਚ ਸਟੇਟਸ ਰਿਪੋਰਟ ਮੰਗੀ ਹੈ। ਨਸ਼ਿਆਂ ਖ਼ਿਲਾਫ਼ ਬਣਾਈ ਐੱਸਟੀਐੱਫ ਦੇ ਮੁਖੀ ਹਰਪ੍ਰੀਤ ਸਿੱਧੂ ਅਤੇ ਸੂਬੇ ਦੇ ਸਾਬਕਾ ਡੀਜੀਪੀ ਚਟੋਪਾਧਿਆਏ ਦੀ ਅਗਵਾਈ ਵਾਲੀ ਐੱਸਆਈਟੀ ਦੀਆਂ ਰਿਪੋਰਟਾਂ ਹਾਈਕੋਰਟ ਵਿੱਚ ਮੌਜੂਦ ਹਨ। ਇੱਕ ਅਨੁਮਾਨ ਅਨੁਸਾਰ ਪੰਜ ਲੱਖ ਤੋਂ ਵੱਧ ਨੌਜਵਾਨ ਓਟ ਅਤੇ ਹੋਰ ਨਸ਼ਾ ਛੁਡਾਊ ਕੇਂਦਰਾਂ ਤੋਂ ਦਵਾਈ ਲੈ ਰਹੇ ਹਨ। ਨਸ਼ਿਆਂ ਦੇ ਫੈਲਾਅ ਨੂੰ ਰੋਕਣ ਦਾ ਮਾਮਲਾ ਕੇਵਲ ਪੁਲਿਸ ਤੱਕ ਸੀਮਤ ਨਹੀਂ ਹੈ। ਤਸਕਰੀ ਰੋਕਣ ਵਿੱਚ ਪੁਲਿਸ ਦੀ ਭੂਮਿਕਾ ਪ੍ਰਮੁੱਖ ਹੈ ਪਰ ਨੌਜਵਾਨਾਂ ਨੂੰ ਨਸ਼ਿਆਂ ਵੱਲ ਖਿੱਚਣ ਵਾਲੇ ਮਾਹੌਲ ਬਾਰੇ ਅਧਿਐਨ ਅਤੇ ਉਸ ਵਿੱਚ ਲੋੜੀਂਦੀ ਤਬਦੀਲੀ ਕਰਨੀ ਬੇਹੱਦ ਜ਼ਰੂਰੀ ਹੈ। ਜੇਕਰ ਪੁਲਿਸ ਸਖ਼ਤੀ ਕਰਦੀ ਹੈ ਤਾਂ ਨਸ਼ਾ ਨਾ ਮਿਲਣ ਕਾਰਨ ਇਸ ਦੇ ਆਦੀਆਂ ਨੂੰ ਵੱਡੀਆਂ ਸਰੀਰਕ ਤਕਲੀਫ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਨਸ਼ਿਆਂ ਦੇ ਆਦੀ ਨੌਜਵਾਨਾਂ ਦੀ ਸੰਭਾਲ ਦੀ ਜ਼ਿੰਮੇਵਾਰੀ ਲਈ ਲੋੜੀਂਦਾ ਸਟਾਫ਼ ਤੇ ਬੈੱਡ ਲਾਜ਼ਮੀ ਹਨ। ਨਸ਼ਾ ਛੱਡਣ ਤੋਂ ਬਾਅਦ ਅਜਿਹੇ ਪੀੜਤਾਂ ਦੇ ਮੁੜ ਵਸੇਬੇ ਲਈ ਰੁਜ਼ਗਾਰ ਸਮੇਤ ਹੋਰ ਬਹੁਤ ਸਾਰੇ ਪੱਖਾਂ ਤੋਂ ਸੋਚਣ ਦੀ ਲੋੜ ਹੈ। ਇਸ ਲਈ ਅੰਤਰ ਵਿਭਾਗੀ ਟਾਸਕ ਫੋਰਸ ਦੀ ਲੋੜ ਸੁਭਾਵਿਕ ਹੈ। ਪੰਚਾਇਤਾਂ, ਨਗਰਪਾਲਿਕਾਵਾਂ, ਗ਼ੈਰ-ਸਰਕਾਰੀ ਜਥੇਬੰਦੀਆਂ ਤੇ ਹੋਰ ਸਮਾਜ ਸੇਵੀਆਂ ਦੀ ਹਿੱਸੇਦਾਰੀ ਸਮੱਸਿਆ ਦਾ ਹੱਲ ਕਰਨ 'ਚ ਮਦਦਗਾਰ ਹੋ ਸਕਦੀ ਹੈ। ਹੁਣ ਤੱਕ ਨਸ਼ਾ ਤਸਕਰਾਂ, ਸਿਆਸਤਦਾਨਾਂ ਤੇ ਪੁਲਿਸ ਦੇ ਗੱਠਜੋੜ ਦਾ ਠੋਸ ਖੁਲਾਸਾ ਨਹੀਂ ਹੋਇਆ। ਪੰਜਾਬ ਸਰਕਾਰ ਨੂੰ ਹਾਈਕੋਰਟ ਤੱਕ ਪਹੁੰਚ ਕਰਕੇ ਨਸ਼ੇ ਬਾਰੇ ਦਿੱਤੀਆਂ ਸੀਲਬੰਦ ਰਿਪੋਰਟਾਂ ਜਨਤਕ ਕਰਨ ਦੀ ਅਪੀਲ ਕਰਨੀ ਚਾਹੀਦੀ ਹੈ। ਉਨ੍ਹਾਂ ਦੇ ਆਧਾਰ 'ਤੇ ਕਾਰਵਾਈ ਕਰਨੀ ਆਸਾਨ ਹੋ ਸਕੇਗੀ।

**ਸੁਖਜਿੰਦਰ ਸਮਰਾ**
**ਮੋ. 95835-92000**

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਵਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। – ਸੰਪਾਦਕ

# ਸਿਹਤ ਸੇਵਾਵਾਂ ਦੇ ਮਾਮਲੇ 'ਚ ਵਿਗੜ ਰਹੀ ਹੈ ਭਾਰਤ ਦੀ ਸਿਹਤ



**ਗੁਰਮੀਤ ਸਿੰਘ ਪਲਾਹੀ**

ਵੱਧਦੀ ਜਨਸੰਖਿਆ, ਗਰੀਬੀ ਅਤੇ ਸਿਹਤ ਖੇਤਰ ਦੇ ਕਮਜ਼ੋਰ ਢਾਂਚੇ ਦੇ ਕਾਰਨ ਭਾਰਤ ਦੇਸ਼ ਨੂੰ ਕਈ ਪੱਛੜੇ ਦੇਸ਼ਾਂ ਤੋਂ ਵੀ ਜਿਆਦਾ ਸਮੱਸਿਆਵਾਂ ਝੱਲਣੀਆਂ ਪੈ ਰਹੀਆਂ ਹਨ। ਕੋਵਿਡ-19 ਸਮੇਂ ਦੇਸ਼ ਦੀਆਂ ਸਿਹਤ ਸੇਵਾਵਾਂ ਜਿਵੇਂ ਬੁਰੀ ਤਰ੍ਹਾਂ ਚਰਮਰਾ ਗਈਆਂ ਇਹ ਇੱਕ ਉਦਾਹਰਣ ਹੈ। ਭਾਰਤੀ ਸਿਹਤ ਸੇਵਾਵਾਂ ਉਤੇ ਦੁਨੀਆਂ ਭਰ ਵਿੱਚ ਉਦੋਂ ਹੋ-ਹੱਲਾ ਮੱਚ ਗਿਆ ਜਦੋ ਵਿਸ਼ਵ ਸਿਹਤ ਸੰਗਠਨ ਤੋਂ ਇੱਕ ਰਿਪੋਰਟ ਆਈ, ਜੋ ਕਹਿੰਦੀ ਹੈ ਕਿ ਭਾਰਤ ਸਰਕਾਰ ਕੋਵਿਡ-19 ਨਾਲ ਹੋ ਰਹੀਆਂ ਮੌਤਾਂ ਦੇ ਅੰਕੜੇ ਲੁਕਾ-ਛੁਪਾ ਰਹੀ ਹੈ ਅਤੇ ਮੌਤਾਂ ਦੇ ਅਸਲੀ ਅੰਕੜੇ ਰਿਪੋਰਟ ਕੀਤੀਆਂ ਮੌਤਾਂ ਤੋਂ ਦਸ ਗੁਣਾ ਹਨ।

ਸਿਹਤ ਸੇਵਾਵਾਂ ਨਾਲ ਜੁੜੇ ਹਰੇਕ ਪੈਮਾਨੇ ਉਤੇ ਅਸੀਂ ਦੁਨੀਆਂ ਦੇ ਅਤਿ ਪੱਛੜੇ ਦੇਸ਼ਾਂ ਦੀ ਕਤਾਰ ਵਿਚ ਖੜੇ ਦਿਖਾਈ ਦੇ ਰਹੇ ਹਾਂ। ਭਾਰਤ ਵਿਚ ਜਨਮ ਸਮੇਂ ਹੋਣ ਵਾਲੇ ਛੋਟੇ ਬੱਚਿਆਂ ਦੀਆਂ ਪ੍ਰਤੀ ਹਜ਼ਾਰ ਵਿੱਚ ਮੌਤਾਂ ਦੀ ਗਿਣਤੀ 52 ਹੈ ਜਦਕਿ ਭੁੱਖਮਰੀ ਦੀ ਕਤਾਰ ਵਿੱਚ ਖੜੇ ਦੇਸ਼ ਸ਼੍ਰੀਲੰਕਾ ਦੇ ਲੋਕਾਂ 'ਚ ਇਹ ਗਿਣਤੀ 51 ਹੈ। ਗਰੀਬ ਦੇਸ਼ ਨੇਪਾਲ ਚ ਇਹ ਗਿਣਤੀ 38 ਹੈ। ਜਦਕਿ ਭੂਟਾਨ ਵਿੱਚ 41 ਅਤੇ ਛੋਟੇ ਜਿਹੇ ਦੇਸ਼ ਮਾਲਦੀਪ ਚ ਇਹ ਗਿਣਤੀ 20 ਹੈ। ਇਸ ਤਰਾਂ ਵਿਕਸਤ ਦੇਸ਼ਾਂ ਵਿਚ ਪ੍ਰਤੀ ਹਜ਼ਾਰ ਲੋਕਾਂ ਲਈ ਹਸਪਤਾਲਾਂ ਵਿੱਚ ਬਿਸਤਰਿਆਂ ਦੀ ਗਿਣਤੀ 23 ਹੈ ਜਦਕਿ ਭਾਰਤ ਵਿਚ ਪ੍ਰਤੀ ਹਜ਼ਾਰ ਪਿੱਛੇ 0.7 ਹੀ ਹੈ। ਜਦਕਿ ਭਾਰਤ ਦੇ ਗੁਆਂਢੀ ਦੇਸ਼ ਚੀਨ ਚ ਇਹ ਅੰਕੜਾ 3.8 ਅਤੇ ਸ਼੍ਰੀਲੰਕਾ ਵਿੱਚ 2.6 ਹੈ।

ਪਿਛਲੀ ਲੱਗਭਗ ਪੌਣੀ ਸਦੀ ਚ ਬੇਹਤਰ ਸਿਹਤ ਸੇਵਾਵਾਂ ਦੇਣ ਦੇ ਨਾਂਅ ਉੱਤੇ ਭਾਰਤ 'ਚ ਪ੍ਰਾਈਵੇਟ ਸਿਹਤ ਸੁਵਿਧਾ ਉਦਯੋਗ ਵਧ ਫੁਲ ਰਿਹਾ ਹੈ। ਇਹ ਉਦਯੋਗ ਦੇਸ਼ ਵਿਚ ਚੱਲ ਰਹੀਆਂ ਜਨ ਸਿਹਤ ਸੇਵਾਵਾਂ ਨੂੰ ਮਿੱਧਕੇ ਅੱਗੇ ਵਧਣ ਦਾ ਕੰਮ ਕਰ ਰਿਹਾ ਹੈ। ਵੱਡੇ-ਵੱਡੇ ਮਹਿੰਗੇ ਨਿੱਜੀ ਹਸਪਤਾਲ ਖੜੇ ਹੋ ਗਏ ਹਨ। ਪਰ ਦੂਜੇ ਪਾਸੇ ਤਹਿਸੀਲ ਅਤੇ ਬਲਾਕ ਪੱਧਰ ਉੱਤੇ ਜੋ ਸਰਕਾਰੀ ਹਸਪਤਾਲ ਹੈ, ਉੱਥੇ ਨਾ ਸਪੈਸ਼ਲਿਸਟ ਡਾਕਟਰ ਹਨ, ਨਾ ਸਿਹਤ ਕਰਮਚਾਰੀ ਹਨ ਅਤੇ ਨਾ ਹੀ ਹੋਰ ਜ਼ਰੂਰੀ ਸਿਹਤ ਸਹੂਲਤਾਂ ਹਨ। ਉਂਜ ਦਵਾਈਆਂ ਵੀ ਇਹੋ ਜਿਹੀਆਂ ਮਿਲਦੀਆਂ ਹਨ, ਜੋ ਮਰੀਜ਼ ਨੂੰ ਠੀਕ ਕਰਨ ਦੀ ਵਿਜਾਏ ਹੋਰ ਬੀਮਾਰੀਆਂ ਪੈਦਾ ਕਰਦੀਆਂ ਹਨ। ਦੂਜੀ ਗੱਲ ਇਹ ਵੀ ਹੈ ਕਿ ਪਿੰਡਾਂ ਵਿੱਚ ਐਲੋਪੈਥੀ ਹਸਪਤਾਲਾਂ ਤੋਂ ਇਲਾਵਾ ਚੱਲਣ ਵਾਲੇ ਹੋਮਿਓਪੈਥੀ, ਯੂਨਾਨੀ ਅਯੁਰਵੈਦਿਕ, ਕੁਦਰਤੀ ਚਿਕਤਸਾ ਅਤੇ ਯੋਗ ਜਿਹੀਆਂ ਕਾਰਗਰ ਚਿਕਿੱਤਸਾਵਾਂ ਵਾਲੇ ਸਰਕਾਰੀ ਹਸਪਤਾਲਾਂ ਦੀ ਵੀ ਵੱਡੀ ਕਮੀ ਹੈ। ਇੱਥੋਂ ਤੱਕ ਕਿ ਪੇਂਡੂ ਖੇਤਰਾਂ ਦੇ ਸਿਹਤ ਕੇਂਦਰਾਂ ਅਤੇ ਉਨ੍ਹਾਂ ਸਿਹਤ ਕੇਂਦਰਾਂ ਨੂੰ ਨਾ ਵਿਸਥਾਰ ਦੇਣ ਦਾ ਕੋਈ ਯਤਨ ਹੋ ਰਿਹਾ ਹੇ ਅਤੇ ਨਾ ਹੀ ਇਹਨਾਂ ਦੀਆਂ ਖਾਮੀਆਂ ਦੂਰ ਕੀਤੀਆਂ ਜਾਂਦੀਆ ਹਨ। ਸਿੱਟੇ ਵਜੋਂ ਇਹਨਾ ਸਿਹਤ ਕੇਂਦਰਾਂ ਵਿੱਚ ਗਰੀਬ ਆਦਮੀ ਦਾ ਇਲਾਜ ਵੀ ਹੋ ਨਹੀਂ ਸਕਦਾ।

ਪਿਛਲੇ ਬਜ਼ਟ ਸਮੇਂ ਇਹ ਤਹਿ ਕੀਤਾ ਗਿਆ ਸੀ ਕਿ ਭਾਰਤ ਸਰਕਾਰ ਆਮ ਆਦਮੀ ਲਈ ਬਣਾਈ ਸਿਹਤ ਬੀਮਾ ਯੋਜਨਾ, ਆਯੂਸ਼ਮਾਨ ਯੋਜਨਾ ਦਾ ਵਿਸਥਾਰ ਕਰੇਗੀ ਅਤੇ 40 ਕਰੋੜ ਹੋਰ ਲੋਕਾਂ ਨੂੰ ਇਸ ਸਕੀਮ ਵਿੱਚ ਸ਼ਾਮਿਲ ਕੀਤਾ ਜਾਵੇਗਾ। ਇਸ ਤਰ੍ਹਾਂ ਅੰਦਾਜ਼ਾ ਲਗਾਇਆ ਜਾ ਰਿਹਾ ਸੀ ਕਿ ਇਸ ਨਾਲ ਦੇਸ਼ ਦੀ ਅਬਾਦੀ ਦੇ ਵੱਡੇ ਹਿੱਸੇ ਨੂੰ ਸਕੀਮ ਦਾ ਫ਼ਾਇਦਾ ਹੋਏਗਾ ਲੇਕਿਨ ਸਵਾਲ ਇਹ ਹੈ ਕਿ ਕੀ ਇਸ ਯੋਜਨਾ ਦੇ ਵਿਸਥਾਰ ਨਾਲ ਆਮ ਆਦਮੀ ਦੀਆਂ ਸਿਹਤ ਸਬੰਧੀ ਪ੍ਰੇਸ਼ਾਨੀਆਂ ਦੂਰ ਹੋਣਗੀਆਂ ਜਾਂ ਘੱਟ ਜਾਣਗੀਆਂ?

ਧਿਆਨਯੋਗ ਹੈ ਕਿ 50 ਕਰੋੜ ਲੋਕ ਆਯੂਸ਼ਮਾਨ ਯੋਜਨਾ ਦੇ ਦਾਇਰੇ 'ਚ ਹਨ, ਭਾਵ ਕਿਹਾ ਜਾ ਰਿਹਾ ਹੈ ਕਿ ਦਸ ਕਰੋੜ ਚੌਹੱਤਰ ਲੱਖ ਪਰਿਵਾਰ ਇਸ ਯੋਜਨਾ ਦਾ ਲਾਭ ਲੈ ਰਹੇ ਹਨ ਅਤੇ ਪ੍ਰਤੀ ਸਾਲ ਪੰਜ ਲੱਖ ਰੁਪਏ ਦੀ ਬੀਮਾ ਸੁਰੱਖਿਆ ਇਹਨਾ ਨੂੰ ਮਿਲੀ ਹੋਈ ਹੈ। ਪਰ ਇਹ ਯੋਜਨਾ, ਭਾਰਤ ਦੀਆਂ ਹੋਰ ਬਹੁ ਚਰਚਿਤ ਯੋਜਨਾਵਾਂ ਵਾਂਗਰ ਵੱਡੇ ਘਪਲਿਆਂ ਦਾ ਸ਼ਿਕਾਰ ਹੋ ਚੁੱਕੀ ਹੈ। ਪ੍ਰਾਈਵੇਟ ਹਸਪਤਾਲ ਵਾਲੇ ਇਸ ਯੋਜਨਾ ਤਹਿਤ ਮਰੀਜ਼ ਦਾਖ਼ਲ ਕਰਦੇ ਹਨ, ਵੱਡੇ ਬਿੱਲ ਬਨਾਉਂਦੇ ਹਨ ਅਤੇ ਸਰਕਾਰ ਨੂੰ ਚੂਨਾ ਲਗਾਉਂਦੇ ਹਨ।

ਆਯੂਸ਼ਮਾਨ ਭਾਰਤ ਬਾਰੇ ਕਿਹਾ ਜਾਂਦਾ ਹੈ ਕਿ ਇਹ ਯੋਜਨਾ ਦੁਨੀਆ ਦੀ ਸਭ ਤੋਂ ਵੱਡੀ ਸਿਹਤ ਸੁਰੱਖਿਆ ਯੋਜਨਾ ਹੈ। ਪਰ 2018-19 'ਚ ਇਹ ਯੋਜਨਾ ਅਧੀਨ 2000 ਕਰੋੜ ਬਜ਼ਟ 'ਚ ਰੱਖੇ ਗਏ। ਜਿਵੇਂ ਕਿ ਕਿਹਾ ਜਾ ਰਿਹਾ ਹੈ ਕਿ ਇਹ ਸਿਹਤ ਬੀਮਾ ਯੋਜਨਾ ਦੇਸ਼ ਦੇ 50 ਕਰੋੜ ਲੋਕਾਂ ਜਾਂ 10,000 ਪਰਿਵਾਰਾਂ ਲਈ ਹੈ, ਇਸ ਅਨੁਸਾਰ ਪ੍ਰਤੀ ਪਰਿਵਾਰ 1000 ਰੁਪਏ ਜਾਂ ਪ੍ਰਤੀ ਵਿਅਕਤੀ 200 ਰੁਪਏ ਇੱਕ ਸਾਲ 'ਚ ਮਿਲਣ ਦਾ ਪ੍ਰਾਵਾਧਾਨ ਹੈ। ਪਰ ਕੀ ਇੱਕ ਪਰਿਵਾਰ ਉਤੇ ਸਿਹਤ ਸੁਰੱਖਿਆ, ਜਾਂ ਬੀਮਾਰੀਆਂ ਤੇ ਖ਼ਰਚਾ ਸਿਰਫ਼ 1000 ਰੁਪਏ ਹੀ ਆਉਂਦਾ ਹੈ? ਅਸਲ ਵਿੱਚ ਆਯੂਸ਼ਮਾਨ ਯੋਜਨਾ 'ਚ ਵਾਧੇ ਦੀਆਂ ਗੱਲਾਂ "ਅੱਗਾ ਦੌੜ, ਪਿੱਛਾ ਚੌੜ" ਵਾਲੀਆਂ ਹਨ ਅਤੇ ਆਪਣੀ ਵੋਟ ਬੈਂਕ ਵਧਾਉਣ ਲਈ ਇੱਕ ਵੱਡਾ ਪਰਪੰਚ ਹਨ।



ਨੈਸ਼ਨਲ ਹੈਲਥ ਅਥਾਰਿਟੀ(ਐਨ.ਐਚ.ਏ.) ਦੇ ਮੁਤਾਬਿਕ ਆਯੂਸ਼ਮਾਨ ਭਾਰਤ ਅਤੇ ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ ਨੂੰ ਨਵੇਂ ਕਦਮ ਨਾਲ ਵਿਸਥਾਰ ਮਿਲੇਗਾ। ਲੇਕਿਨ ਸਵਾਲ ਇਹ ਹੈ ਕਿ ਸਮਾਜ ਵਿੱਚ ਵਧਦੀ ਨਾ ਬਰਾਬਰੀ ਅਤੇ ਗਰੀਬਾਂ ਦੀ ਗਿਣਤੀ ਦੀ ਹਿਸਾਬ ਨਾਲ , ਕੀ ਮੌਜੂਦਾ ਕੇਂਦਰ ਅਤੇ ਸੂਬਾ ਪੱਧਰੀ ਸਿਹਤ ਸੇਵਾਵਾਂ ਜਨ ਸਿਹਤ ਦਾ ਮਿਥਿਆ ਟੀਚਾ ਹਾਸਲ ਕਰ ਸਕੇਗਾ? ਆਯੂਸਮਾਨ ਭਾਰਤ ਸਕੀਮ ਸਮਾਜ ਦੇ 40 ਫ਼ੀਸਦੀ ਲੋਕਾਂ ਨੂੰ ਸਿਹਤ ਸੁਰੱਖਿਆ ਦੇਣ ਦੀ ਗੱਲ ਕਰਦੀ ਹੈ। ਅੰਕੜਿਆਂ ਮੁਤਾਬਕ ਸੂਬਿਆਂ ਦੀਆਂ ਹੋਰ ਯੋਜਨਾਵਾਂ , ਸਮਾਜਿਕ ਸੁਰੱਖਿਆ ਯੋਜਨਾਵਾਂ ਅਤੇ ਨਿੱਜੀ ਬੀਮਾ ਯੋਜਨਾਵਾਂ ਨੂੰ ਵੀ ਜੇ ਜੋੜ ਲਿਆ ਜਾਵੇ ਤਾਂ ਵੀ ਇਹ 70 ਫ਼ੀਸਦੀ ਤੋਂ ਵੱਧ ਨਹੀਂ ਬਣਦਾ, ਜੋ ਸਿਹਤ ਸੁੱਖਿਆ ਯੋਜਨਾਵਾਂ ਦੇ ਘੇਰੇ ਚ ਆਉਂਦੀਆਂ ਹਨ। ਭਾਵ 30 ਫ਼ੀਸਦੀ ਫਿਰ ਵੀ ਇਹਨਾ ਯੋਜਨਾਵਾਂ ਤੋਂ ਵੰਚਿਤ ਹਨ। ਜਿਸ ਤਰ੍ਹਾਂ ਲੋਕ ਦਿਨ ਪ੍ਰਤੀ ਨਵੀਆਂ ਤੇ ਪੁਰਾਣੀਆਂ ਬੀਮਾਰੀਆਂ ਦੀ ਲਪੇਟ ਚ ਆਕੇ ਪ੍ਰੇਸਾਨ ਹੋ ਰਹੇ ਹਨ, ਕੀ ਇਹ ਸਿਹਤ ਨੀਤੀ ਇਹਨਾ ਲੋਕਾਂ ਨੂੰ ਆਪਣੇ ਕਲਾਵੇ ਚ ਲੈਣ ਦੇ ਯੋਗ ਹੈ?

ਸਿਹਤ ਖੇਤਰ ਦਾ ਮੌਜੂਦਾ ਢਾਂਚਾ ਉਹਨਾ ਵਿਅਕਤੀਆਂ ਤੱਕ ਸਿਹਤ ਸਹੂਲਤਾਂ ਪਹੁੰਚਾਉਣ ਦੇ ਸਮਰੱਥ ਨਹੀਂ ਹੈ ਜੋ ਸਿਹਤ ਮਸਲਿਆਂ ਪ੍ਰਤੀ ਜਾਗਰੂਕ ਨਹੀਂ ਹੈ। ਅਸਲ ਵਿੱਚ ਸਿਹਤ ਸੇਵਾਵਾਂ ਦੇ ਢਾਂਚੇ, ਧਨ ਦੀ ਉਪਲੱਬਧਤਾ ਈਮਾਨਦਾਰੀ ਨਾਲ ਵਰਤੋਂ ਅਤੇ ਜਨ ਜਾਗਰੂਕਤਾ ਤਿੰਨ ਪੱਧਰਾਂ ਉੱਤੇ ਵੱਡੇ ਪ੍ਰਸ਼ਨ ਉੱਠ ਰਹੇ ਹਨ।

ਦੇਸ਼ ਵਿੱਚ ਡਾਕਟਰਾਂ ਦੀ ਕਮੀ ਹੈ। ਦੇਸ਼ 'ਚ ਡਾਕਟਰੀ ਸਿੱਖਿਆ ਮਹਿੰਗੀ ਹੈ। ਸਿੱਟੇ ਵਜੋਂ ਸਸਤੀ ਸਿੱਖਿਆ ਪ੍ਰਾਪਤੀ ਲਈ ਵਿਦਿਆਰਥੀ ਯੂਕਰੇਨ, ਰੂਸ ਆਦਿ ਦੇਸ਼ਾਂ 'ਚ ਜਾਂਦੇ ਹਨ। ਭਾਰਤ ਵਿੱਚ ਪ੍ਰਤੀ ਇੱਕ ਹਜ਼ਾਰ ਪਿੱਛੇ ਡਾਕਟਰਾਂ ਦੀ ਗਿਣਤੀ 0.7 ਹੈ ਜਦਕਿ ਵਿਸ਼ਵ ਪੱਧਰੀ ਔਸਤ 1.3 ਹੈ। ਦੇਸ਼ ਵਿੱਚ ਚਾਰ ਲੱਖ ਡਾਕਟਰਾਂ, ਲਗਭਗ 40 ਲੱਖ ਨਰਸਾਂ ਦੀ ਘਾਟ ਹੈ। ਇਸ ਤੋਂ ਵੀ ਅਗਲੀ ਗੱਲ ਇਹ ਹੈ ਕਿ ਭਾਰਤ 'ਚ ਸਿਹਤ ਸੇਵਾਵਾਂ ਨਿੱਜੀ ਖੇਤਰ ਵਿੱਚ 70 ਫ਼ੀਸਦੀ ਹਨ, ਜਦਕਿ ਵਿਸ਼ਵ ਪੱਧਰੀ ਔਸਤ 38 ਫ਼ੀਸਦੀ ਹੈ।

"ਸਰਕਾਰੇ ਹਿੰਦ" ਅਤੇ ਸੂਬਾ ਸਰਕਾਰਾਂ ਦੇ ਇਹ ਦਾਅਵੇ ਹਨ ਕਿ ਭਾਰਤ 'ਚ ਸਿਹਤ ਸੇਵਾਵਾਂ ਨਿਰੰਤਰ ਸੁਧਰ ਰਹੀਆਂ ਹਨ। ਪਰ ਅੰਕੜਿਆਂ 'ਚ ਹਕੀਕਤ ਇਹ ਹੈ ਕਿ ਦੇਸ਼ ਦੇ 86 ਫ਼ੀਸਦੀ ਲੋਕਾਂ ਨੂੰ ਆਪਣੀ ਜੇਬ ਵਿਚੋਂ ਹੀ ਸਿਹਤ ਸਜੂਲਤਾਂ ਪ੍ਰਾਪਤ ਕਰਨ ਲਈ ਖ਼ਰਚ ਕਰਨਾ ਪੈਂਦਾ ਹੈ ਅਤੇ ਇਹ ਕਿਸੇ ਤੋਂ ਲੁਕਿਆ ਨਹੀਂ ਹੈ ਕਿ ਗੈਰ-ਸਰਕਾਰੀ ਹਸਪਤਾਲ ਮਨਮਰਜ਼ੀ ਦੇ ਖ਼ਰਚੇ, ਮਰੀਜ਼ਾਂ ਤੋਂ ਬਿਹਤਰ ਇਲਾਜ ਦੇ ਨਾ ਉਤੇ ਵਸੂਲਦੇ ਹਨ। ਕਰੋਨਾ ਕਾਲ 'ਚ ਇਹਨਾ ਹਸਪਤਾਲਾਂ ਅਤੇ ਦਵਾਈਆਂ ਵਾਲੀ ਕੰਪਨੀਆਂ ਨੇ ਚੰਮ ਦੀਆਂ ਚਲਾਈਆਂ ਅਤੇ ਮਰੀਜ਼ਾਂ ਦੀ ਸ਼ਰੇਆਮ ਲੁੱਟ ਕੀਤੀ ਅਤੇ ਸਰਕਾਰ ਚੁੱਪ ਚਾਪ ਤਮਾਸ਼ਾ ਵੇਖਦੀ ਰਹੀ। ਇਸ ਤੋਂ ਵੀ ਸ਼ਰਮਨਾਕ ਗੱਲ ਇਹ ਕਿ ਸਰਕਾਰੀ ਅਣਗਿਹਲੀ ਅਤੇ ਬੇਰੁਖ਼ੀ ਕਾਰਨ ਉਹ ਮਰੀਜ਼ ਮਰ ਗਏ ਜਿਹਨਾ ਪੱਲੇ ਧੇਲਾ ਨਹੀਂ ਸੀ ਅਤੇ ਉਹ ਬਚ ਗਏ ਜਿਹਨਾ ਦੀ ਜੇਬ 'ਚ ਚਾਰ ਛਿੱਲੜ ਸਨ। ਕੋਈ ਛੋਟੀ ਗੱਲ ਨਹੀਂ ਹੈ ਕਿ ਕਰੋਨਾ ਦੇ ਭਿਆਨਕ ਦੌਰ 'ਚ ਆਕਸੀਜਨ ਅਤੇ ਦਵਾਈਆਂ ਦੀ ਘਾਟ ਨਾਲ ਹਸਪਤਾਲਾਂ ਦੇ ਦਰਵਾਜਿਆਂ 'ਚ ਲੋਕ ਦਮ ਤੋੜ ਗਏ। ਗੰਗਾ ਵਿੱਚ ਉਹਨਾ ਲੋਕਾਂ ਦੀਆਂ ਲਾਸ਼ਾਂ ਦੇ ਦ੍ਰਿਸ਼ ਹੁਣ ਵੀ ਭੁਲਾਉਣੇ ਔਖੇ ਹਨ ਅਤੇ ਨਾ ਹੀ ਭੁੱਲਣ ਯੋਗ ਹਨ ਗੰਗਾ ਦੇ ਕਿਨਾਰੇ ਉਹ ਰੇਤਲੀਆਂ ਕਬਰਾਂ , ਜਿਥੇ ਮੁਰਦਾ ਸਰੀਰ ਸੁੱਟ ਦਿੱਤੇ ਗਏ ਸਨ।

ਦੇਸ਼ ਦੇ ਸਿਹਤ ਬਜ਼ਟ ਵਿੱਚ ਹਰ ਸਾਲ ਕਈ ਸਾਲਾਂ ਤੋਂ ਵਾਧਾ ਕੀਤਾ ਜਾ ਰਿਹਾ ਹੈ। ਪਰ ਇਹ ਸਮਝਣਾ ਔਖਾ ਹੈ ਕਿ ਇਨ੍ਹਾਂ ਖ਼ਰਚ ਕਰਨ ਦੇ ਬਾਵਜੂਦ ਵੀ ਸਾਡੇ ਦੇਸ਼ ਵਿੱਚ ਜਨ ਸਿਹਤ ਸੇਵਾਵਾਂ ਦੇ ਹਾਲਾਤ ਬਿਹਤਰ ਨਹੀਂ ਹੋ ਰਹੇ।

ਜਨਸਿਹਤ ਸੇਵਾਵਾਂ ਦਾ ਅਰਥ ਤਾਂ ਇਹ ਹੈ ਕਿ ਸਿਹਤ ਸੇਵਾਵਾਂ ਦੇਸ਼ ਦੇ ਹਰ ਉਸ ਨਾਗਰਿਕ ਨੂੰ ਮਿਲਣ ਜੋ ਇਸ ਤੋਂ ਵਿਰਵਾ ਹੈ। ਸਰਕਾਰੀ ਸੰਸਥਾਵਾਂ 'ਚ ਮਿਲਣ ਵਾਲੀਆਂ ਸੁਵਿਧਾਵਾਂ ਹਰ ਨਾਗਰਿਕ ਦੇ ਪੱਲੇ ਪੈਣ ਬਿਨ੍ਹਾਂ ਕਿਸੇ ਭੇਦ ਭਾਵ ਦੇ। ਉਹਨਾ ਨਾਲ ਸਰਕਾਰੀ ਹਸਪਤਾਲਾਂ, ਸੰਸਥਾਵਾਂ ਵਿੱਚ ਇਕੋ ਜਿਹਾ ਨਿੱਘਾ ਵਰਤਾਰਾ ਹੋਵੇ, ਜਿਹੋ ਜਿਹਾ ਵਰਤਾਰਾ ਮਰੀਜ਼ ਨੂੰ ਨਿੱਜੀ ਹਸਪਤਾਲਾਂ 'ਚ ਮਿਲਦਾ ਹੈ ਭਾਵ ਬਿਹਤਰ ਦੇਖਭਾਲ, ਰੋਗੀ ਨਾਲ ਸਹਿਜ ਬੋਲਚਾਲ ਅਤੇ ਪੂਰੀਆਂ ਸਹੂਲਤਾਂ। ਪਰ ਦੇਸ਼ ਹਾਲੀ ਤੱਕ ਮੁਢਲੀਆਂ ਸਿਹਤ ਸਹੂਲਤਾਂ ਦੇਣ ਦੇ ਯੋਗ ਵੀ ਨਹੀਂ ਹੋ ਸਕਿਆ। ਇਹ ਸਿਹਤ ਸਹੂਲਤਾਂ ਤਾਂ ਗਿਣੇ-ਚੁਣੇ ਕੁਝ ਸਰਕਾਰੀ ਸ਼ਹਿਰਾਂ ਦੇ ਵੱਡੇ ਹਸਪਤਾਲਾਂ ਜਾਂ ਪੰਜ ਤਾਰਾ, ਤਿੰਨ ਤਾਰਾ ਨਿੱਜੀ ਹਸਪਤਾਲਾਂ 'ਚ ਹੀ ਵੱਡੇ ਲੋਕਾਂ ਲਈ ਉਪਲੱਬਧ ਹਨ, ਜਿਥੇ ਇਲਾਜ ਕਰਨ ਦਾ ਸੁਪਨਾ ਸਮਾਜ ਦੇ ਹੇਠਲੇ ਪਾਇਦਾਨ ਤੇ ਖੜੇ ਵਿਅਕਤੀ ਵਲੋਂ ਲਿਆ ਹੀ ਨਹੀਂ ਜਾ ਸਕਦਾ।

# ਭਾਰਤ ਤੇ ਚੀਨ ਲਈ ਰਿਸ਼ਤੇ ਸੁਧਾਰਨ ਦਾ ਵੇਲਾ

**ਸੁਧੀਂਦਰ ਕੁਲਕਰਨੀ**

ਭਾਰਤ ਚੀਨ ਰਿਸ਼ਤਿਆਂ ਉਤੇ ਕਰੀਬ ਦੋ ਸਾਲਾਂ ਤੱਕ ਜੰਮੀ ਰਹੀ ਬਰਫ਼ ਨੇ ਹੁਣ ਪਿਘਲਣਾ ਸ਼ੁਰੂ ਕਰ ਦੇਣ ਨਾਲ ਵੱਖ ਵੱਖ ਸੰਕੇਤ ਮਿਲ ਰਹੇ ਹਨ। ਲੱਦਾਖ ਵਿਚ ਜੂਨ 2020 ਦੌਰਾਨ ਗਲਵਾਨ ਵਾਦੀ ਵਿਚ ਟਕਰਾਅ ਤੋਂ ਬਾਅਦ ਅਸਲ ਕੰਟਰੋਲ ਲਕੀਰ (ਐੱਲਏਸੀ) ਉਤੇ ਬਣਿਆ ਰਿਹਾ ਫ਼ੌਜੀ ਰੇੜਕਾ ਹੁਣ ਬੀਤੇ ਦੀ ਗੱਲ ਬਣਨ ਦੇ ਆਸਾਰ ਹਨ। ਇਉਂ 2022 ਵਿਚ ਏਸ਼ੀਆ ਦੇ ਇਨ੍ਹਾਂ ਦੋਵਾਂ ਵੱਡੇ ਮੁਲਕਾਂ ਦਰਮਿਆਨ ਤਾਲਮੇਲ ਦੇ ਨਵੇਂ ਬੂਹੇ ਖੁੱਲ੍ਹ ਸਕਦੇ ਹਨ। ਪਹਿਲਾਂ ਵਾਲੇ ਹਾਲ ਉਤੇ ਅੱਪੜਨ ਨੂੰ ਤਾਂ ਸਮਾਂ ਲੱਗੇਗਾ, ਤਾਂ ਵੀ ਜਿਹੜਾ ਘਟਨਾਕ੍ਰਮ ਵਾਪਰ ਰਿਹਾ ਹੈ, ਉਸ ਤੋਂ ਦੁਸ਼ਮਣੀ ਦੇ ਖ਼ਾਤਮੇ ਵੱਲ ਵਧਣ ਦੇ ਆਸਾਰ ਬਣ ਰਹੇ ਹਨ।

ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਦੇ ਭਾਰਤ ਤੋਂ ਬਾਅਦ ਉਨ੍ਹਾਂ ਦੇ ਭਾਰਤੀ ਹਮਰੁਤਬਾ ਐੱਸ ਜੈਸ਼ੰਕਰ ਚੀਨ ਦਾ ਦੁਵੱਲਾ ਦੌਰਾ ਕਰਨਗੇ। ਬਿਨਾਂ ਸ਼ੱਕ ਮੰਤਰੀ ਪੱਧਰੀ ਫੇਰੀਆਂ ਦੀ ਬਹਾਲੀ ਦਾ ਮੁੱਖ ਮਕਸਦ ਇਸੇ ਸਾਲ ਹੋਣ ਵਾਲੇ ਬਰਿਕਸ ਸਿਖਰ ਸੰਮੇਲਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚੀਨ ਦੌਰੇ ਦਾ ਰਾਹ ਸਾਫ਼ ਕਰਨਾ ਹੈ। ਭਾਰਤੀ ਪ੍ਰਧਾਨ ਮੰਤਰੀ ਦੀ ਸ਼ਮੂਲੀਅਤ ਤੋਂ ਬਿਨਾਂ ਬਰਿਕਸ ਸਮਾਗਮ ਦਾ ਹੋਣਾ ਜਾਂ ਨਾ ਹੋਣਾ ਇਕ ਬਰਾਬਰ ਹੋਵੇਗਾ। ਦੂਜੇ ਪਾਸੇ ਐੱਲਏਸੀ ਉਤੇ ਬਣੇ ਦੁਵੱਲੇ ਤਣਾਅ ਕਾਫ਼ੀ ਹੱਦ ਤੱਕ ਘਟਾਉਣ ਤੋਂ ਬਿਨਾਂ ਮੋਦੀ ਵੱਲੋਂ ਚੀਨੀ ਸਦਰ ਸ਼ੀ ਜਿਨਪਿੰਗ ਨਾਲ ਆਹਮੋ-ਸਾਹਮਣੀ ਮੁਲਾਕਾਤ ਦੀ ਕੋਈ ਤੁਕ ਨਹੀਂ ਬਣਦੀ।

ਦੋਹਾਂ ਧਿਰਾਂ ਦਾ ਇੰਝ ਆਪਣੇ ਵਿਗੜੇ ਰਿਸ਼ਤਿਆਂ ਨੂੰ ਸੁਧਾਰਨ ਵਾਸਤੇ ਤਿਆਰ ਹੋ ਜਾਣ ਦਾ ਕਾਰਨ ਆਖ਼ਰ ਕੀ ਹੈ? ਪਹਿਲਾ, ਨਾ ਸਿਰਫ਼ ਪੇਈਚਿੰਗ ਸਗੋਂ ਨਵੀਂ ਦਿੱਲੀ ਵਿਚ ਵੀ ਇਸ ਗੱਲ ਦਾ ਅਹਿਸਾਸ ਹੁੰਦਾ ਜਾਣਾ ਕਿ ਇਕ-ਦੂਜੇ ਨੂੰ ਡੌਲ਼ੇ ਦਿਖਾਉਣ ਤੇ ਦਬਕਾਉਣ ਵਾਲਾ ਕੰਮ ਬਹੁਤਾ ਚਿਰ ਨਹੀਂ ਚੱਲ ਸਕਦਾ। ਹੈਰਾਨੀ ਦੀ ਗੱਲ ਹੈ ਕਿ ਇਸ ਵਿਚਾਰ ਨੂੰ ਹੁਲਾਰਾ ਪਹਿਲਾਂ ਚੀਨ ਵਾਲੇ ਪਾਸਿਉਂ ਮਿਲਿਆ, ਜਦੋਂ ਉਥੋਂ ਦੇ ਵਿਦੇਸ਼ ਮੰਤਰੀ ਨੇ 7 ਮਾਰਚ ਨੂੰ ਕਿਹਾ: ਸਾਨੂੰ ਇਕ-ਦੂਜੇ ਦੀ ਤਾਕਤ ਨੂੰ ਬਰਬਾਦ ਕਰਨ ਦੀ ਥਾਂ ਇਕ-ਦੂਜੇ ਦੀ ਆਪਣੇ ਟੀਚੇ ਸਰ ਕਰਨ ਲਈ ਮਦਦ ਕਰਨੀ ਚਾਹੀਦੀ ਹੈ।



ਇਕ-ਦੂਜੇ ਦੀ ਤਾਕਤ ਦੀ 'ਬਰਬਾਦੀ' ਉਦੋਂ ਸਭ ਦੇ ਸਾਹਮਣੇ ਸੀ ਜਦੋਂ ਦੋਵਾਂ ਧਿਰਾਂ ਨੇ ਐੱਲਏਸੀ ਦੇ ਆਪੋ-ਆਪਣੇ ਪਾਸੇ ਕਰੀਬ 50 ਹਜ਼ਾਰ ਫ਼ੌਜੀ ਜਵਾਨ ਤਾਇਨਾਤ ਕਰ ਦਿੱਤੇ ਅਤੇ ਨਾਲ ਹੀ ਭਾਰੀ ਹਥਿਆਰ ਬੀੜ ਦਿੱਤੇ। ਇਸ ਬਾਰੇ ਕੋਰ ਕਮਾਂਡਰ ਪੱਧਰ ਦੀ ਗੱਲਬਾਤ ਦੇ 15 ਗੇੜ ਹੋ ਜਾਣ ਤੋਂ ਬਾਅਦ ਵੀ ਹਥਿਆਰਾਂ ਅਤੇ ਫ਼ੌਜੀ ਦਸਤਿਆਂ ਦੀ ਮੁਕੰਮਲ ਵਾਪਸੀ ਅਤੇ ਤਣਾਅ ਘਟਾਉਣ ਦੀ ਕਾਰਵਾਈ ਭੁਲੇਖਾ-ਪਾਊ ਹੀ ਬਣੀ ਹੋਈ ਹੈ। ਸਿਆਸੀ ਹੱਲ ਦੀ ਹਣਹੋਂਦ ਵਿਚ ਇਸ ਤਰ੍ਹਾਂ ਦੇ ਲਗਾਤਾਰ ਜਾਰੀ ਰਹਿਣ ਵਾਲੇ ਰੇੜਕੇ ਦਾ ਆਪਣਾ ਭੜਕਾਊ ਫ਼ੌਜੀ ਤਰਕ ਹੁੰਦਾ ਹੈ ਜਿਸ ਦੇ ਅਣਕਿਆਸੇ ਸਿੱਟੇ ਦੋਵਾਂ ਧਿਰਾਂ ਲਈ ਉਲਝਣਾਂ ਪੈਦਾ ਕਰ ਸਕਦੇ ਹਨ।

ਦੂਜਾ, ਦੋਵਾਂ ਮੁਲਕਾਂ ਨੇ ਅਹਿਸਾਸ ਕਰ ਲਿਆ ਹੈ ਕਿ ਦੁਵੱਲੇ ਰਿਸ਼ਤਿਆਂ ਨੂੰ ਨਾ ਤਾਂ ਐੱਲਏਸੀ ਘਟਨਾ ਤੱਕ ਸੀਮਤ ਕੀਤਾ ਜਾ ਸਕਦਾ ਹੈ ਤੇ ਨਾ ਹੀ ਉਸ ਕਾਰਨ ਇਨ੍ਹਾਂ ਰਿਸ਼ਤਿਆਂ ਨੂੰ ਠੱਪ ਹੀ ਕੀਤਾ ਜਾ ਸਕਦਾ ਹੈ। ਸੰਸਾਰ ਦੇ ਦੋ ਵੱਡੇ ਮੁਲਕ ਹੋਣ ਦੇ ਨਾਤੇ ਉਨ੍ਹਾਂ ਨੂੰ ਉਸ ਵੱਡੀ ਧਰਾਤਲ ਤੋਂ ਧਿਆਨ ਲਾਂਭੇ ਨਹੀਂ ਕਰਨਾ ਚਾਹੀਦਾ ਜਿਹੜਾ ਉਨ੍ਹਾਂ ਨੂੰ ਵਿਆਪਕ ਮੁੱਦਿਆਂ ਉਤੇ ਆਪਸੀ ਤੌਰ ਤੇ ਲਾਹੇਵੰਦ ਤਰੀਕਿਆਂ ਰਾਹੀਂ ਇਕ-ਦੂਜੇ ਨਾਲ ਮੇਲਜੋਲ ਕਰਨ ਦਾ ਮੌਕਾ ਦਿੰਦਾ ਹੈ। ਇਨ੍ਹਾਂ ਵਿਚ ਆਰਥਿਕ ਸਹਿਯੋਗ, ਵਪਾਰ ਤੇ ਨਿਵੇਸ਼, ਵਾਤਾਵਰਨ ਸਬੰਧੀ ਕਾਰਵਾਈ, ਨਵੀਂ ਊਰਜਾ ਤੇ ਡਿਜੀਟਲ ਤਕਨਾਲੋਜੀ, ਇਲਾਕਾਈ ਅਮਨ, ਸਥਿਰਤਾ ਤੇ ਸੰਪਰਕ, ਸਮਾਜਿਕ-ਸੱਭਿਆਚਾਰਕ ਵਟਾਂਦਰੇ ਅਤੇ ਬਹੁਧਿਰ ਵਾਲੇ ਦੌਰ ਦੌਰਾਨ ਨਵੇਂ ਤੇ ਬਿਹਤਰ ਆਲਮੀ ਢਾਂਚੇ ਨੂੰ ਆਕਾਰ ਦੇਣਾ ਸ਼ਾਮਲ ਹਨ।

ਜਿਥੇ ਦੋ ਮੁਲਕਾਂ ਦੇ ਨਜ਼ਰੀਏ ਅਤੇ ਹਿੱਤ ਕੁਝ ਮਾਮਲਿਆਂ ਵਿਚ ਵੱਖੋ-ਵੱਖ ਹੁੰਦੇ ਹਨ, ਉੱਥੇ ਹੋਰ ਕੁਝ ਮਾਮਲਿਆਂ ਵਿਚ ਇਹ ਇਕੋ ਜਿਹੇ ਵੀ ਹੁੰਦੇ ਹਨ। ਸਿਖਰਲੇ ਪੱਧਰਾਂ ਉਤੇ ਗੱਲਬਾਤ ਤੋਂ ਬਿਨਾਂ ਨਾ ਤਾਂ ਇਸ ਆਪਸੀ ਇਕਸਾਰਤਾ ਦਾ ਲਾਹਾ ਲਿਆ ਜਾ ਸਕਦਾ ਹੈ ਤੇ ਨਾ ਹੀ ਹਿੱਤਾਂ ਦੇ ਵਖਰੇਵਿਆਂ ਨੂੰ ਹੀ ਅਸਰਦਾਰ ਢੰਗ ਨਾਲ ਸੰਭਾਲਿਆ ਜਾ ਸਕਦਾ ਹੈ। ਅਫ਼ਸੋਸ ਕਿ ਐੱਲਏਸੀ ਉਤੇ ਲੜਾਈ ਦੀ ਘਟਨਾ ਤੋਂ ਬਾਅਦ ਭਾਰਤ ਅਤੇ ਚੀਨ ਦਰਮਿਆਨ ਇਹ ਅਮਲ ਰੁਕਿਆ ਹੋਇਆ ਸੀ। ਦੋ ਸਾਲਾਂ ਦੌਰਾਨ ਮੋਦੀ ਅਤੇ ਸ਼ੀ ਦਰਮਿਆਨ ਕੋਈ ਸਿੱਧਾ ਸੰਪਰਕ ਨਹੀਂ ਹੋਇਆ ਜੋ ਇਸ ਤੋਂ ਪਹਿਲਾਂ 18 ਵਾਰ ਮਿਲੇ ਸਨ ਅਤੇ ਉਨ੍ਹਾਂ ਦਰਮਿਆਨ ਦੋ ਗ਼ੈਰ-ਰਸਮੀ ਸਿਖਰ ਸੰਮੇਲਨ ਵੀ ਹੋਏ ਸਨ। ਇਹ ਰੇੜਕਾ ਹੁਣ ਬੋਝ ਬਣ ਗਿਆ ਸੀ।

ਤੀਜਾ ਕਾਰਕ ਜਿਸ ਤੋਂ ਭਾਰਤ ਅਤੇ ਚੀਨ ਦਰਮਿਆਨ ਆਪਸੀ ਤਾਲਮੇਲ ਦੀ ਲੋੜ ਮਹਿਸੂਸ ਹੋਈ, ਉਹ ਹੈ ਤੇਜ਼ੀ ਨਾਲ ਬਦਲ ਰਹੇ ਇਲਾਕਾਈ ਤੇ ਆਲਮੀ ਹਾਲਾਤ। ਦੋਵਾਂ ਮੁਲਕਾਂ ਦੇ ਹੀ ਅਮਨ, ਸਥਿਰਤਾ ਅਤੇ ਤਾਲਿਬਾਨ ਦੀ ਹਕੂਮਤ ਵਾਲੇ ਅਫ਼ਗਾਨਿਸਤਾਨ ਵਿਚੋਂ ਅਮਰੀਕੀ ਫ਼ੌਜੀ ਦਸਤਿਆਂ ਦੀ ਮੁਕੰਮਲ ਵਾਪਸੀ ਤੋਂ ਬਾਅਦ ਕੌਮੀ ਮੁੜ-ਉਸਾਰੀ ਪੱਖੋਂ ਆਪੋ-ਆਪਣੇ ਹਿੱਤ ਹਨ। ਦੋਵੇਂ ਚਾਹੁੰਦੇ ਹਨ ਕਿ ਖਿੱਤਾ ਦਹਿਸ਼ਤਗਰਦੀ, ਮਜ਼ਹਬੀ ਇੰਤਹਾਪਸੰਦੀ ਅਤੇ ਅਲਹਿਦਗੀ-ਪਸੰਦ ਤਾਕਤਾਂ ਦੇ ਪ੍ਰਭਾਵ ਤੋਂ ਬਚਿਆ ਰਹੇ। ਇਹ ਟੀਚੇ ਮੁੱਖ ਇਲਾਕਾਈ ਤਾਕਤਾਂ ਜਿਨ੍ਹਾਂ ਵਿਚ ਪਾਕਿਸਤਾਨ ਵੀ ਸ਼ਾਮਲ ਹੈ, ਦਰਮਿਆਨ ਗੱਲਬਾਤ ਤੇ ਤਾਲਮੇਲ ਤੋਂ ਬਿਨਾਂ ਸਰ ਨਹੀਂ ਕੀਤੇ ਜਾ ਸਕਦੇ। ਇਹ ਗੱਲ ਵੀ ਗ਼ੌਰ ਕਰਨ ਵਾਲੀ ਹੈ ਕਿ ਪਾਕਿਸਤਾਨ ਉਤੇ ਚੀਨ ਦਾ ਭਾਰੀ ਪ੍ਰਭਾਵ ਹੈ। ਯੂਕਰੇਨ ਵਿਚ ਰੂਸ ਦੀ ਜੰਗ ਨੇ ਵੀ ਅਜਿਹੇ ਅਣਸਰਦੇ ਹਾਲਾਤ ਪੈਦਾ ਕੀਤੇ ਹਨ ਕਿ ਭਾਰਤ ਅਤੇ ਚੀਨ ਆਪਣੀਆਂ ਸੰਭਾਵਨਾਵਾਂ ਤੇ ਕਾਰਵਾਈਆਂ ਵਿਚ ਤਾਲਮੇਲ ਬਿਠਾਉਣ, ਕਿਉਂਕਿ ਦੋਵਾਂ ਦੇ ਹੀ ਮਾਸਕੋ ਨਾਲ ਦੋਸਤਾਨਾ ਰਿਸ਼ਤੇ ਹਨ। ਭਾਰਤ ਦੀ ਆਜ਼ਾਦਾਨਾ ਵਿਦੇਸ਼ ਨੀਤੀ ਅਤੇ ਇਸ ਵੱਲੋਂ ਆਪਣੀ 'ਰਣਨੀਤਕ ਖ਼ੁਦਮੁਖ਼ਤਾਰੀ' ਦੀ ਕੀਤੀ ਵਰਤੋਂ ਜਿਹੜੀ ਇਸ ਵੱਲੋਂ ਅਮਰੀਕਾ ਦੇ ਜ਼ੋਰ ਪਾਏ ਜਾਣ ਦੇ ਬਾਵਜੂਦ ਰੂਸ ਵਿਰੋਧੀ ਸਟੈਂਡ ਲੈਣ ਤੋਂ ਇਨਕਾਰੀ ਹੋਣ ਦੀ ਕਾਰਵਾਈ ਤੋਂ ਜ਼ਾਹਰਾ ਤੌਰ ਤੇ ਦਿਖਾਈ ਦਿੱਤੀ, ਨੂੰ ਯਕੀਨਨ ਚੀਨ ਨੇ ਵੀ ਅਣਡਿੱਠ ਨਹੀਂ ਕੀਤਾ ਹੋਵੇਗਾ। ਪੇਈਚਿੰਗ ਹਮੇਸ਼ਾ ਦਾਅਵਾ ਕਰਦਾ ਰਿਹਾ ਹੈ ਕਿ 'ਕੁਝ ਤਾਕਤਾਂ ਨੇ ਦੋਹਾਂ ਏਸ਼ਿਆਈ ਮੁਲਕਾਂ ਦਰਮਿਆਨ ਵੰਡੀਆਂ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ।' ਇਸ ਕਾਰਨ ਹੁਣ ਭਾਰਤ ਅਤੇ ਚੀਨ ਕੋਲ ਮੌਕਾ ਵੀ ਹੈ ਅਤੇ ਉਨ੍ਹਾਂ ਦੀ ਜਿ ?ਮੇਵਾਰੀ ਵੀ ਹੈ ਕਿ ਉਹ ਯੂਕਰੇਨ ਵਿਚ ਜੰਗ ਰੁਕਵਾਉਣ ਲਈ ਕੋਈ ਸਾਂਝੀ ਪਹਿਲਕਦਮੀ ਕਰਨ। ਜੇ ਅਜਿਹਾ ਹੋ ਜਾਂਦਾ ਹੈ ਤਾਂ ਇਹ ਪਹਿਲੀ ਵਾਰ ਹੋਵੇਗੀ ਜਦੋਂ ਏਸ਼ੀਆ ਵੱਲੋਂ ਯੂਰੋਪ ਵਿਚ ਅਮਨ ਨੂੰ ਹੁਲਾਰਾ ਦੇਣ ਵਾਲੀ ਭੂਮਿਕਾ ਨਿਭਾਈ ਜਾਵੇਗੀ।

ਚੀਨ ਨੇ ਹੋਰ ਤਰੀਕਿਆਂ ਨਾਲ ਇਸ਼ਾਰੇ ਕੀਤੇ ਹਨ ਕਿ ਉਹ ਨਵੇਂ ਆਲਮੀ ਢਾਂਚੇ ਨੂੰ ਤਰਤੀਬ ਦੇਣ ਪੱਖੋਂ ਭਾਰਤ ਦੀ ਅਹਿਮੀਅਤ ਨੂੰ ਤਸਲੀਮ ਕਰਦਾ ਹੈ। ਇਹ ਗੱਲ ਵਾਂਗ ਯੀ ਦੀਆਂ ਹਾਲੀਆ ਟਿੱਪਣੀਆਂ ਤੋਂ ਜ਼ਾਹਰ ਹੋ ਜਾਂਦੀ ਹੈ; ਉਨ੍ਹਾਂ ਕਿਹਾ ਹੈ, ਚੀਨ ਤੇ ਭਾਰਤ ਨੂੰ ਆਪਸੀ ਭਾਈਵਾਲ ਤੇ ਦੋਸਤ ਬਣ ਜਾਣਾ ਚਾਹੀਦਾ ਹੈ ਅਤੇ ਸਾਨੂੰ ਇਕ-ਦੂਜੇ ਲਈ ਖ਼ਤਰਾ ਨਹੀਂ ਬਣਨਾ ਚਾਹੀਦਾ ਸਗੋਂ ਇਕ-ਦੂਜੇ ਦੇ ਵਿਕਾਸ ਲਈ ਮੌਕਾ ਬਣਨਾ ਚਾਹੀਦਾ ਹੈ। ਚੀਨ ਤੇ ਭਾਰਤ ਦੋ ਪ੍ਰਾਚੀਨ ਸੱਭਿਅਤਾਵਾਂ ਹਨ, ਦੋ ਉੱਭਰਦੇ ਅਰਥਚਾਰੇ ਅਤੇ ਨਾਲ ਹੀ ਗੁਆਂਢੀ ਵੀ ਹਨ ਤੇ ਚਾਹ ਕੇ ਵੀ ਇਕ-ਦੂਜੇ ਤੋਂ ਦੂਰ ਨਹੀਂ ਜਾ ਸਕਦੇ। ਜਦੋਂ ਅਸੀਂ ਆਪਸੀ ਭਰੋਸਾ ਕਾਇਮ ਕਰ ਲਵਾਂਗੇ ਤਾਂ ਹਿਮਾਲਾ ਵੀ ਸਾਡੇ ਦੋਸਤਾਨਾ ਮੇਲਜੋਲ ਨੂੰ ਰੋਕ ਨਹੀਂ ਸਕੇਗਾ।

ਰਿਸ਼ਤਿਆਂ ਦੀ ਗ਼ਰਦ ਝਾੜਨ ਲਈ ਚੀਨ ਨੇ 2022 ਵਿਚ ਅਹਿਮ ਤਜਵੀਜ਼ 'ਭਾਰਤ-ਚੀਨ ਸੱਭਿਅਤਾ-ਗੱਲਬਾਤ' ਦੀ ਦਿੱਤੀ ਹੈ। ਇਹ ਬਹੁਤ ਅਹਿਮ ਗੱਲ ਹੈ। ਮਈ 2019 ਵਿਚ ਸ਼ੀ ਨੇ ਪੇਈਚਿੰਗ ਵਿਚ ਏਸ਼ਿਆਈ ਸੱਭਿਅਤਾਵਾਂ ਬਾਰੇ ਕਾਨਫਰੰਸ ਦੀ ਮੇਜ਼ਬਾਨੀ ਕੀਤੀ ਸੀ ਜਿਸ ਵਿਚ ਇਸ ਲੇਖਕ ਨੇ ਵੀ ਹਾਜ਼ਰੀ ਭਰੀ ਸੀ। ਭਾਰਤ ਨੇ ਭਾਵੇਂ ਉਦੋਂ ਮੁਲਕ ਵਿਚ ਜਾਰੀ ਆਮ ਚੋਣਾਂ ਕਾਰਨ ਇਸ ਕਾਨਫਰੰਸ ਵਿਚ ਅਧਿਕਾਰਤ ਤੌਰ ਤੇ ਸ਼ਮੂਲੀਅਤ ਨਹੀਂ ਕੀਤੀ ਸੀ ਪਰ ਇਸ ਮੌਕੇ ਸ਼ੀ ਨੇ ਰਿਗਵੇਦ, ਗੰਗਾ ਤੇ ਸਿੰਧੂ ਦਰਿਆਵਾਂ ਅਤੇ ਬੁੱਧ ਮਤ ਦੇ ਬੇਸ਼ਕੀਮਤੀ ਤੋਹਫ਼ੇ ਦਾ ਜਿ ?ਕਰ ਕਰਦਿਆਂ ਏਸ਼ਿਆਈ ਸੱਭਿਅਤਾਵਾਂ ਦੀ ਅਮੀਰੀ ਵਿਚ ਭਾਰਤ ਦੇ ਯੋਗਦਾਨ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਸੀ। ਮਹਾਨ ਤਥਾਗਤ ਬੁੱਧ ਨੇ ਕਿਹਾ ਸੀ: ਝਗੜੇ ਦਾ ਬਿਹਤਰੀਨ ਹੱਲ ਉਹੋ ਹੁੰਦਾ ਹੈ ਜਿਸ ਵਿਚ ਕੋਈ ਵੀ ਹਾਰੇ ਨਾ ਅਤੇ ਦੋਵੇਂ ਧਿਰਾਂ ਜੇਤੂ ਹੋਣ। ਕੀ ਇਹ ਦੋਵਾਂ ਭਾਰਤ ਅਤੇ ਚੀਨ ਲਈ ਇਸ ਗਿਆਨਵਾਨ ਉਪਦੇਸ਼ ਉਤੇ ਗ਼ੌਰ ਕਰਨ ਦਾ ਸਹੀ ਸਮਾਂ ਨਹੀਂ ਹੈ?

ਦੋਵਾਂ ਮੁਲਕਾਂ ਦਰਮਿਆਨ ਜਿਹੜਾ ਸਰਹੱਦੀ ਝਗੜਾ ਹੈ, ਉਸ ਦਾ ਲਾਜ਼ਮੀ ਸਿੱਟਾ ਐੱਲਏਸੀ ਸੀ ਪਰ ਇਸ ਝਗੜੇ ਨੂੰ ਆਪਸੀ ਸਮਝੌਤੇ ਰਾਹੀਂ ਸੁਲਝਾਇਆ ਜਾ ਸਕਦਾ ਹੈ।

ਇਸ ਲਈ ਜ਼ਰੂਰੀ ਹੈ ਕਿ ਦੋਵੇਂ ਧਿਰਾਂ ਆਪੋ-ਆਪਣੀ ਸਥਿਤੀ ਤੋਂ ਕੁਝ ਨਾ ਕੁਝ ਪਿੱਛੇ ਹਟਦਿਆਂ ਆਪਸੀ ਸਤਿਕਾਰ, ਸੰਵੇਦਨਸ਼ੀਲਤਾ, ਹਿੱਤਾਂ ਅਤੇ ਮੇਲਜੋਲ ਦੀ ਭਾਵਨਾ ਨਾਲ ਇਕ-ਦੂਜੇ ਵੱਲ ਅੱਗੇ ਵਧਣ।

ਪੱਛਮ ਦੇ ਖ਼ੁਦਗਰਜ਼ ਅਤੇ ਹਿੰਸਕ ਤਰੀਕਿਆਂ ਦੀ ਨਕਲ ਕਰਨ ਦੀ ਥਾਂ ਭਾਰਤ ਅਤੇ ਚੀਨ ਨੂੰ ਆਪਣੀ 5000 ਸਾਲ ਪੁਰਾਣੀ ਸੱਭਿਅਤਾ ਦੀ ਵਿਰਾਸਤ ਨੂੰ ਤਲਾਸ਼ਣਾ ਅਤੇ ਉਸ ਮਾਰਗ ਉਤੇ ਅੱਗੇ ਵਧਣਾ ਚਾਹੀਦਾ ਹੈ। ਇਸ ਵਿਚ ਨਾਕਾਮ ਰਹਿਣਾ ਦਾ ਸਿੱਟਾ ਯਕੀਨਨ ਗਲਵਾਨ ਵਾਦੀ ਵਰਗੇ ਹੋਰ ਟਕਰਾਵਾਂ ਅਤੇ ਇਸ ਤੋਂ ਵੀ ਭਿਆਨਕ ਰੂਪ ਵਿਚ ਨਿਕਲੇਗਾ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।


Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com


Regina
Gurbinder Singh Gagowal
306 520 4313, 639 999 1000
Email: gur.gago@gmail.com


Saskatoon
Rishi Joshi
639 742 1200
639 999 1000
Rishijoshi1990@hotmail.com


Winnipeg
Lakha Sehajpal Daudhar
204 891 0031
431 733 3000
lakhadaudhar007@gmail.com


Winnipeg
Amritpal Singh Kang
204 218 3852
431 733 3000
just4kang@gmail.com

## ਖ਼ਬਰ ਪੰਜਾਬ ਤੋਂ ਆਈ ਐ ਬਈ--

# ਪਾਕਿਸਤਾਨ 'ਚ ਦੋ ਸਿੱਖ ਕਾਰੋਬਾਰੀਆਂ ਦੀ ਹੱਤਿਆ







ਅੰਮ੍ਰਿਤਸਰ/ਪਿਸ਼ਾਵਰ (ਪੰਜਾਬੀ ਅਖਬਾਰ ਬਿਊਰੋ)- ਪਾਕਿਸਤਾਨ ਦੇ ਉੱਤਰ-ਪੱਛਮੀ ਸੂਬੇ ਖ਼ੈਬਰ ਪਖਤੂਨਖਵਾ 'ਚ ਅੱਜ ਮੋਟਰਸਾਈਕਲ 'ਤੇ ਆਏ ਦੋ ਅਣਪਛਾਤੇ ਬੰਦੂਕਧਾਰੀਆਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਦੋ ਸਿੱਖ ਕਾਰੋਬਾਰੀਆਂ ਦੀ ਹੱਤਿਆ ਕਰ ਦਿੱਤੀ। ਅਫ਼ਗਾਨਿਸਤਾਨ ਦੀ ਸਰਹੱਦ ਨਾਲ ਲਗਦੇ ਗੜਬੜ ਵਾਲੇ ਸੂਬੇ 'ਚ ਘੱਟ ਗਿਣਤੀ ਭਾਈਚਾਰੇ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾ ਕੇ ਜਾਨੋਂ ਮਾਰਨ ਦੀ ਇਹ ਤਾਜ਼ੀ ਘਟਨਾ ਹੈ। ਮ੍ਰਿਤਕਾਂ ਦੀ ਪਛਾਣ ਕੰਵਲਜੀਤ ਸਿੰਘ (42) ਅਤੇ ਰਣਜੀਤ ਸਿੰਘ (38) ਵਜੋਂ ਹੋਈ ਹੈ। ਸਦਰ ਐੱਸਪੀ ਅਤੀਕ ਹੁਸੈਨ ਨੇ ਜੀਓ ਨਿਊਜ਼ ਨੂੰ ਦੱਸਿਆ ਕਿ ਅਤਿਵਾਦ ਦੇ ਟਾਕਰੇ ਲਈ ਬਣੇ ਵਿਭਾਗ ਨੇ ਹੱਤਿਆ ਦਾ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਕਿਹਾ, "ਇਹ ਦਹਿਸ਼ਤੀ ਹਮਲਾ ਜਾਪਦਾ ਹੈ। ਸੀਸੀਟੀਵੀ ਫੁਟੇਜ ਖੰਗਾਲੇ ਜਾ ਰਹੇ ਹਨ ਅਤੇ ਸ਼ੱਕੀਆਂ ਨੂੰ ਛੇਤੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।" ਇਸ ਘਟਨਾ ਦੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਸਖ਼ਤ ਨਿੰਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਪਾਕਿਸਤਾਨ ਵਿਚ ਵਸਦੇ ਘੱਟ ਗਿਣਤੀ ਸਿੱਖਾਂ ਦੇ ਜਾਨ-ਮਾਲ ਦੀ ਸੁਰੱਖਿਆ ਦੀ ਮੰਗ ਕੀਤੀ ਹੈ।

ਪੁਲੀਸ ਮੁਤਾਬਕ ਬਾਈਕ ਸਵਾਰ ਦੋ ਹਮਲਾਵਰਾਂ ਨੇ ਅੱਜ ਸਵੇਰੇ ਦੋਵੇਂ ਸਿੱਖਾਂ 'ਤੇ ਹਮਲਾ ਕੀਤਾ ਅਤੇ ਉਨ੍ਹਾਂ ਦੀ ਥਾਂ 'ਤੇ ਹੀ ਮੌਤ ਹੋ ਗਈ। ਦੋਹਾਂ ਦੀਆਂ ਪਿਸ਼ਾਵਰ ਤੋਂ ਕਰੀਬ 17 ਕਿਲੋਮੀਟਰ ਸਰਬੰਦ ਦੇ ਬਾਟਾਤਾਲ ਬਾਜ਼ਾਰ 'ਚ ਕਰਿਆਨੇ ਅਤੇ ਮਸਾਲਿਆਂ ਆਦਿ ਦੀਆਂ ਦੁਕਾਨਾਂ ਸਨ। ਸਿੱਖਾਂ ਦੀ ਹੱਤਿਆ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਨੇ ਲਈ ?ਹੈ। ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਸਿੱਖਾਂ ਦੀ ਹੱਤਿਆ ਦੀ ਨਿਖੇਧੀ ਕਰਦਿਆਂ ਕਿਹਾ ਕਿ ਪਾਕਿਸਤਾਨ ਨਾਲ ਦੁਸ਼ਮਣੀ ਕਾਰਨ 'ਅਤਿਵਾਦ ਦੇ ਕਾਰੇ' ਨੂੰ ਅੰਜਾਮ ਦਿੱਤਾ ਗਿਆ ਹੈ। ਉਨ੍ਹਾਂ ਦੇਸ਼ ਦੇ ਦੁਸ਼ਮਣਾਂ ਨੂੰ ਖ਼ਤਮ ਕਰਨ ਦਾ ਅਹਿਦ ਲਿਆ। ਉਨ੍ਹਾਂ ਪਰਿਵਾਰਾਂ ਨਾਲ ਹਮਦਰਦੀ ਜਤਾਉਂਦਿਆਂ ਖੈਬਰ ਪਖਤੂਨਖਵਾ ਸੂਬੇ ਦੇ ਮੁੱਖ ਮੰਤਰੀ ਨੂੰ ਗ਼ੈਰ-ਮੁਸਲਿਮਾਂ ਦੇ ਜਾਨ-ਮਾਲ ਦੀ ਰੱਖਿਆ ਕਰਨ ਲਈ ਕਦਮ ਉਠਾਉਣ ਦੀ ਅਪੀਲ ਕੀਤੀ। ਅੰਦਰੂਨੀ ਮਾਮਲਿਆਂ ਬਾਰੇ ਮੰਤਰੀ ਰਾਣਾ ਸਨਾਉੱਲ੍ਹਾ ਨੇ ਹਮਲੇ ਲਈ ਖ਼ੈਬਰ ਪਖਤੂਨਖਵਾ ਸਰਕਾਰ ਦੀ ਆਲੋਚਨਾ ਕਰਦਿਆਂ ਸੂਬੇ ਦੇ ਮੁੱਖ ਸਕੱਤਰ ਅਤੇ ਆਈਜੀ ਤੋਂ ਰਿਪੋਰਟ ਮੰਗ ਲਈ ਹੈ। ਵਿਦੇਸ਼ ਮੰਤਰੀ ਬਿਲਾਵਲ ਭੁੱਟੋ-ਜ਼ਰਦਾਰੀ ਨੇ ਸਿੱਖਾਂ ਦੀ ਹੱਤਿਆ ਦੇ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਖ਼ੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਮਹਿਮੂਦ ਖ਼ਾਨ ਨੇ ਹਮਲੇ ਦੀ ਨਿਖੇਧੀ ਕਰਦਿਆਂ ਪੁਲੀਸ ਨੂੰ ਨਿਰਦੇਸ਼ ਦਿੱਤੇ ਕਿ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਫ਼ੌਰੀ ਕਦਮ ਉਠਾਏ ਜਾਣ। ਉਨ੍ਹਾਂ ਕਿਹਾ ਕਿ ਇਹ ਘਟਨਾ ਸੂਬੇ 'ਚ ਧਾਰਮਿਕ ਸਦਭਾਵਨਾ ਦੇ ਮਾਹੌਲ ਨੂੰ ਵਿਗਾੜਨ ਦੀ ਸਾਜ਼ਿਸ਼ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਇਨਸਾਫ਼ ਦਿਵਾਇਆ ਜਾਵੇਗਾ। ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਕਿ ਸਿੱਖ ਭਾਈਚਾਰੇ ਨੂੰ ਖ਼ੈਬਰ ਪਖਤੂਨਖਵਾ 'ਚ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਮੰਗ ਕੀਤੀ ਕਿ ਪੁਲੀਸ ਸਾਜ਼ਿਸ਼ਕਾਰਾਂ ਦੀ ਤੁਰੰਤ ਸ਼ਨਾਖ਼ਤ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰੇ। ਆਲ ਪਾਕਿਸਤਾਨ ਉਲੇਮਾ ਕੌਂਸਲ ਨੇ ਵੀ ਹੱਤਿਆਵਾਂ ਦੀ ਨਿਖੇਧੀ ਕਰਦਿਆਂ ਪਿਸ਼ਾਵਰ ਪ੍ਰਸ਼ਾਸਨ ਨੂੰ ਗ਼ੈਰ-ਮੁਸਲਿਮ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ ਹੈ। ਪਿਸ਼ਾਵਰ 'ਚ ਕਰੀਬ 15 ਹਜ਼ਾਰ ਸਿੱਖ ਰਹਿੰਦੇ ਹਨ ਅਤੇ ਇਨ੍ਹਾਂ 'ਚੋਂ ਜ਼ਿਆਦਾਤਰ ਸਿੱਖ ਆਪਣਾ ਕਾਰੋਬਾਰ ਕਰਦੇ ਹਨ ਅਤੇ ਕੁਝ ਦੀਆਂ ਫਾਰਮੇਸੀਆਂ ਵੀ ਹਨ। ਸਾਲ 2020 'ਚ ਨਿਊਜ਼ ਚੈਨਲ ਦੇ ਐਂਕਰ ਰਵਿੰਦਰ ਸਿੰਘ ਦੀ ਸ਼ਹਿਰ 'ਚ ਹੱਤਿਆ ਕਰ ਦਿੱਤੀ ਗਈ ਸੀ। ਇਸੇ ਤਰ੍ਹਾਂ 2018 'ਚ ਚਰਨਜੀਤ ਸਿੰਘ ਅਤੇ 2016 'ਚ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਨੈਸ਼ਨਲ ਅਸੈਂਬਲੀ 'ਚ ਮੈਂਬਰ ਸੋਰੇਨ ਸਿੰਘ ਦੀ ਪਿਸ਼ਾਵਰ 'ਚ ਹੱਤਿਆ ਕਰ ਦਿੱਤੀ ਗਈ ਸੀ।

ਪਿਸ਼ਾਵਰ 'ਚ ਦੋ ਸਿੱਖ ਦੀ ਹੱਤਿਆ ਦੀ ਨਿਖੇਧੀ ਕਰਦਿਆਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ ਨੇ ਪਾਕਿਸਤਾਨ ਅਤੇ ਖੈਬਰ ਪਖਤੂਨਖਵਾ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਉਨ੍ਹਾਂ ਆਖਿਆ ਕਿ ਪਾਕਿਸਤਾਨ ਵਿਚ ਵਸਦੇ ਸਿੱਖ ਮੁਲਕ ਨੂੰ ਪਿਆਰ ਕਰਦੇ ਹਨ ਪਰ ਕੁਝ ਤਾਕਤਾਂ ਸਿੱਖਾਂ ਅਤੇ ਮੁਸਲਮਾਨਾਂ ਦੀ ਸਾਂਝ ਤੋੜਨਾ ਚਾਹੁੰਦੀਆਂ ਹਨ। 'ਸਰਕਾਰ ਇਨ੍ਹਾਂ ਤਾਕਤਾਂ ਨੂੰ ਬੇਨਕਾਬ ਕਰੇ ਅਤੇ ਸਿੱਖਾਂ 'ਤੇ ਜ਼ੁਲਮ ਦੀਆ ਘਟਨਾਵਾਂ ਨੂੰ ਰੋਕਿਆ ਜਾਵੇ।' ਉਨ੍ਹਾਂ ਸਰਕਾਰ ਨੂੰ ਆਖਿਆ ਕਿ ਅਜਿਹੀਆਂ ਘਟਨਾਵਾਂ ਕਾਰਨ ਦੁਨੀਆ ਵਿਚ ਪਾਕਿਸਤਾਨ ਦੀ ਸਾਖ ਨੂੰ ਢਾਹ ਲਗਦੀ ਹੈ। ਉਧਰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋ ਸਿੱਖ ਦੁਕਾਨਦਾਰਾਂ ਰਣਜੀਤ ਸਿੰਘ ਅਤੇ ਕੁਲਜੀਤ ਸਿੰਘ ਦੀ ਪਿਸ਼ਾਵਰ ਵਿਚ ਗੋਲੀਆਂ ਮਾਰ ਕੇ ਹੱਤਿਆ ਕੀਤੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਹਕੀਮ ਸਤਨਾਮ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ ਅਤੇ ਕੁਝ ਦਿਨ ਪਹਿਲਾਂ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਦੇ ਪੁੱਤਰਾਂ 'ਤੇ ਭੂ-ਮਾਫੀਆ ਵਲੋਂ ਹਮਲਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਕਾਰਨ ਘੱਟ ਗਿਣਤੀਆਂ ਵਿਚ ਡਰ ਦੀ ਭਾਵਨਾ ਵਧ ਰਹੀ ਹੈ ਜਿਸ ਪ੍ਰਤੀ ਸਰਕਾਰ ਨੂੰ ਸੰਜੀਦਾ ਹੋਣਾ ਚਾਹੀਦਾ ਹੈ। ਉਨ੍ਹਾਂ ਪਾਕਿਸਤਾਨ ਸਰਕਾਰ ਨੂੰ ਕਿਹਾ ਕਿ ਇਸ ਮਾਮਲੇ ਵੱਲ ਵਿਸ਼ੇਸ਼ ਧਿਆਨ ਦੇ ਕੇ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਕੂਟਨੀਤਕ ਪੱਧਰ 'ਤੇ ਪਾਕਿਸਤਾਨ ਸਰਕਾਰ ਨਾਲ ਗੱਲ ਕਰਕੇ ਸਿੱਖਾਂ ਦੇ ਜਾਨ-ਮਾਲ ਦੀ ਸੁਰੱਖਿਆ ਲਈ ਢੁੱਕਵੇਂ ਕਦਮ ਉਠਾਏ। ਇਸ ਦੌਰਾਨ ਸਿੱਖ ਜਥੇਬੰਦੀ ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਪਾਕਿਸਤਾਨ 'ਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਕੋਲੋਂ ਫਿਰੌਤੀ ਦੀ ਰਕਮ ਮੰਗੀ ਜਾਂਦੀ ਹੈ। ਰਕਮ ਨਾ ਦੇਣ 'ਤੇ ਉਨ੍ਹਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਪਾਕਿਸਤਾਨ ਵਿਚ ਨਵੀਂ ਬਣੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖਾਂ ਦੀ ਜਾਨ-ਮਾਲ ਦੀ ਰਾਖੀ ਯਕੀਨੀ ਬਣਾਵੇ। ਭਾਜਪਾ ਆਗੂ ਸਰਚਾਂਦ ਸਿੰਘ ਨੇ ਦੋ ਸਿੱਖਾਂ ਦੀ ਹੱਤਿਆ ਨੂੰ 'ਟਾਰਗੈਟ ਕਿਲਿੰਗ' ਕਰਾਰ ਦਿੱਤਾ ਹੈ। ਉਨ੍ਹਾਂ ਕੇਂਦਰੀ ਵਿਦੇਸ਼ ਮੰਤਰੀ ਨੂੰ ਪੱਤਰ ਭੇਜ ਕੇ ਪਾਕਿਸਤਾਨ ਵਿਚ ਵਸਦੇ ਘੱਟ ਗਿਣਤੀ ਸਿੱਖਾਂ ਅਤੇ ਹਿੰਦੂਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ।

# ਪੰਜਾਬ ਦੇ ਜੇਲ੍ਹ ਬੰਦੀਆਂ 'ਚ 86 ਫ਼ੀਸਦੀ ਨਸ਼ੇੜੀ ਤੇ ਝਪਟਮਾਰ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)-ਪੰਜਾਬ ਦੀਆਂ ਜੇਲ੍ਹਾਂ ਦੇ ਬੰਦੀਆਂ 'ਚ 86 ਫ਼ੀਸਦੀ ਨੌਜਵਾਨ ਹਨ। ਜੇਲ੍ਹਾਂ 'ਚ ਇਸ ਵੇਲੇ 40 ਸਾਲਾਂ ਤੋਂ ਘੱਟ ਉਮਰ ਦੇ ਮੁੰਡਿਆਂ ਦੀ ਵੱਡੀ ਗਿਣਤੀ ਹੈ। 'ਉਡਤਾ ਪੰਜਾਬ' ਦਾ ਮਿਹਣਾ ਜਵਾਨੀ ਨੂੰ ਹਲੂਣ ਨਹੀਂ ਸਕਿਆ। ਬਹੁਤੇ ਨਸ਼ੇੜੀ ਜੇਲ੍ਹਾਂ 'ਚ ਪੁੱਜ ਗਏ ਹਨ ਜਾਂ ਫਿਰ ਝਪਟਮਾਰੀ ਵਰਗੇ ਛੋਟੇ ਜੁਰਮਾਂ ਕਾਰਨ ਸਲਾਖ਼ਾਂ ਪਿੱਛੇ ਹਨ। ਤਾਜ਼ਾ ਅੰਕੜਾ ਹੈ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ 26,164 ਕੈਦੀ ਤੇ ਹਵਾਲਾਤੀ ਹਨ, ਜਿਨ੍ਹਾਂ ਚੋਂ 40 ਸਾਲ ਤੋਂ ਘੱਟ ਉਮਰ ਦੇ 22,475 ਬੰਦੀ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਜੇਲ੍ਹਾਂ ਨੂੰ ਅਸਲੀ ਮਾਅਨੇ 'ਚ ਸੁਧਾਰ ਘਰਾਂ 'ਚ ਬਦਲਣ ਦਾ ਅਹਿਦ ਲਿਆ ਹੈ। ਸਮਾਜ ਸ਼ਾਸਤਰੀ ਆਖਦੇ ਹਨ ਕਿ ਜੇਲ੍ਹਾਂ ਵਿੱਚ 'ਬਦਲਾਅ' ਦੀ ਲੋੜ ਹੈ। ਵੇਰਵਿਆਂ ਅਨੁਸਾਰ ਜੇਲ੍ਹਾਂ ਦੀ ਸਮਰੱਥਾ ਕਰੀਬ 23,500 ਦੀ ਹੈ ਜਦਕਿ ਬੰਦੀਆਂ ਦੀ ਗਿਣਤੀ 26,164 ਹੈ। ਕਈ ਜੇਲ੍ਹਾਂ ਤੂੜੀ ਵਾਂਗੂ ਤੁੰਨੀਆਂ ਪਈਆਂ ਹਨ। ਇਨ੍ਹਾਂ 'ਚੋਂ ਕੈਦੀ ਤਾਂ ਮਸਾਂ 5123 ਹੀ ਹਨ ਜਦੋਂਕਿ ਵਿਚਾਰ ਅਧੀਨ ਬੰਦੀਆਂ ਦਾ ਅੰਕੜਾ 21,007 ਹੈ। ਢਿੱਲੀ ਨਿਆਂ ਪ੍ਰਣਾਲੀ ਕਰਕੇ ਬਹੁਤੇ ਕੇਸ ਵਰ੍ਹਿਆਂ ਤੋਂ ਲਟਕ ਰਹੇ ਹਨ।

ਜੇ ਉਮਰ ਵਰਗ 'ਤੇ ਨਿਗ੍ਹਾ ਮਾਰੀਏ ਤਾਂ ਪੰਜਾਬ ਦੀਆਂ ਜੇਲ੍ਹਾਂ ਵਿੱਚ 1207 (4.61 ਫ਼ੀਸਦੀ) ਬੰਦੀ 20 ਸਾਲ ਦੀ ਉਮਰ ਤੱਕ ਦੇ ਹਨ ਜਦਕਿ 20 ਤੋਂ 30 ਸਾਲ ਦੇ ਉਮਰ ਵਰਗ ਦੇ 12,368 ਬੰਦੀ ਹਨ ਜਿਨ੍ਹਾਂ ਦੀ ਦਰ 47.27 ਫ਼ੀਸਦੀ ਬਣਦੀ ਹੈ। ਇਸੇ ਤਰ੍ਹਾਂ 30 ਤੋਂ 40 ਸਾਲ ਉਮਰ ਵਰਗ ਦੇ ਬੰਦੀਆਂ ਦਾ ਅੰਕੜਾ 8900 ਬਣਦਾ ਹੈ ਜੋ 34.01 ਫ਼ੀਸਦੀ ਬਣਦੇ ਹਨ। 50 ਸਾਲ ਤੋਂ ਉੱਪਰ ਦੇ ਉਮਰ ਵਰਗ ਦੇ ਸਿਰਫ਼ 10.36 ਫ਼ੀਸਦੀ ਬੰਦੀ ਜੇਲ੍ਹਾਂ 'ਚ ਹਨ ਜਿਨ੍ਹਾਂ 'ਚ 70 ਸਾਲ ਤੋਂ ਉੱਪਰ ਉਮਰ ਦੇ 207 ਬੰਦੀ ਵੀ ਸ਼ਾਮਲ ਹਨ।

ਅੰਮ੍ਰਿਤਸਰ ਦੇ ਪ੍ਰੋ. ਜਗਰੂਪ ਸਿੰਘ ਸੇਖੋਂ ਆਖਦੇ ਹਨ ਕਿ ਸਿਆਸੀ ਸਰਪ੍ਰਸਤੀ ਕਰਕੇ ਨਸ਼ੇੜੀਆਂ ਨੂੰ ਕਾਨੂੰਨ ਦਾ ਖ਼ੌਫ਼ ਨਹੀਂ ਰਿਹਾ ਹੈ ਜਿਸ ਕਰ ਕੇ ਸ਼ਹਿਰੀ ਮੁੰਡੇ ਝਪਟਮਾਰੀ ਦੇ ਰਾਹ ਪੈ ਗਏ ਹਨ। ਜ਼ਿਆਦਾਤਰ ਨਸ਼ਿਆਂ ਦੀ ਪੂਰਤੀ ਲਈ ਅਪਰਾਧ ਦੇ ਰਸਤੇ ਪਏ ਹਨ। ਉਨ੍ਹਾਂ ਕਿਹਾ ਕਿ ਬੌਧਿਕ ਪੱਧਰ ਵਾਲੀ ਜਵਾਨੀ ਵਿਦੇਸ਼ਾਂ ਨੂੰ ਕੂਚ ਕਰ ਰਹੀ ਹੈ ਅਤੇ ਇੱਕ ਹਿੱਸਾ ਨਸ਼ਿਆਂ ਦੀ ਲਪੇਟ 'ਚ ਆ ਗਿਆ ਹੈ।

ਕੇਂਦਰੀ ਜੇਲ੍ਹ ਲੁਧਿਆਣਾ ਵਿਚ ਇਸ ਵੇਲੇ 3802 ਬੰਦੀ ਹਨ ਜਦੋਂ ਕਿ ਕਪੂਰਥਲਾ ਜੇਲ੍ਹ ਵਿੱਚ 3148 ਬੰਦੀ ਹਨ। ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚ 3054 ਬੰਦੀ ਹਨ। ਬਠਿੰਡਾ ਜੇਲ੍ਹ ਵਿੱਚ 1862 ਬੰਦੀ ਹਨ। ਪਿਛਲੇ ਅਰਸੇ ਦੌਰਾਨ ਸਰਕਾਰਾਂ ਨੇ ਨਵੀਆਂ ਜੇਲ੍ਹਾਂ ਤਾਂ ਬਣਾ ਦਿੱਤੀਆਂ ਪ੍ਰੰਤੂ ਜੇਲ੍ਹ ਪ੍ਰਣਾਲੀ 'ਚ ਸੁਧਾਰ ਨਹੀਂ ਕੀਤਾ ਜਿਸ ਕਾਰਨ ਜੇਲ੍ਹਾਂ ਏਨੇ ਵਰ੍ਹਿਆਂ ਮਗਰੋਂ ਵੀ ਸੁਧਾਰ ਘਰਾਂ 'ਚ ਤਬਦੀਲ ਨਹੀਂ ਹੋ ਸਕੀਆਂ।

ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਆਖਦੇ ਹਨ ਕਿ ਜੇਲ੍ਹਾਂ ਵਿੱਚ ਬੰਦੀਆਂ ਦੇ ਸੁਧਾਰ ਲਈ ਉਸਾਰੂ ਤਬਦੀਲੀ ਲਈ ਪ੍ਰੋਗਰਾਮ ਉਲੀਕੇ ਗਏ ਹਨ ਤਾਂ ਜੋ ਬੰਦੀਆਂ ਨੂੰ ਮਾਨਸਿਕ ਤੌਰ 'ਤੇ ਬਦਲਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਜੇਲ੍ਹਾਂ ਦੀ ਸਮਰੱਥਾ ਵਾਧੇ ਲਈ ਮੁਹਾਲੀ 'ਚ ਨਵੀਂ ਜੇਲ੍ਹ ਬਣਾਉਣ ਦੀ ਤਜਵੀਜ਼ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜੋ ਵੱਡੀ ਉਮਰ ਦੇ ਬੰਦੀ ਹਨ, ਉਨ੍ਹਾਂ ਨੂੰ ਰਾਹਤ ਦੇਣ ਦਾ ਪ੍ਰੋਗਰਾਮ ਵੀ ਹੈ।

**ਜੇਲ੍ਹਾਂ ਤੋਂ ਬੇਖ਼ੌਫ ਹੋਈ ਜਵਾਨੀ: ਭੰਦੋਹਲ**

ਐਡਵੋਕੇਟ ਜਗਦੇਵ ਸਿੰਘ ਭੰਦੋਹਲ ਦਾ ਕਹਿਣਾ ਹੈ ਕਿ ਪੰਜਾਬ 'ਚ ਲੰਘੇ ਅਰਸੇ ਦੌਰਾਨ ਨਸ਼ਿਆਂ ਦੇ ਵਧੇ ਪ੍ਰਚਲਨ ਨੇ ਜਵਾਨੀ ਨੂੰ ਸਮਾਜਿਕ ਬਿਗਾਨਗੀ ਵੱਲ ਵੀ ਧੱਕਿਆ ਹੈ। ਮੁੱਖ ਤੌਰ 'ਤੇ ਨਸ਼ੇ ਤੇ ਬੇਰੁਜ਼ਗਾਰੀ ਹੀ ਜੇਲ੍ਹਾਂ 'ਚ ਜਵਾਨੀ ਦੀ ਭੀੜ ਦਾ ਮੁੱਖ ਕਾਰਨ ਹੈ। ਉਨ੍ਹਾਂ ਕਿਹਾ ਕਿ ਸਿਆਸੀ ਸਰਪ੍ਰਸਤੀ ਨੇ ਨੌਜਵਾਨਾਂ ਨੂੰ ਏਨਾ ਬੇਖ਼ੌਫ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਜੇਲ੍ਹ 'ਚ ਰਹਿਣਾ ਓਪਰਾ ਨਹੀਂ ਲੱਗਦਾ।

**ਪਟਿਆਲਾ ਜੇਲ੍ਹ 'ਚ ਮੁਲਾਕਾਤਾਂ ਦਾ ਹੜ੍ਹ...**

ਪਟਿਆਲਾ ਜੇਲ੍ਹ 'ਚ ਏਨੇ ਮੁਲਾਕਾਤੀ ਆਉਂਦੇਹਨ ਜਿੰਨੇ ਕਿਸੇ ਹੋਰ ਜੇਲ੍ਹ 'ਚ ਨਹੀਂ। ਕੋਵਿਡ ਮਗਰੋਂ ਮੁਲਾਕਾਤਾਂ ਦੀ ਖੁੱਲ੍ਹ ਹੋਈ ਤਾਂ ਇਕੱਲੇ ਅਪਰੈਲ ਮਹੀਨੇ 'ਚ ਪਟਿਆਲਾ ਜੇਲ੍ਹ 'ਚ 997 ਮੁਲਾਕਾਤਾਂ ਹੋਈਆਂ ਅਤੇ ਇਸ ਮਈ ਮਹੀਨੇ 'ਚ ਹੁਣ ਤੱਕ 890 ਮੁਲਾਕਾਤਾਂ ਹੋ ਚੁੱਕੀਆਂ ਹਨ। ਮਾਰਚ ਮਹੀਨੇ ਵਿਚ ਮੁਲਾਕਾਤਾਂ ਦਾ ਅੰਕੜਾ 622 ਸੀ। ਪੰਜਾਬ ਵਿਚ ਪਹਿਲੀ ਜਨਵਰੀ ਤੋਂ 15 ਮਈ 2022 ਤੱਕ 26,398 ਮੁਲਾਕਾਤਾਂ ਹੋਈਆਂ ਹਨ ਜਦੋਂ ਕਿ ਵਰ੍ਹਾ 2021 ਵਿਚ 9777 ਮੁਲਾਕਾਤਾਂ ਹੋਈਆਂ ਸਨ।

# ਮੁੱਖ ਮੰਤਰੀ ਦੇ ਪਿੰਡ ਤੋਂ ਹੋਈ ਝੋਨੇ ਦੀ ਸਿੱਧੀ ਬਿਜਾਈ ਦੀ ਸ਼ੁਰੂਆਤ



ਚੀਮਾ ਮੰਡੀ (ਪੰਜਾਬੀ ਅਖਬਾਰ ਬਿਊਰੋ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜੱਦੀ ਪਿੰਡ ਸਤੌਜ ਵਿਖੇ ਪੰਜਾਬ ਖੇਤੀਬਾੜੀ ਯੂਨੀਵਰਸਟੀ, ਲੁਧਿਆਣਾ ਵੱਲੋਂ ਆਈ ਵਿਸ਼ੇਸ਼ ਟੀਮ ਵੱਲੋਂ ਮੁੱਖ ਮੰਤਰੀ ਦੇ ਮਾਤਾ ਹਰਪਾਲ ਕੌਰ ਦੀ ਹਾਜ਼ਰੀ ਵਿਚ ਝੋਨੇ ਦੀ ਸਿੱਧੀ ਬਿਜਾਈ ਸ਼ੁਰੂ ਕੀਤੀ ਗਈ। ਮਾਤਾ ਹਰਪਾਲ ਕੌਰ ਨੇ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪੁੱਤਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਪਿੰਡ ਸਤੌਜ ਤੋਂ ਸ਼ੁਰੂ ਕਰਨ ਦਾ ਜੋ ਫੈਸਲਾ ਲਿਆ ਹੈ, ਉਸ ਦੀ ਸਰਾਹਨਾ ਕਰਦੇ ਹਨ ਕਿਉਂਕਿ ਭਗਵੰਤ ਹਮੇਸ਼ਾ ਪਿੰਡ ਨਾਲ ਜੁੜਿ?ਆ ਰਿਹਾ ਹੈ ਤੇ ਜੁੜਿਆ ਰਹੇਗਾ। ਪੀ.ਏ.ਯੂ. ਦੇ ਡਾ. ਜਸਵਿੰਦਰਪਾਲ ਸਿੰਘ ਗਰੇਵਾਲ ਜੇਡੀਏ ਇਨਪੁਟਸ (ਖਾਦਾਂ), ਡਾ. ਮੱਖਣ ਸਿੰਘ ਭੁੱਲਰ ਅਤੇ ਡਾ. ਜਸਬੀਰ ਸਿੰਘ ਗਿੱਲ ਨੇ ਦੱਸਿਆ ਕਿ ਪਿਛਲੇ ਸਾਲ 6 ਲੱਖ ਹੈਕਟੇਅਰ ਰਕਬੇ 'ਤੇ ਝੋਨੇ ਦੀ ਸਿੱਧੀ ਬਿਜਾਈ ਕੀਤੀ ਗਈ ਸੀ ਜਦਕਿ ਇਸ ਵਾਰ 12 ਲੱਖ ਹੈਕਟੇਅਰ 'ਤੇ ਬਿਜਾਈ ਕੀਤੇ ਜਾਣ ਦਾ ਅਨੁਮਾਨ ਹੈ। ਝੋਨੇ ਦੀ ਸਿੱਧੀ ਬਿਜਾਈ ਵਾਸਤੇ 2677 ਡੀਐਸਆਰ ਮਸ਼ੀਨਾਂ ਦਾ ਪ੍ਰਬੰਧ ਕੀਤਾ ਗਿਆ ਹੈ ਜਦਕਿ 154 ਡੀਐਸਆਰ ਮਸ਼ੀਨਾਂ ਜ਼ਿਲ੍ਹਾ ਸੰਗਰੂਰ ਵਾਸਤੇ ਦਿੱਤੀਆਂ ਗਈਆਂ ਹਨ। ਪਿੰਡ ਸਤੌਜ ਵਿਖੇ ਬਿਜਾਈ ਕਰਨ ਵਾਸਤੇ ਪੀਏਯੂ ਵੱਲੋਂ ਲੱਕੀ ਸੀਡਰ ਡੀਐਸਆਰ ਮਸ਼ੀਨ ਅਤੇ ਇੱਕ ਡੀਐਸਆਰ ਮਸ਼ੀਨ ਸਮੇਤ ਟਰੈਕਟਰ ਜਗਤਜੀਤ ਗਰੁੱਪ ਚੀਮਾ ਮੰਡੀ ਵੱਲੋਂ ਦਿੱਤੀ ਗਈ ਹੈ। ਕਿਸਾਨ ਧਰਮ ਸਿੰਘ, ਲਖਵੀਰ ਸਿੰਘ, ਜਸਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪਿਛਲੀ ਵਾਰ ਵੀ ਸਿੱਧੀ ਬਿਜਾਈ ਕੀਤੀ ਸੀ ਤੇ ਇਸ ਵਾਰ ਉਨ੍ਹਾਂ ਦੇ ਪਿੰਡ ਦਾ ਮੁੱਖ ਮੰਤਰੀ ਹੋਣ ਕਾਰਨ ਵੱਧ ਤੋਂ ਵੱਧ ਸਿੱਧੀ ਬਿਜਾਈ ਕਰਨ ਵੱਲ ਧਿਆਨ ਦੇਣਗੇ। ਨੰਬਰਦਾਰ ਗੁਰਮੀਤ ਗੁਰਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਆਪਣੀ ਤਕਰੀਬਨ 40 ਏਕੜ? ਜ਼ਮੀਨ ਠੇਕੇ 'ਤੇ ਦਿੱਤੀ ਹੋਈ ਹੈ ਜਿਸ ਵਿੱਚ ਕਿਸਾਨ ਜਿੰਨੇ ਏਕੜ? ਵਿੱਚ ਝੋਨੇ ਦੀ ਸਿੱਧੀ ਬਿਜਾਈ ਕਰਨਗੇ ਤਾਂ ਉਹ ਪ੍ਰਤੀ ਏਕੜ? 1100 ਰੁਪਏ ਕਿਸਾਨ ਨੂੰ ਰਾਹਤ ਵਜੋਂ ਦੇਣਗੇ। ਮੁੱਖ ਮੰਤਰੀ ਦਾ ਲੋਕਾਂ ਨੂੰ ਸਾਥ ਦੇਣਾ ਚਾਹੀਦਾ ਹੈ ਤੇ ਵੱਧ ਤੋਂ ਵੱਧ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾਵੇ ਤਾਂ ਕਿ ਪਾਣੀ ਦੇ ਲੈਵਲ ਨੂੰ ਬਰਕਰਾਰ ਰੱਖਿਆ ਜਾ ਸਕੇ। ਇਸ ਮੌਕੇ ਨਰਿੰਦਰਪਾਲ ਸਿੰਘ ਏਡੀਓ, ਦਮਨਪ੍ਰੀਤ ਸਿੰਘ ਏਡੀਓ, ਸਰਪੰਚ ਚਰਨਾ ਸਿੰਘ, ਨੰਬਰਦਾਰ ਗੁਰਜੀਤ ਸਿੰਘ ਤੇ ਵੱਡੀ ਗਿਣਤੀ ਵਿਚ ਪਿੰਡ ਸਤੌਜ ਵਾਸੀ ਮੌਜੂਦ ਸਨ।

# ਦਿੱਲੀ ਤੋਂ ਰਿਮੋਟ ਨਾਲ ਚੱਲ ਰਹੀ ਹੈ ਮਾਨ ਸਰਕਾਰ: ਨੱਢਾ



ਲੁਧਿਆਣਾ (ਪੰਜਾਬੀ ਅਖਬਾਰ ਬਿਊਰੋ)-ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਸ਼ਨਿੱਚਰਵਾਰ ਨੂੰ ਇੱਥੇ ਵਰਕਰਾਂ ਦੇ ਵਿਸ਼ੇਸ਼ ਸਮਾਗਮ 'ਚ ਪਹੁੰਚੇ। ਇਸ ਮੌਕੇ ਉਨ੍ਹਾਂ ਕਿਹਾ ਕਿ ਦਿੱਲੀ ਦੇ ਰਿਮੋਟ ਕੰਟਰੋਲ ਦੇ ਨਾਲ ਪੰਜਾਬ ਵਿੱਚ ਭਗਵੰਤ ਮਾਨ ਦੀ ਸਰਕਾਰ ਚੱਲ ਰਹੀ ਹੈ, ਭਗਵੰਤ ਮਾਨ ਨੇ ਮੁੱਖ ਮੰਤਰੀ ਬਣਨ ਖ਼ਾਤਰ ਅਰਵਿੰਦ ਕੇਜਰੀਵਾਲ ਸਾਹਮਣੇ ਪੰਜਾਬ ਨੂੰ ਗਹਿਣੇ ਰੱਖ ਦਿੱਤਾ। ਅਰਵਿੰਦ ਕੇਜਰੀਵਾਲ ਸਵੇਰੇ ਜਿਵੇਂ ਹੁਕਮ ਦਿੰਦੇ ਹਨ, ਭਗਵੰਤ ਮਾਨ ਸਾਰਾ ਦਿਨ ਪੰਜਾਬ ਵਿੱਚ ਉਸੇ ਹੁਕਮਾਂ ਦੀ ਪਾਲਣਾ ਕਰਵਾਉਂਦਾਹੈ। ਇਸ ਦੌਰਾਨ ਜੇਪੀ ਨੱਢਾ ਨੇ ਦਾਅਵਾ ਕੀਤਾ ਕਿ ਅਗਲੀ ਵਾਰ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣੇਗੀ। ਗਲਾਡਾ ਮੈਦਾਨ ਵਿੱਚ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਕੌਮੀ ਪ੍ਰਧਾਨ ਜੇਪੀ ਨੱਢਾ ਨੇ ਕਿਹਾ ਕਿ ਅਜਿਹਾ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਪੰਜਾਬ ਦੇ ਲੋਕ 50 ਦਿਨਾਂ ਵਿੱਚ ਹੀ 'ਆਪ' ਦੀ ਸਰਕਾਰ ਨੂੰ ਬਹੁਮਤ ਦੇ ਕੇ ਪਛਤਾਉਣ ਲੱਗੇ ਹਨ। ਪੰਜਾਬ ਵਿੱਚ ਲਗਾਤਾਰ ਕਾਨੂੰਨ ਵਿਵਸਥਾ ਵਿਗੜ ਰਹੀ ਹੈ, ਬੰਬ ਧਮਾਕੇ ਹੋ ਰਹੇ ਹਨ ਤੇ ਸਰਹੱਦ ਦੇ ਪਾਰੋਂ ਹਥਿਆਰ ਆ ਰਹੇ ਹਨ ਤੇ ਭਗਵੰਤ ਮਾਨ ਇਸ 'ਤੇ ਝੂਠ ਬੋਲ ਰਹੇ ਹਨ।

ਭਾਜਪਾ ਦੇ ਪ੍ਰਧਾਨ ਜੇਪੀ ਨੱਢਾ ਸਨਅਤੀ ਸ਼ਹਿਰ ਦੇ ਨੌਘਰਾ ਮੁਹੱਲੇ ਸਥਿਤ ਸ਼ਹੀਦ ਸੁਖਦੇਵ ਥਾਪਰ ਦੇ ਘਰ ਵਿੱਚ ਸ਼ਰਧਾਂਜਲੀ ਦੇਣ ਲਈ ਈ-ਰਿਕਸ਼ਾ 'ਚ ਸਵਾਰ ਹੋ ਕੇ ਪਹੁੰਚੇ। ਸ਼ਰਧਾਂਜਲੀ ਦੇਣ ਮਗਰੋਂ ਉਨ੍ਹਾਂ ਐਲਾਨ ਕੀਤਾ ਕਿ ਉਹ ਸ਼ਹੀਦ ਥਾਪਰ ਦੇ ਘਰ ਦੇ ਸੁੰਦਰੀਕਰਨ ਕਾਰਜਾਂ ਵਿੱਚ ਤੇਜ਼ੀ ਲਿਆਉਣਗੇ। ਸ਼ਹੀਦ ਸੁਖਦੇਵ ਥਾਪਰ ਦੇ ਵਾਰਸ ਅਸ਼ੋਕ ਥਾਪਰ, ਸੰਦੀਪ ਥਾਪਰ ਤੇ ਅਕਸ਼ਿਤ ਥਾਪਰ ਨੇ ਭਾਜਪਾ ਪ੍ਰਧਾਨ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਦਾ ਸਨਮਾਨ ਕੀਤਾ।

ਨੱਢਾ ਦਾ ਘਿਰਾਓ ਕਰਨ ਆਏ ਯੂਥ ਕਾਂਗਰਸੀ ਹਿਰਾਸਤ 'ਚ ਲਏ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਦਾ ਸਨਅਤੀ ਸ਼ਹਿਰ ਦੇ ਦੌਰੇ ਦੌਰਾਨ ਯੂਥ ਕਾਂਗਰਸੀਆਂ ਨੇ ਮਹਿੰਗਾਈ ਦੇ ਮੁੱਦੇ ਨੂੰ ਲੈ ਕੇ ਘਿਰਾਓ ਕਰਨ ਦੀ ਕੋਸ਼ਿਸ਼ ਕੀਤੀ। ਜੇਪੀ ਨੱਢਾ ਨੇ ਹੋਟਲ ਪਾਰਕ ਪਲਾਜ਼ਾ ਤੋਂ ਸੜਕ ਰਾਹੀਂ ਚੰਡੀਗੜ੍ਹ ਰੋਡ ਸਥਿਤ ਗਲਾਡਾ ਗਰਾਊਂਡ 'ਚ ਭਾਜਪਾ ਵਰਕਰਾਂ ਨੂੰ ਸੰਬੋਧਨ ਕਰਨ ਜਾਣਾ ਸੀ। ਭਾਜਪਾ ਪ੍ਰਧਾਨ ਦੇ ਘਿਰਾਓ ਕੀਤੇ ਜਾਣ ਦੀ ਖ਼ਬਰ ਮਿਲਦੇ ਹੀ ਪੁਲੀਸ ਦੇ ਉੱਚ ਅਧਿਕਾਰੀਆਂ ਨੇ ਸ਼ਿੰਗਾਰ ਸਿਨੇਮਾ ਰੋਡ 'ਤੇ ਬੈਰੀਕੇਡਿੰਗ ਕਰ ਕੇ ਯੂਥ ਕਾਂਗਰਸੀਆਂ ਨੂੰ ਰੋਕ ਲਿਆ। ਇਸ ਦੌਰਾਨ ਕਾਂਗਰਸੀਆਂ ਨੇ ਬੈਰੀਕੇਡ ਤੋੜਨ ਦੀ ਕੋਸ਼ਿਸ਼ ਕੀਤੀ ਅਤੇ ਪੁਲੀਸ ਮੁਲਾਜ਼ਮਾਂ ਨਾਲ ਉਨ੍ਹਾਂ ਦੀ ਧੱਕਾਮੁੱਕੀ ਵੀ ਹੋਈ। ਇਸੇ ਦੌਰਾਨ ਯੂਥ ਕਾਂਗਰਸ ਦੇ ਪ੍ਰਧਾਨ ਬਰਿੰਦਰ ਸਿੰਘ ਢਿੱਲੋਂ, ਜ਼ਿਲ੍ਹਾ ਯੂਥ ਕਾਂਗਰਸ ਪ੍ਰਧਾਨ ਯੋਗੇਸ਼ ਹਾਂਡਾ ਸਮੇਤ ਸਾਰੇ ਯੂਥ ਕਾਂਗਰਸੀਆਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਹੈਰਾਨੀ ਦੀ ਗੱਲ ਇਹ ਹੈ ਕਿ ਯੂਥ ਕਾਂਗਰਸੀਆਂ ਨੂੰ ਗ੍ਰਿਫ਼ਤਾਰ ਕਰ ਕੇ ਲਿਜਾਣ ਲਈ ਪੁਲੀਸ ਵੱਲੋਂ ਪੰਜਾਬ ਰੋਡਵੇਜ਼ ਦੀਆਂ ਬੱਸਾਂ ਲਿਆਂਦੀਆਂ ਗਈਆਂ।

## ਆਰਥਿਕ ਤੰਗੀ ਕਾਰਨ ਕਬੱਡੀ ਖਿਡਾਰੀ ਨੇ ਖੁਦਕੁਸ਼ੀ ਕੀਤੀ



ਬੋਹਾ (ਪੰਜਾਬੀ ਅਖਬਾਰ ਬਿਊਰੋ)-ਆਰਥਿਕ ਮੰਦਹਾਲੀ ਕਾਰਨ ਨੇੜਲੇ ਪਿੰਡ ਸੇਰਖਾਂ ਵਾਲਾ ਦੇ ਕਬੱਡੀ ਖਿਡਾਰੀ ਸੰਦੀਪ ਸਿੰਘ (21) ਨੇ ਖ਼ੁਦਕੁਸ਼ੀ ਕਰ ਲਈ ਹੈ। ਜਾਣਕਾਰੀ ਅਨੁਸਾਰ ਘਰ ਦੀ ਗ਼ਰੀਬੀ ਕਾਰਨ ਉਹ ਕਈ ਦਿਨਾਂ ਤੋਂ ਪ੍ਰੇਸ਼ਾਨ ਸੀ। ਉਸ ਨੂੰ ਆਪਣੀ ਖੇਡ ਜਾਰੀ ਰੱਖਣ ਵਿੱਚ ਵੀ ਮੁਸ਼ਕਲ ਆ ਰਹੀ ਸੀ। ਬੀਤੀ ਰਾਤ ਮਾਨਸਿਕ ਤਣਾਅ ਕਾਰਨ ਉਸ ਨੇ ਜ਼ਹਿਰੀਲੀ ਦਵਾਈ ਪੀ ਲਈ। ਉਸ ਨੂੰ ਬੇਹੋਸ਼ੀ ਦੀ ਹਾਲਤ ਵਿਚ ਪਟਿਆਲਾ ਦੇ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਜ਼ਿਕਰਯੋਗ ਹੈ ਕਿ ਉਸ ਦੇ ਦੋ ਭਰਾ ਅੰਗਹੀਣ ਤੇ ਪਿਤਾ ਬਜ਼ੁਰਗ ਹੈ। ਉਹ ਘਰ ਵਿਚ ਇਕੱਲਾ ਹੀ ਕਮਾਉਣ ਵਾਲਾ ਸੀ। ਕਬੱਡੀ ਖਿਡਾਰੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਗ਼ਰੀਬ ਪਰਿਵਾਰ ਦੀ ਆਰਥਿਕ ਸਹਾਇਤਾ ਕੀਤੀ ਜਾਵੇ।

# ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਨਸ਼ੇ ਤੋਂ ਪੀੜਤ: ਨਵਜੋਤ ਸਿੱਧੂ



ਬਠਿੰਡਾ (ਪੰਜਾਬੀ ਅਖਬਾਰ ਬਿਊਰੋ) - ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅੱਜ ਬਠਿੰਡਾ ਦੀ ਧੋਬੀਆਣਾ ਬਸਤੀ ਪੁੱਜੇ। ਇੱਥੇ ਉਨ੍ਹਾਂ ਨੇ ਪਿਛਲੇ ਮਹੀਨੇ ਨਸ਼ੇ ਦੀ ਓਵਰਡੋਜ਼ ਕਾਰਨ ਮਰਨ ਵਾਲੇ ਆਕਾਸ਼ਦੀਪ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਨਾਲ ਸਾਬਕਾ ਵਿਧਾਇਕ ਅਸ਼ਵਨੀ ਸੇਖੜੀ, ਜਗਦੇਵ ਸਿੰਘ ਕਮਾਲੂ, ਨਾਜਰ ਸਿੰਘ ਮਾਨਸ਼ਾਹੀਆ ਤੇ ਹਰਵਿੰਦਰ ਸਿੰਘ ਲਾਡੀ ਮੌਜੂਦ ਸਨ।

ਸ੍ਰੀ ਸਿੱਧੂ ਨੇ ਕਿਹਾ ਕਿ ਪੰਜਾਬ ਵਿੱਚ ਤਿੰਨ ਸਰਕਾਰਾਂ ਵੱਲੋਂ ਨਸ਼ਾ ਖ਼ਤਮ ਕਰਨ ਦੇ ਯਤਨਾਂ ਦੇ ਬਾਵਜੂਦ ਨਸ਼ੇ ਕਾਰਨ ਨੌਜਵਾਨ ਮਰ ਰਹੇ ਹਨ, ਜੋ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਇਹ ਸਮਾਂ ਦੂਸ਼ਣਬਾਜ਼ੀ ਦਾ ਨਹੀਂ ਬਲਕਿ ਗੰਭੀਰਤਾ ਨਾਲ ਵਿਚਾਰ ਕਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਆਈਸੀਐਮਆਰ ਅਤੇ ਏਮਜ਼ ਵੱਲੋਂ ਕਰਵਾਏ ਸਰਵੇਖਣ ਮੁਤਾਬਕ ਡਰੱਗ ਪੀੜਤਾਂ ਦੀ ਗਿਣਤੀ ਭਾਵੇਂ ਘੱਟ ਹੈ ਪਰ ਨਸ਼ਾ ਛੁਡਾਊ ਕੇਂਦਰਾਂ 'ਚ ਇਲਾਜ ਕਰਵਾ ਰਹੇ ਲੱਖਾਂ ਦੀ ਗਿਣਤੀ ਵਿੱਚ ਮਰੀਜ਼ ਸੂਬੇ ਦੇ ਅਸਲ ਹਾਲਾਤ ਬਿਆਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਪੀੜਤਾਂ ਵਿੱਚ ਵੀਹ ਤੋਂ ਪੱਚੀ ਸਾਲ ਦੇ ਨੌਜਵਾਨਾਂ ਦੀ ਗਿਣਤੀ 60 ਤੋਂ 70 ਫ਼ੀਸਦੀ ਹੈ ਤੇ ਬਾਕੀ ਨੌਜਵਾਨ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ।

ਸ੍ਰੀ ਸਿੱਧੂ ਨੇ ਸਿਆਸਤਦਾਨਾਂ, ਪੁਲੀਸ ਅਤੇ ਨਸ਼ਾ ਤਸਕਰਾਂ ਦਾ ਗੱਠਜੋੜ ਤੋੜਨ ਦਾ ਸੱਦਾ ਦਿੱਤਾ। ਉਨ੍ਹਾਂ ਸਰਹੱਦਾਂ 'ਤੇ ਸਖ਼ਤੀ ਕਰਨ ਸਣੇ ਨਸ਼ਾ ਮੁਕਤੀ ਲਈ ਜਾਗਰੂਕਤਾ ਮੁਹਿੰਮ ਚਲਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੇ 60 ਦਿਨਾਂ ਕੇ ਕਾਰਜਕਾਲ ਵਿੱਚ ਨਸ਼ੇ ਦੀ ਓਵਰਡੋਜ਼ ਨਾਲ ਹੋਈਆਂ ਮੌਤਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਇੱਕ ਟੋਲ ਫਰੀ ਹੈਲਪਲਾਈਨ ਨੰਬਰ ਜਾਰੀ ਕੀਤਾ ਜਾਵੇ ਤਾਂ ਜੋ ਲੋੜ ਪੈਣ 'ਤੇ ਨਸ਼ੇੜੀ ਨੌਜਵਾਨਾਂ ਨੂੰ ਐਂਬੂਲੈਂਸਾਂ ਰਾਹੀਂ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਜਾ ਸਕੇ।

ਇਸ ਮੌਕੇ ਮ੍ਰਿਤਕ ਆਕਾਸ਼ਦੀਪ ਦੀ ਮਾਂ ਜਸਪ੍ਰੀਤ ਕੌਰ ਨੇ ਮੰਗ ਕੀਤੀ ਕਿ ਘਰ ਵਿੱਚ ਕਮਾਈ ਦਾ ਸਾਧਨ ਨਾ ਹੋਣ ਕਾਰਨ ਉਨ੍ਹਾਂ ਦੀ ਇਕ ਧੀ ਨੂੰ ਨੌਕਰੀ ਦਿੱਤੀ ਜਾਵੇ। ਇਸ ਮੌਕੇ ਨਸ਼ੇ ਕਾਰਨ ਪਤੀ ਗੁਆਉਣ ਵਾਲੀ ਚਾਰ ਬੱਚਿਆਂ ਦੀ ਮਾਂ ਨਿਸ਼ਾ ਨੇ ਅਪੀਲ ਕੀਤੀ ਨਸ਼ਾ ਤਸਕਰਾਂ ਨੂੰ ਨੱਥ ਪਾਈ ਜਾਵੇ ਤੇ ਪੀੜਤਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਜਾਵੇ।

# ਕਾਂਗਰਸ ਨੂੰ ਗੁੱਡ ਬਾਏ ਕਹਿ ਚੁੱਕੇ ਸੁਨੀਲ ਜਾਖੜ ਭਾਜਪਾ ਨਾਲ ਕਰ ਸਕਦੇ ਹਨ ਨਵੀਂ ਸਿਆਸੀ ਪਾਰੀ ਸ਼ੁਰੂ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਦੀ ਅਗਲੀ ਸਿਆਸੀ ਚਾਲ ਨੂੰ ਲੈ ਕੇ ਚਰਚਾਵਾਂ ਦਾ ਬਾਜ਼ਾਰ ਗਰਮ ਹੈ। ਕਾਂਗਰਸ ਨੂੰ ਅਲਵਿਦਾ ਕਹਿਣ ਤੋਂ ਬਾਅਦ ਜਾਖੜ ਆਪਣੀ ਅਗਲੀ ਪਾਰੀ ਕਿਸ ਪਾਰਟੀ ਤੋਂ ਸ਼ੁਰੂ ਕਰ ਸਕਦੇ ਹਨ, ਇਸ ਨੂੰ ਲੈ ਕੇ ਅਟਕਲਾਂ ਲਗਾਈਆਂ ਜਾ ਰਹੀਆਂ ਹਨ। ਅਜਿਹੇ ਸੰਕੇਤ ਹਨ ਕਿ ਉਹ ਭਾਜਪਾ ਵਿੱਚ ਸ਼ਾਮਲ ਹੋ ਸਕਦੇ ਹਨ।

ਦਰਅਸਲ, ਜਿਸ ਦਿਨ ਰਾਜਸਥਾਨ ਵਿਚ ਕਾਂਗਰਸ ਮੰਥਨ ਵਿਚ ਲੱਗੀ ਹੋਈ ਸੀ ਅਤੇ ਭਾਜਪਾ ਪ੍ਰਧਾਨ ਜਗਤ ਪ੍ਰਕਾਸ਼ ਨੱਢਾ ਪੰਜਾਬ ਵਿਚ ਮਜ਼ਬੂਤੀ ਲਈ ਭਾਜਪਾ ਦੀਆਂ ਜੜ੍ਹਾਂ ਨੂੰ ਸਿੰਜ ਰਹੇ ਸਨ, ਉਸੇ ਦਿਨ ਦਿੱਗਜ ਨੇਤਾ ਸੁਨੀਲ ਜਾਖੜ ਨੇ ਕਾਂਗਰਸ ਨਾਲੋਂ ਨਾਤਾ ਤੋੜਨ ਦਾ ਐਲਾਨ ਕਰ ਦਿੱਤਾ ਸੀ। ਚਰਚਾ ਹੈ ਕਿ ਇਹ ਇਤਫ਼ਾਕ ਹੈ ਜਾਂ ਜਾਖੜ ਨੇ ਬਹੁਤ ਸੋਚ ਸਮਝ ਕੇ ਇਹ ਦਿਨ ਚੁਣਿਆ ਹੈ। ਵਿਸ਼ਵਾਸੀ ਇਸ ਸਮੇਂ ਨੂੰ ਨਿਸ਼ਾਨੀ ਸਮਝ ਰਹੇ ਹਨ। ਸੰਕੇਤ ਇਹ ਹਨ ਕਿ ਜਾਖੜ ਹੁਣ ਭਾਜਪਾ ਵਿੱਚ ਸ਼ਾਮਲ ਹੋ ਸਕਦੇ ਹਨ।

ਜਾਖੜ ਦਾ ਸਾਦਾ, ਸਹਿਜ ਸੁਭਾਅ ਭਾਜਪਾ ਦੀ ਰਾਜਨੀਤੀ ਨਾਲ ਮੇਲ ਖਾਂਦਾ ਹੈ

ਵੈਸੇ ਤਾਂ ਬੇਸ਼ੱਕ ਸੁਨੀਲ ਜਾਖੜ ਕੋਲ ਇਸ ਸਮੇਂ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਵਿਕਲਪ ਖੁੱਲ੍ਹੇ ਹੋਣ ਪਰ ਹੁਣ ਉਹ ਉਸੇ ਪਾਰਟੀ ਦਾ ਝੰਡਾ ਬੁਲੰਦ ਕਰ ਸਕਦੇ ਹਨ ਜਿਸ ਨਾਲ ਉਹ ਪਿਛਲੇ 50 ਸਾਲਾਂ ਤੋਂ ਲੜ ਰਹੇ ਹਨ, ਯਾਨੀ ਕਿ ਭਾਜਪਾ।

ਜਾਖੜ ਦੇ ਕਰੀਬੀ ਸੂਤਰਾਂ ਦਾ ਕਹਿਣਾ ਹੈ ਕਿ ਭਾਜਪਾ ਦੇ ਸੀਨੀਅਰ ਆਗੂ ਉਨ੍ਹਾਂ ਦੇ ਸੰਪਰਕ 'ਚ ਹਨ ਪਰ ਜਾਖੜ ਨੂੰ ਨਵੀਂ ਪਾਰੀ ਸ਼ੁਰੂ ਕਰਨ 'ਚ ਕੁਝ ਸਮਾਂ ਜ਼ਰੂਰ ਲੱਗੇਗਾ।

ਜਾਖੜ ਦਾ ਸਾਦਾ, ਸਹਿਜ ਸੁਭਾਅ ਭਾਜਪਾ ਦੀ ਰਾਜਨੀਤੀ ਨਾਲ ਮੇਲ ਖਾਂਦਾ ਹੈ

ਵੈਸੇ ਤਾਂ ਬੇਸ਼ੱਕ ਸੁਨੀਲ ਜਾਖੜ ਕੋਲ ਇਸ ਸਮੇਂ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਵਿਕਲਪ ਖੁੱਲ੍ਹੇ ਹੋਣ ਪਰ ਹੁਣ ਉਹ ਉਸੇ ਪਾਰਟੀ ਦਾ ਝੰਡਾ ਬੁਲੰਦ ਕਰ ਸਕਦੇ ਹਨ ਜਿਸ ਨਾਲ ਉਹ ਪਿਛਲੇ 50 ਸਾਲਾਂ ਤੋਂ ਲੜ ਰਹੇ ਹਨ, ਯਾਨੀ ਕਿ ਭਾਜਪਾ।

ਜਾਖੜ ਦੇ ਕਰੀਬੀ ਸੂਤਰਾਂ ਦਾ ਕਹਿਣਾ ਹੈ ਕਿ ਭਾਜਪਾ ਦੇ ਸੀਨੀਅਰ ਆਗੂ ਉਨ੍ਹਾਂ ਦੇ ਸੰਪਰਕ 'ਚ ਹਨ ਪਰ ਜਾਖੜ ਨੂੰ ਨਵੀਂ ਪਾਰੀ ਸ਼ੁਰੂ ਕਰਨ 'ਚ ਕੁਝ ਸਮਾਂ ਜ਼ਰੂਰ ਲੱਗੇਗਾ।

ਹਿੰਦੂ ਹੋਣ ਕਾਰਨ ਮੁੱਖ ਮੰਤਰੀ ਦੀ ਕੁਰਸੀ ਤੋਂ ਦੂਰ ਹੋਣ ਕਾਰਨ ਭਾਜਪਾ ਹਾਈਕਮਾਂਡ ਦੀ ਨਜ਼ਰ ਜਾਖੜ 'ਤੇ ਸੀ। ਭਾਜਪਾ ਲਗਾਤਾਰ ਜਾਖੜ ਨੂੰ ਆਪਣੀ ਪਾਰਟੀ ਵਿੱਚ ਲਿਆਉਣਾ ਚਾਹੁੰਦੀ ਸੀ ਪਰ ਜਾਖੜ ਇਸ ਲਈ ਤਿਆਰ ਨਹੀਂ ਸਨ। ਪਰ ਕਾਂਗਰਸ ਵੱਲੋਂ ਉਨ੍ਹਾਂ ਨੂੰ ਕਾਰਨ ਦੱਸੋ ਨੋਟਿਸ ਦਿੱਤੇ ਜਾਣ ਤੋਂ ਬਾਅਦ ਤਸਵੀਰ ਬਦਲ ਗਈ।

ਆਮ ਆਦਮੀ ਪਾਰਟੀ ਵੀ ਕਾਂਗਰਸ ਛੱਡ ਚੁੱਕੇ ਬਜ਼ੁਰਗਾਂ ਨਾਲ ਸੰਪਰਕ ਦੂਜੇ ਪਾਸੇ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਆਮ ਆਦਮੀ ਪਾਰਟੀ ਵੀ ਜਾਖੜ ਨੂੰ ਲੈ ਕੇ ਦਿਲਚਸਪੀ ਦਿਖਾ ਰਹੀ ਹੈ। ਪਰ, ਤੁਹਾਡੀ ਸਿਆਸੀ ਸ਼ੈਲੀ ਅਤੇ ਜਾਖੜ ਦੇ ਸਧਾਰਨ, ਸੌਖੇ ਮਿਜ਼ਾਜ ਵਿੱਚ ਬਹੁਤ ਵੱਡਾ ਅੰਤਰ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਅਜਿਹੇ 'ਚ ਜਾਖੜ ਲਈ ਭਾਜਪਾ ਹੀ ਬਿਹਤਰ ਵਿਕਲਪ ਹੈ। ਜਾਖੜ ਰਾਸ਼ਟਰੀ ਰਾਜਨੀਤੀ ਵਿੱਚ ਜ਼ਿਆਦਾ ਦਿਲਚਸਪੀ ਰੱਖਦੇ ਹਨ ਅਤੇ ਭਾਜਪਾ ਵਿੱਚ ਇਹ ਮੌਕਾ ਮਿਲ ਸਕਦਾ ਹੈ। ਹਾਲਾਂਕਿ ਕਿਹਾ ਜਾ ਰਿਹਾ ਹੈ ਕਿ ਭਾਜਪਾ ਪੰਜਾਬ 'ਚ ਹੀ ਉਸ 'ਤੇ ਸੱਟਾ ਖੇਡਣਾ ਚਾਹੁੰਦੀ ਹੈ। ਅਹਿਮ ਪਹਿਲੂ ਇਹ ਹੈ ਕਿ ਜਾਖੜ ਨੇ ਪਹਿਲਾਂ ਕਾਂਗਰਸ ਖਿਲਾਫ ਕੁਝ ਨਾ ਬੋਲਣ ਦਾ ਮਨ ਬਣਾ ਲਿਆ ਸੀ ਪਰ ਬਾਅਦ 'ਚ ਸ਼ਨੀਵਾਰ ਨੂੰ ਉਨ੍ਹਾਂ ਨੇ ਕਾਂਗਰਸ ਨੂੰ ਅਲਵਿਦਾ ਕਹਿ ਦਿੱਤਾ ਜਦੋਂ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇਪੀ ਨੱਡਾ ਲੁਧਿਆਣਾ ਦੇ ਦੌਰੇ 'ਤੇ ਸਨ। ਇਸ ਦਾ ਭਾਵੇਂ ਕੋਈ ਸਿੱਧਾ ਸਬੰਧ ਨਾ ਹੋਵੇ, ਪਰ ਜਾਖੜ ਵੱਲੋਂ ਕਾਂਗਰਸ ਨੂੰ ਅਲਵਿਦਾ ਕਹਿਣ ਦਾ ਸਮਾਂ ਉਨ੍ਹਾਂ ਵੱਲੋਂ ਭਾਜਪਾ ਵਿੱਚ ਨਵੀਂ ਸਿਆਸੀ ਪਾਰਟੀ ਸ਼ੁਰੂ ਕਰਨ ਵੱਲ ਇਸ਼ਾਰਾ ਕਰ ਰਿਹਾ ਹੈ।

**ਜਾਖੜ ਰਾਹੁਲ ਗਾਂਧੀ ਤੋਂ ਹਨ ਕਾਫੀ ਨਾਰਾਜ਼-** ਰਾਹੁਲ ਗਾਂਧੀ ਦੀ 'ਸਹਿਮਤੀ' ਦੇ ਬਾਵਜੂਦ ਪੰਜਾਬ ਦੇ ਮੁੱਖ ਮੰਤਰੀ ਨਾ ਬਣ ਸਕਣ ਕਾਰਨ ਸੁਨੀਲ ਜਾਖੜ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਤੋਂ ਨਾਰਾਜ਼ ਸਨ। ਕਾਂਗਰਸ ਦੀ ਸੀਨੀਅਰ ਆਗੂ ਅੰਬਿਕਾ ਸੋਨੀ ਨੇ ਆਖਰੀ ਸਮੇਂ ਵਿੱਚ ਇਹ ਕਹਿ ਕੇ ਸਥਿਤੀ ਬਦਲ ਦਿੱਤੀ ਕਿ ਜੇਕਰ ਕਿਸੇ ਹਿੰਦੂ ਨੂੰ ਮੁੱਖ ਮੰਤਰੀ ਬਣਾਇਆ ਗਿਆ ਤਾਂ ਪੰਜਾਬ ਵਿੱਚ ਅੱਗ ਲੱਗ ਜਾਵੇਗੀ। ਸੂਤਰ ਦੱਸਦੇ ਹਨ ਕਿ ਜਾਖੜ ਦੀ ਨਾਰਾਜ਼ਗੀ ਰਾਹੁਲ ਗਾਂਧੀ ਨਾਲ ਹੈ ਕਿਉਂਕਿ ਉਹ ਕਦੇ ਵੀ ਕੋਈ ਫੈਸਲਾ ਨਹੀਂ ਲੈ ਪਾਉਂਦੇ। ਰਾਹੁਲ ਉਦੋਂ ਜਾਖੜ ਦੇ ਨਾਲ ਖੜ੍ਹੇ ਨਜ਼ਰ ਨਹੀਂ ਆਏ ਜਦੋਂ ਕਾਂਗਰਸ ਦਾ ਇਕ ਵਰਗ ਉਨ੍ਹਾਂ ਨੂੰ ਮੁੱਖ ਮੰਤਰੀ ਬਣਨ ਤੋਂ ਰੋਕਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਹੀ ਕਾਰਨ ਹੈ ਕਿ ਸ਼ਨੀਵਾਰ ਨੂੰ ਫੇਸਬੁੱਕ 'ਤੇ ਲਾਈਵ ਹੋ ਕੇ ਵੀ ਜਾਖੜ ਨੇ ਫੈਸਲਾ ਲੈਣ ਦੀ ਚੁਣੌਤੀ ਦਿੱਤੀ ਅਤੇ ਕਿਹਾ ਕਿ 'ਹੁਣ ਪਾਰਟੀ ਉਨ੍ਹਾਂ ਨੂੰ ਹਟਾਉਣ ਦਾ ਫੈਸਲਾ ਕਰੇ'।

## ਖ਼ਬਰ ਪੰਜਾਬ ਤੋਂ ਆਈ ਐ ਬਈ--

# ਕਾਂਗਰਸ ਨੇ ਆਪਣੇ ਭ੍ਰਿਸ਼ਟਾਚਾਰ ਅਤੇ ਲੁੱਟ ਨੂੰ ਛੁਪਾਉਣ ਲਈ ਜਾਤੀ ਕਾਰਡ ਖੇਡਿਆ ਅਤੇ ਮੁੱਖ ਮੰਤਰੀ ਬਦਲਣ ਦਾ ਡਰਾਮਾ ਕੀਤਾ: ਦਿਨੇਸ਼ ਚੱਢਾ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ) – ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਪੀਪੀਸੀਸੀ) ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਕਾਂਗਰਸ ਪਾਰਟੀ ਤੋਂ ਅਸਤੀਫ਼ਾ ਦੇਣ ਦੇ ਮੁੱਦੇ 'ਤੇ ਪ੍ਰਤੀਕਿਰਿਆ ਦਿੰਦਿਆਂ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਵਿਧਾਇਕ ਦਿਨੇਸ਼ ਚੱਢਾ ਨੇ ਕਾਂਗਰਸ 'ਤੇ ਹਮਲਾ ਬੋਲਿਆ ਹੈ। ਚੱਢਾ ਨੇ ਕਿਹਾ ਕਿ ਸੁਨੀਲ ਜਾਖੜ ਦੇ ਅਸਤੀਫ਼ੇ ਨੇ ਕਾਂਗਰਸ ਪਾਰਟੀ ਦੀ ਜਾਤੀ ਅਤੇ ਧਾਰਮਿਕ ਰਾਜਨੀਤੀ ਦੀ ਪੋਲ ਖੋਲ੍ਹ ਦਿੱਤੀ ਹੈ। ਕਾਂਗਰਸ ਦੀ ਪੰਜਾਬ ਨੂੰ ਜਾਤ ਅਤੇ ਧਰਮ ਵਿੱਚ ਵੰਡਣ ਵਾਲੀ ਰਾਜਨੀਤੀ ਦਾ ਵਿਰੋਧ ਕਰਨ ਕਰਕੇ ਹੀ ਸੁਨੀਲ ਜਾਖੜ ਨੂੰ ਪਾਰਟੀ ਤੋਂ ਅਸਤੀਫ਼ਾ ਦੇਣ ਲਈ ਮਜ਼ਬੂਰ ਹੋਣਾ ਪਿਆ ਹੈ। ਵੀਰਵਾਰ ਨੂੰ ਪਾਰਟੀ ਮੁੱਖ ਦਫ਼ਤਰ ਵਿੱਚ 'ਆਪ' ਪੰਜਾਬ ਦੇ ਪ੍ਰਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨਾਲ ਮੀਡੀਆ ਨੂੰ ਸੰਬੋਧਨ ਕਰਦਿਆਂ ਦਿਨੇਸ਼ ਚੱਢਾ ਨੇ ਕਾਂਗਰਸ ਪਾਰਟੀ 'ਤੇ ਦੋਸ਼ ਲਾਇਆ ਕਿ ਕਾਂਗਰਸ ਨੇ ਹਮੇਸ਼ਾ ਹੀ ਦੇਸ਼ ਵਿੱਚ ਜਾਤ ਅਤੇ ਧਰਮ ਦੀ ਰਾਜਨੀਤੀ ਕੀਤੀ ਹੈ ਅਤੇ ਲੋਕਾਂ ਨੂੰ ਜਾਤ ਅਤੇ ਧਰਮ ਦੇ ਆਧਾਰ 'ਤੇ ਵੰਡ ਕੇ ਸੱਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਵਿੱਚ ਵੀ ਉਸ ਨੇ ਚੋਣਾ ਤੋਂ ਪਹਿਲਾ ਪੰਜਾਬੀਆਂ ਨੂੰ ਵੰਡਣ ਲਈ ਜਾਤ ਤੇ ਧਰਮ ਦਾ ਕਾਰਡ ਖੇਡਿਆ ਅਤੇ ਸੁਨੀਲ ਜਾਖੜ ਨੂੰ ਸਿਰਫ਼ ਹਿੰਦੂ ਹੋਣ ਦੇ ਨਾਤੇ ਵਿਧਾਇਕਾਂ ਵੱਲੋਂ ਸਮਰਥਨ ਦੇਣ ਦੇ ਬਾਵਜੂਦ ਮੁੱਖ ਮੰਤਰੀ ਨਹੀਂ ਬਣਾਇਆ। ਸੁਨੀਲ ਜਾਖੜ ਨੂੰ ਕਾਂਗਰਸ ਦੀ ਇਸੇ ਘਟੀਆ ਰਾਜਨੀਤੀ ਦਾ ਖ਼ਮਿਆਜ਼ਾ ਭੁਗਤਣਾ ਪਿਆ ਹੈ।

ਚੱਢਾ ਨੇ ਕਿਹਾ ਕਿ 2017 ਵਿੱਚ ਚੋਣਾਂ ਜਿੱਤਣ ਤੋਂ ਬਾਅਦ ਸਾਢੇ ਚਾਰ ਸਾਲ ਤੱਕ ਕਾਂਗਰਸ ਦੀ ਸਰਕਾਰ ਨੇ ਪੰਜਾਬ ਦੇ ਵਿਕਾਸ ਲਈ ਕੁੱਝ ਨਹੀਂ ਕੀਤਾ। ਕਾਂਗਰਸੀ ਆਗੂਆਂ ਨੇ ਬਾਦਲਾਂ ਦੀ ਤਰ੍ਹਾਂ ਪੰਜਾਬ 'ਚ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਅਤੇ ਮਾਫ਼ੀਆ ਕਾਰੋਬਾਰ ਨੂੰ ਚਲਾਇਆ ਅਤੇ ਪੈਸਾ ਕਮਾਇਆ। ਜਦੋਂ ਜਨਤਾ ਕਾਂਗਰਸ ਸਰਕਾਰ ਦੀ ਸਚਾਈ ਸਮਝ ਗਈ ਤਾਂ ਲੋਕਾਂ ਨੂੰ ਗੁੰਮਰਾਹ ਕਰਨ ਲਈ ਕਾਂਗਰਸ ਨੇ ਜਾਤ ਦਾ ਕਾਰਡ ਖੇਡਿਆ ਅਤੇ ਮੁੱਖ ਮੰਤਰੀ ਬਦਲਣ ਦਾ ਡਰਾਮਾ ਕੀਤਾ।

ਵਿਧਾਇਕ ਚੱਢਾ ਨੇ ਕਿਹਾ ਕਿ ਪੰਜਾਬ ਵੀਰਾਂ ਅਤੇ ਸ਼ਹੀਦਾਂ ਦੀ ਧਰਤੀ ਹੈ। ਪੰਜਾਬ ਦੀ ਧਰਤੀ 'ਤੇ ਜਾਤ, ਧਰਮ ਅਤੇ ਨਫ਼ਰਤ ਦੀ ਰਾਜਨੀਤੀ ਦੇ ਬੀਜ ਨਹੀਂ ਬੀਜੇ ਜਾ ਸਕਦੇ। ਇੱਥੋਂ ਦੇ ਲੋਕਾਂ ਨੇ ਹਮੇਸ਼ਾ ਹੀ ਇਸ ਤਰ੍ਹਾਂ ਦੀ ਰਾਜਨੀਤੀ ਕਰਨ ਵਾਲੇ ਲੋਕਾਂ ਨੂੰ ਸਬਕ ਸਿਖਾਇਆ ਹੈ। ਪੰਜਾਬ ਵਿੱਚ ਕਾਂਗਰਸ ਹੀ ਨਹੀਂ ਕਿਸੇ ਵੀ ਰਾਜਨੀਤਿਕ ਪਾਰਟੀ ਦਾ ਧਾਰਮਿਕ ਏਜੰਡਾ ਕਦੇ ਸਫ਼ਲ ਨਹੀਂ ਹੋ ਸਕਦਾ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਕਾਂਗਰਸ, ਭਾਜਪਾ ਅਤੇ ਹੋਰ ਪਾਰਟੀਆਂ ਦੇ ਧਾਰਮਿਕ ਏਜੰਡਿਆਂ ਤੋਂ ਸਾਵਧਾਨ ਰਹਿਣ, ਤਾਂਕਿ ਪੰਜਾਬ 'ਚ ਅਮਨ-ਸ਼ਾਂਤੀ ਅਤੇ ਭਾਈਚਾਰੇ ਦਾ ਮਾਹੌਲ ਹਮੇਸ਼ਾ ਬਣਿਆ ਰਹੇ।

# ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਸਾਂਝੀ ਕਮੇਟੀ ਗਠਿਤ



ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ) – ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ 'ਚ ਪਿਛਲੇ ਲੰਮੇ ਅਰਸੇ ਤੋਂ ਨਜ਼ਰਬੰਦ ਸਿੰਘਾਂ ਦੀ ਰਿਹਾਈ ਸਬੰਧੀ ਸਾਂਝੇ ਪੰਥਕ ਯਤਨਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਕ 9 ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਇਸ ਕਮੇਟੀ ਵਿਚ ਵੱਖ-ਵੱਖ ਪੰਥਕ ਆਗੂ ਮੈਂਬਰ ਲਏ ਗਏ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ 'ਤੇ ਲੰਘੀ 11 ਮਈ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਇਤਿਹਾਸਕ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਪੰਥਕ ਇਕੱਠ ਸੱਦਿਆ ਸੀ, ਜਿਸ ਦੌਰਾਨ ਸਰਬਸੰਮਤੀ ਨਾਲ ਸਾਂਝੀ ਕਮੇਟੀ ਸਥਾਪਤ ਕਰਨ ਦੇ ਅਧਿਕਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੌਂਪੇ ਗਏ ਸਨ। ਇਸੇ ਤਹਿਤ ਉਨ੍ਹਾਂ ਨੇ ਇਸ ਸਾਂਝੀ ਕਮੇਟੀ ਦਾ ਐਲਾਨ ਕੀਤਾ ਹੈ। ਐਡਵੋਕੇਟ ਧਾਮੀ ਵੱਲੋਂ ਬਣਾਈ ਗਈ ਇਸ 9 ਮੈਂਬਰੀ ਕਮੇਟੀ ਵਿਚ ਉਨ੍ਹਾਂ (ਸ਼੍ਰੋਮਣੀ ਕਮੇਟੀ ਪ੍ਰਧਾਨ) ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ, ਸੰਤ ਸਮਾਜ ਵੱਲੋਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਨਿਹੰਗ ਸਿੰਘ ਜਥੇਬੰਦੀਆਂ 'ਚੋਂ ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ, ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਸ. ਮਨਜੀਤ ਸਿੰਘ ਜੀਕੇ ਅਤੇ ਸਿੱਖ ਪ੍ਰਚਾਰਕ ਬਾਬਾ ਬਲਜੀਤ ਸਿੰਘ ਦਾਦੂਵਾਲ ਸ਼ਾਮਲ ਕੀਤੇ ਗਏ ਹਨ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸਾਂਝੇ ਕੌਮੀ ਯਤਨਾਂ ਸਬੰਧੀ ਫਿਲਹਾਲ 9 ਮੈਂਬਰੀ ਕਮੇਟੀ ਬਣਾਈ ਗਈ ਹੈ, ਜੋ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਯਤਨਸ਼ੀਲ ਸੰਸਥਾਵਾਂ ਅਤੇ ਸ਼ਖ਼ਸੀਅਤਾਂ ਦੇ ਸਹਿਯੋਗ ਨਾਲ ਕਾਰਜ ਕਰੇਗੀ। ਉਨ੍ਹਾਂ ਕਿਹਾ ਕਿ ਇਸ ਦੌਰਾਨ ਸਿੱਖ ਜਥੇਬੰਦੀਆਂ ਤੋਂ ਮਿਲੇ ਸੁਝਾਵਾਂ ਦਾ ਵੀ ਸਤਿਕਾਰ ਕੀਤਾ ਜਾਵੇਗਾ ਅਤੇ ਲੋੜ ਅਨੁਸਾਰ ਕਮੇਟੀ ਦਾ ਵਿਸਥਾਰ ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਬਣਾਈ ਗਈ ਇਸ ਕਮੇਟੀ ਦੀ ਪਹਿਲੀ ਇਕੱਤਰਤਾ 19 ਮਈ ਨੂੰ ਅੰਮ੍ਰਿਤਸਰ ਵਿਖੇ ਬੁਲਾਈ ਗਈ ਹੈ, ਜੋ ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਮੀਟਿੰਗ ਹਾਲ ਵਿਚ ਦੁਪਹਿਰ 12:00 ਵਜੇ ਹੋਵੇਗੀ।

# ਸੁਨੀਲ ਜਾਖੜ ਮਗਰੋਂ ਹੁਣ ਮਨਪ੍ਰੀਤ ਬਾਦਲ ਦੇਣਗੇ ਕਾਂਗਰਸ ਨੂੰ ਝਟਕਾ, ਛੱਡ ਸਕਦੇ ਨੇ ਪਾਰਟੀ!



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ) – ਪੰਜਾਬ ਵਿੱਚ ਕਾਂਗਰਸ ਨੂੰ ਲਗਾਤਾਰ ਵੱਡੇ ਝਟਕੇ ਲੱਗ ਰਹੇ ਹਨ। ਸੁਨੀਲ ਜਾਖੜ ਤੋਂ ਬਾਅਦ ਹੁਣ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਵੀ ਪਾਰਟੀ ਛੱਡ ਸਕਦੇ ਹਨ। ਇਸ ਗੱਲ ਦਾ ਸੰਕੇਤ ਉਨ੍ਹਾਂ ਦੇ ਕਰੀਬੀ ਰਿਸ਼ਤੇਦਾਰ ਜੈਜੀਤ ਜੌਹਲ ਦੀ ਸੋਸ਼ਲ ਮੀਡੀਆ ਪੋਸਟ ਤੋਂ ਮਿਲਦਾ ਹੈ। ਜੌਹਲ ਨੇ ਕਿਹਾ ਕਿ ਮਨਪ੍ਰੀਤ ਬਾਦਲ ਨੂੰ ਹਰਾਉਣ ਲਈ ਕਹਿਣ ਵਾਲੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪੰਜਾਬ ਪ੍ਰਧਾਨ ਅਤੇ ਭਾਰਤ ਭੂਸ਼ਣ ਆਸ਼ੂ ਨੂੰ ਕਾਰਜਕਾਰੀ ਮੁਖੀ ਬਣਾਇਆ ਗਿਆ ਹੈ। ਅਜਿਹੇ ਵਿੱਚ ਮੇਰੇ ਵਰਗੇ ਵਰਕਰ ਤੋਂ ਉਨ੍ਹਾਂ ਦੇ ਸਨਮਾਨ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ। ਜੌਹਲ ਨੇ ਲਿਖਿਆ- ਮੈਂ ਚੋਣਾਂ ਦੌਰਾਨ ਚੁੱਪੀ ਧਾਰੀ ਹੋਈ ਸੀ ਕਿ ਵੜਿੰਗ ਨੂੰ ਉਸ ਵੇਲੇ ਦੇ ਵਿਧਾਇਕ ਤੇ ਪੰਜਾਬ ਦੇ ਵਿਤ ਮੰਤਰੀ ਮਨਪ੍ਰੀਤ ਬਾਦਲ ਦੇ ਖਿਲਾਫ ਬੋਲਣ ਦਾ ਮੁੱਦਾ ਕਿਉਂ ਬਣਾਇਆ ਜਾਵੇ? ਵੜਿੰਗ ਨੇ ਸਟੇਜ ਤੋਂ ਬਠਿੰਡਾ ਸ਼ਹਿਰੀ ਸੀਟ ਤੋਂ ਕਾਂਗਰਸ ਦੇ ਖਿਲਾਫ ਵੋਟ ਪਾਉਣ ਦੀ ਖੁੱਲ ਕੇ ਅਪੀਲ ਕੀਤੀ। ਭਾਰਤ ਭੂਸ਼ਣ ਆਸ਼ੂ ਦਾ ਆਡੀਓ ਵਾਇਰਲ ਹੋਇਆ ਸੀ, ਜਿਸ 'ਚ ਉਨ੍ਹਾਂ ਨੇ ਮਨਪ੍ਰੀਤ ਖਿਲਾਫ ਵੋਟਾਂ ਪਾਉਣ ਦੀ ਗੱਲ ਕਹੀ ਸੀ। ਉਨ੍ਹਾਂ ਨੂੰ ਹੁਣ ਪ੍ਰਧਾਨ ਅਤੇ ਕਾਰਜਕਾਰੀ ਮੁਖੀ ਬਣਾਇਆ ਗਿਆ ਹੈ। ਪੋਸਟ ਵਿੱਚ ਅੱਗੇ ਲਿਖਿਆ ਹੈ ਕਿ ਉਦੈਪੁਰ ਵਿੱਚ ਕਾਂਗਰਸ ਦਾ ਚਿੰਤਨ ਇਹ ਹੋਣਾ ਚਾਹੀਦਾ ਸੀ ਕਿ ਜੇ ਕੋਈ ਆਪਣੀ ਹੀ ਪਾਰਟੀ ਦੇ ਉਮੀਦਵਾਰਾਂ ਖਿਲਾਫ ਬੋਲਦਾ ਹੈ ਤਾਂ ਉਸ ਨੂੰ ਅਹੁਦਿਆਂ ਨਾਲ ਨਿਵਾਜਿਆ ਜਾਂਦਾ ਹੈ ਅਤੇ ਜਾਖੜ ਨੂੰ ਕਾਰਨ ਦੱਸੋ ਨੋਟਿਸ ਦਿੱਤਾ ਜਾਂਦਾ ਹੈ?

ਉਨ੍ਹਾਂ ਕਾਂਗਰਸ 'ਤੇ ਵਿਅੰਗ ਕੱਸਦੇ ਹੋਏ ਕਿਹਾ ਕਿ ਅਜਿਹੇ 'ਚ ਆਪਣੀ ਹੀ ਪਾਰਟੀ ਦੇ ਨੇਤਾਵਾਂ ਖਿਲਾਫ ਬੋਲਣ ਨਾਲ ਮੈਨੂੰ ਵੀ ਪਾਰਟੀ 'ਚ ਅਹੁਦਾ ਮਿਲ ਸਕਦਾ ਹੈ। ਜੌਹਲ ਨੇ ਪੁੱਛਿਆ ਕਿ ਵੜਿੰਗ ਅਤੇ ਆਸ਼ੂ ਨੂੰ ਆਪਣੀ ਹੀ ਪਾਰਟੀ ਦੇ ਉਮੀਦਵਾਰ ਅਤੇ ਵਿੱਤ ਮੰਤਰੀ ਖਿਲਾਫ ਬੋਲਣ ਦੀ ਇਜਾਜ਼ਤ ਕਿਉਂ ਦਿੱਤੀ ਗਈ। ਪਾਰਟੀ ਅਨੁਸ਼ਾਸਨ ਦੀ ਉਮੀਦ ਕਿਵੇਂ ਕਰ ਸਕਦੀ ਹੈ?

ਦੱਸਣਯੋਗ ਹੈ ਕਿ ਮਨਪ੍ਰੀਤ ਬਾਦਲ ਇਸ ਵਾਰ ਬਠਿੰਡਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੋਂ ਹਾਰ ਗਏ ਸਨ। ਉਸ ਸਮੇਂ ਰਾਜਾ ਵੜਿੰਗ ਦੇ ਕੁਝ ਵੀਡੀਓ ਸਾਹਮਣੇ ਆਉਣ ਦਾ ਦਾਅਵਾ ਕੀਤਾ ਗਿਆ ਸੀ। ਜਿਸ ਵਿੱਚ ਉਹ ਪੰਜਾਬ ਵਿੱਚ ਮਨਪ੍ਰੀਤ ਸਣੇ ਸਾਰੇ ਬਾਦਲਾਂ ਨੂੰ ਹਰਾਉਣ ਦੀ ਗੱਲ ਕਰ ਰਹੇ ਹਨ। ਹਾਲਾਂਕਿ ਚੋਣਾਂ ਵਿੱਚ ਹਾਰ ਤੋਂ ਬਾਅਦ ਮਨਪ੍ਰੀਤ ਵਿਦੇਸ਼ ਚਲੇ ਗਏ ਸਨ।

# ਮੁੱਖ ਮੰਤਰੀ ਨੇ ਤਰਸ ਦੇ ਆਧਾਰ 'ਤੇ 57 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ) –ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸਥਾਨਕ ਸਰਕਾਰਾਂ ਅਤੇ ਪੁਲਿਸ ਵਿਭਾਗਾਂ ਵਿੱਚ ਤਰਸ ਦੇ ਆਧਾਰ 'ਤੇ ਨਿਯੁਕਤ ਹੋਏ 57 ਵਿਅਕਤੀਆਂ ਨੂੰ ਨਿਯੁਕਤੀ ਪੱਤਰ ਸੌਂਪੇ।

ਇੱਥੇ ਪੰਜਾਬ ਭਵਨ ਵਿਖੇ ਤਰਸ ਦੇ ਆਧਾਰ 'ਤੇ ਨੌਕਰੀਆਂ ਲਈ ਨਿਯੁਕਤੀ ਪੱਤਰ ਸੌਂਪਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਦੇ ਕਰੀਅਰ ਦੀ ਸਫਲਤਾ ਅਤੇ ਬਿਹਤਰ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਦੱਸਿਆ ਕਿ ਇਨ੍ਹਾਂ 57 ਨਿਯੁਕਤੀਆਂ ਵਿੱਚੋਂ 50 ਸਥਾਨਕ ਸਰਕਾਰਾਂ ਵਿਭਾਗ ਨਾਲ ਜਦਕਿ 7 ਪੁਲਿਸ ਵਿਭਾਗ ਨਾਲ ਸਬੰਧਤ ਹਨ। ਭਗਵੰਤ ਮਾਨ ਨੇ ਕਿਹਾ ਕਿ ਅੱਜ ਨਿਯੁਕਤ ਹੋਏ ਨੌਜਵਾਨਾਂ ਨੂੰ ਰੋਟੀ-ਰੋਜ਼ੀ ਕਮਾਉਣ ਵਾਲੇ ਪਰਿਵਾਰਕ ਜੀਅ ਦੇ ਗੁਜ਼ਰਨ ਤੋਂ ਬਾਅਦ ਕਈ ਔਕੜਾਂ ਵਿੱਚੋਂ ਲੰਘਣਾ ਪਿਆ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਨਜ਼ਦੀਕੀਆਂ ਦਾ ਤੁਰ ਜਾਣਾ ਨਾ ਪੂਰਿਆ ਜਾਣ ਵਾਲਾ ਘਾਟਾ ਹੈ ਅਤੇ ਇਸ ਦੀ ਪੂਰਤੀ ਨਹੀਂ ਕੀਤੀ ਜਾ ਸਕਦੀ। ਹਾਲਾਂਕਿ, ਭਗਵੰਤ ਮਾਨ ਨੇ ਕਿਹਾ ਕਿ ਇਹ ਨਿਯੁਕਤੀਆਂ ਇਨ੍ਹਾਂ ਪਰਿਵਾਰਾਂ ਦੇ ਦੁੱਖ ਘਟਾਉਣ ਵਿੱਚ ਸਹਾਈ ਹੋਣ ਦੇ ਨਾਲ-ਨਾਲ ਉਨ੍ਹਾਂ ਨੂੰ ਮਾਣ-ਇੱਜ਼ਤ ਅਤੇ ਸਨਮਾਨਜਨਕ ਢੰਗ ਨਾਲ ਜੀਵਨ ਬਸਰ ਕਰਨ ਵਿੱਚ ਮਦਦਗਾਰ ਸਾਬਤ ਹੋਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਪਹਿਲਾਂ ਹੀ ਸਾਰੇ ਵਿਭਾਗਾਂ ਨੂੰ ਤਰਸ ਦੇ ਆਧਾਰ 'ਤੇ ਨਿਯੁਕਤੀਆਂ ਲਈ ਅਸਾਮੀਆਂ ਭਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਕਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ 26,754 ਅਸਾਮੀਆਂ ਭਰਨ ਲਈ ਵੱਡੇ ਪੱਧਰ 'ਤੇ ਭਰਤੀ ਮੁਹਿੰਮ ਸ਼ੁਰੂ ਕੀਤੀ ਹੈ। ਭਗਵੰਤ ਮਾਨ ਨੇ ਕਿਹਾ ਕਿ ਉਹ ਪਹਿਲਾਂ ਹੀ ਵੱਖ-ਵੱਖ ਵਿਭਾਗਾਂ ਨੂੰ ਇਨ੍ਹਾਂ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਤੇਜ਼ ਕਰਨ ਲਈ ਕਹਿ ਚੁੱਕੇ ਹਨ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁੱਖ ਸਕੱਤਰ ਅਨਿਰੁਧ ਤਿਵਾੜੀ, ਡੀ.ਜੀ.ਪੀ. ਵੀ.ਕੇ. ਭਾਵਰਾ, ਪ੍ਰਮੁੱਖ ਸਥਾਨਕ ਸਰਕਾਰਾਂ ਵਿਵੇਕ ਪ੍ਰਤਾਪ ਸਿੰਘ ਅਤੇ ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਰਵੀ ਭਗਤ ਹਾਜ਼ਰ ਸਨ।

# ਪੁਲੀਸ ਖ਼ਾਲਿਸਤਾਨ ਦੇ ਬਹਾਨੇ ਸਿੱਖ ਨੌਜਵਾਨਾਂ 'ਤੇ ਕਰ ਰਹੀ ਹੈ ਤਸ਼ੱਦਦ - ਖਹਿਰਾ




ਜਲੰਧਰ (ਪੰਜਾਬੀ ਅਖਬਾਰ ਬਿਊਰੋ) – ਕਾਂਗਰਸ ਦੇ ਭੁਲੱਥ ਹਲਕੇ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ, ਬਲਜਿੰਦਰ ਸਿੰਘ ਪਰਵਾਨਾ ਦੀ ਪਤਨੀ, ਅਲਾਇੰਸ ਔਫ਼ ਸਿੱਖ ਔਰਗੇਨਾਈਜ਼ੇਸ਼ਨ ਦੇ ਆਗੂ ਸੁਖਦੇਵ ਸਿੰਘ ਅਤੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਇਕਸੁਰ ਹੁੰਦਿਆਂ ਕਿਹਾ ਕਿ ਪੰਜਾਬ 'ਚ ਖ਼ਾਲਿਸਤਾਨ ਦਾ ਹਊਆ ਖੜ੍ਹਾ ਕਰ ਕੇ ਪੁਲੀਸ ਵਲੋਂ ਸਿੱਖ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਕੇ ਦਹਿਸ਼ਤ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ।

ਇੱਥੇ ਖਹਿਰਾ ਨੇ ਕਿਹਾ ਕਿ ਪੰਜਾਬ ਪੁਲੀਸ ਦੀ ਬਦਨੀਤੀ ਇਸ ਘਟਨਾ ਤੋਂ ਸਾਹਮਣੇ ਆ ਜਾਂਦੀ ਹੈ ਕਿ ਅੱਠ ਮਹੀਨੇ ਪਹਿਲਾਂ ਭੁਲੱਥ ਹਲਕੇ ਦੇ ਪਿੰਡ ਨਿਜ਼ਾਮਪੁਰ 'ਚ ਵਾਪਰੀ ਬੇਅਦਬੀ ਦੀ ਘਟਨਾ ਦੌਰਾਨ ਹੋਏ ਕਤਲ ਦੇ ਮਾਮਲੇ 'ਚ ਹੁਣ ਬਲਜਿੰਦਰ ਸਿੰਘ ਪਰਵਾਨਾ ਨੂੰ ਨਾਮਜ਼ਦ ਕੀਤਾ ਗਿਆ ਹੈ। ਖਹਿਰਾ ਨੇ ਕਿਹਾ ਕਿ ਆਪ ਸਰਕਾਰ ਵੀ ਪਿਛਲੀਆਂ ਸਰਕਾਰਾਂ ਵਾਂਗ ਨੌਜਵਾਨਾਂ ਨੂੰ ਝੂਠੇ ਕੇਸਾਂ 'ਚ ਫ਼ਸਾਉਣ ਦੇ ਚੱਕਰ ਅਤੇ ਸੂਬੇ 'ਚ ਦਹਿਸ਼ਤ ਵਾਲਾ ਮਾਹੌਲ ਸਿਰਜਣ 'ਚ ਲੱਗੀ ਹੋਈ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਇਸ ਮੁੱਦੇ 'ਤੇ ਵ੍ਹਾਈਟ ਪੇਪਰ ਜਾਰੀ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਹ ਛੇਤੀ ਹੀ ਪੰਜਾਬ ਦੇ DGP ਨੂੰ ਮਿਲਣਗੇ ਤੇ ਜੇ ਇਨਸਾਫ਼ ਨਾ ਮਿਲਿਆ ਤਾਂ ਪਹਿਲਾਂ ਕਪੂਰਥਲਾ ਦੇ SSP ਦਫ਼ਤਰ ਅੱਗੇ ਅਤੇ ਮਗਰੋਂ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੌਕੇ ਬਲਜਿੰਦਰ ਸਿੰਘ ਪਰਵਾਨਾ ਦੀ ਪਤਨੀ ਨੇ ਵੀ SSP ਕਪੂਰਥਲਾ ਕੋਲ ਸ਼ਿਕਾਇਤ ਕਰ ਕੇ ਇਸ ਮਾਮਲੇ ਦੀ ਜਾਂਚ ਮੰਗੀ ਹੈ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਵਲੋਂ ਕਾਂਗਰਸ ਛੱਡਣ ਦੇ ਕੀਤੇ ਐਲਾਨ 'ਤੇ ਟਿੱਪਣੀ ਕਰਦਿਆਂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਸੁਨੀਲ ਜਾਖੜ ਇਕ ਇਮਾਨਦਾਰ ਅਤੇ ਬੇਦਾਗ਼ ਆਗੂ ਹਨ ਅਤੇ ਉਨ੍ਹਾਂ ਦਾ ਪਾਰਟੀ 'ਚ ਅਹਿਮ ਰੋਲ ਰਿਹਾ ਹੈ। ਖਹਿਰਾ ਨੇ ਕਿਹਾ ਕਿ ਕਾਂਗਰਸ ਹਾਈਕਮਾਨ ਨੂੰ ਯਤਨ ਕਰਨਾ ਚਾਹੀਦਾ ਹੈ ਕਿ ਜਾਖੜ ਵਰਗੇ ਆਗੂ ਨੂੰ ਪਾਰਟੀ 'ਚ ਵਾਪਿਸ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਸੁਨੀਲ ਜਾਖੜ ਵਲੋਂ ਪਾਰਟੀ ਛੱਡਣੀ ਮੰਦਭਾਗੀ ਗੱਲ ਹੈ।

# ਅਨਮੋਲ ਗਗਨ ਮਾਨ ਨੇ ਨਿਆਸਰਿਆਂ, ਬੇਸਹਾਰਾ, ਬਿਮਾਰ, ਅੰਗਹੀਣ ਵਿਅਕਤੀਆਂ ਨੂੰ ਤਪਦੀ ਗਰਮੀ ਤੋਂ ਨਿਜਾਤ ਦਿਵਾਈ



ਖਰੜ (ਸੂਰਜ ਭਾਨ ਗੋਇਲ) ਬੇਸਹਾਰਾ ਅਤੇ ਮਾਨਸਿਕ ਤੌਰ ਤੋਂ ਬਿਮਾਰ ਲੋਕਾਂ ਦੀ ਸੇਵਾ ਸੰਭਾਲ ਕਰ ਰਹੀ ਸੰਸਥਾ ਪ੍ਰਭ ਆਸਰਾ ਜਿਸ ਦਾ ਬੀਤੇ ਦਿਨੀਂ ਬਿਜਲੀ ਵਿਭਾਗ ਵੱਲੋਂ ਬਿਜਲੀ ਸਪਲਾਈ ਦਾ ਕੁਨੈਕਸ਼ਨ ਕੱਟ ਦਿੱਤਾ ਸੀ, ਜੋ ਹੁਣ ਹਲਕਾ ਖਰੜ ਦੀ ਐਮਐਲਏ ਮੈਡਮ ਅਨਮੋਲ ਗਗਨ ਮਾਨ ਦੇ ਯਤਨਾਂ ਸਦਕਾ ਵਿਭਾਗ ਨੇ ਮੁੜ ਜੋੜ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਮਐਲਏ ਮੈਡਮ ਮਾਨ ਨੇ ਦੱਸਿਆ ਕਿ ਬਿਜਲੀ ਵਿਭਾਗ ਦਾ ਬਿਲ ਨਾ ਭਰਨ ਕਾਰਨ ਵਿਭਾਗ ਵੱਲੋਂ ਸੰਸਥਾਂ ਦਾ ਕੁਨੈਕਸਨ ਕੱਟ ਦਿੱਤਾ ਸੀ, ਸੰਸਥਾ ਦੇ ਪ੍ਰਬੰਧਕਾਂ ਨੇ ਆਪ ਪਾਰਟੀ ਦੇ ਦਫਤਰ ਆ ਕੇ ਲਿਖਤੀ ਰੂਪ ਵਿਚ ਸਾਰਾ ਮਾਮਲਾ ਉਨਾਂ ਦੇ ਧਿਆਨ ਹਿੱਤ ਲਿਆਦਾ। ਜਿਸ ਤੇ ਉਨ੍ਹਾਂ ਨੇ ਤੁਰੰਤ ਕਾਰਵਾਈ ਕਰਦਿਆਂ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵਾਨ ਸਿੰਘ ਮਾਨ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦੇ ਧਿਆਨ ਹਿੱਤ ਲਿਆ ਕੇ ਇਸ ਕੁਨੈਕਸ਼ਨ ਨੂੰ ਮੁੜ ਚਾਲੂ ਕਰਵਾਇਆਂ ਗਿਆ ਅਤੇ ਉੱਥੇ ਰਹਿ ਰਹੇ ਹਜ਼ਾਰਾਂ ਦੀ ਗਿਣਤੀ ਵਿੱਚ ਬੇਸਹਾਰਾ ਲੋਕਾਂ ਨੂੰ ਤਪਦੀ ਗਰਮੀ ਦੀ ਸਮੱਸਿਆ ਤੋਂ ਨਿਜਾਤ ਦਿਵਾਈ। ਜਿਸਤੇ ਕਿ ਸੰਸਥਾਂ ਦੇ ਪ੍ਰਬੰਧਕਾਂ ਨੇ ਉਨਾਂ ਦਾ ਵਿਸ਼ੇਸ ਤੌਰ ਤੇ ਧੰਨਵਾਦ ਕੀਤਾ। ਮੈਡਮ ਮਾਨ ਨੇ ਕਿਹਾ ਕਿ ਪ੍ਰਭ ਆਸਰਾ ਚੈਰੀਟੇਬਲ ਦਾ ਕਾਰਜ ਇਕ ਨਿਆਸਰਿਆਂ, ਬੇਸਹਾਰਾ, ਬਿਮਾਰ, ਅੰਗਹੀਣ ਵਿਅਕਤੀਆਂ ਨੂੰ ਆਸਰਾ ਦੇਣਾ ਰੋਗੀਆਂ ਦਾ ਇਲਾਜ ਕਰਨਾ ਹੈ। ਇਹ ਸੰਸਥਾ ਪਿਛਲੇ ਲੰਮੇਂ ਸਮੇਂ ਤੋਂ ਲੋੜਵੰਦ ਵਿਆਕਤੀ ਦੀ ਸੇਵਾ ਸੰਭਾਲ ਦਾ ਕੰਮ ਕਰ ਰਹੀ ਹੈ। ਉਨਾਂ ਕਿਹਾ ਕਿ ਹਲਕੇ ਦੇ ਲੋਕਾਂ ਦੀ ਸੇਵਾ ਲਈ ਤਤਪਰ ਹਨ ਕਿਸੇ ਵੀ ਸੰਸਥਾ ਨੂੰ ਅਗਰ ਕੋਈ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਆਪ ਪਾਰਟੀ ਸਥਿਤ ਖਰੜ ਵਿਖੇ ਸੰਪਰਕ ਕਰ ਸਕਦੇ ਹਨ।

# ਪਾਕਿ 'ਚ ਦੋ ਸਿੱਖਾਂ ਦੇ ਕਤਲ ਦੀ ਜਥੇਦਾਰ ਹਰਪ੍ਰੀਤ ਸਿੰਘ ਨੇ ਕੀਤੀ ਨਿੰਦਾ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ) –ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪਾਕਿਸਤਾਨ ਦੇ ਪੇਸ਼ਾਵਰ 'ਚ ਦੋ ਸਿੱਖ ਦੁਕਾਨਦਾਰਾਂ ਰਣਜੀਤ ਸਿੰਘ ਤੇ ਕੁਲਜੀਤ ਸਿੰਘ ਨੂੰ ਗੋਲੀਆਂ ਮਾਰ ਕੇ ਕਤਲ ਕੀਤੇ ਜਾਣ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਕਿਹਾ ਕਿ ਬਹੁਤ ਹੀ ਮੰਦਭਾਗੀ ਸੂਚਨਾ ਮਿਲੀ ਹੈ ਕਿ ਪਿਸ਼ਾਵਰ ਤੋਂ 20 ਕਿਲੋਮੀਟਰ ਦੂਰ ਖ਼ੈਬਰ-ਪਖ਼ਤੂਨਖ਼ਵਾ ਖੇਤਰ 'ਚ ਦੋ ਸਿੱਖ ਨੌਜਵਾਨਾਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਜੋ ਕਿ ਬਹੁਤ ਹੀ ਮੰਦਭਾਗੀ ਘਟਨਾ ਹੈ। ਇਸ ਘਟਨਾ ਨੇ ਸਿੱਖਾਂ ਦੇ ਮਨਾਂ ਨੂੰ ਬਹੁਤ ਭਾਰੀ ਠੇਸ ਪਹੁੰਚਾਈ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਾਕਿਸਤਾਨ ਅੰਦਰ ਪਿਛਲੇ ਸਮੇਂ ਦੌਰਾਨ ਸਿੱਖਾਂ 'ਤੇ ਕਈ ਵਾਰ ਹਮਲੇ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਨੂੰ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਇਸ ਘਟਨਾ ਦੀ ਡੂੰਘਾਈ ਨਾਲ ਜਾਂਚ ਕਰਵਾਈ ਜਾਵੇ ਕਿ ਉਹ ਕਿਹੜੀਆਂ ਏਜੰਸੀਆਂ ਹਨ ਜਿਹੜੀਆਂ ਪਾਕਿਸਤਾਨ 'ਚ ਇਸ ਤਰ੍ਹਾਂ ਸਿੱਖਾਂ ਨੂੰ ਟਾਰਗੈੱਟ ਕਰ ਰਹੀਆਂ ਹਨ।

ਉਨ੍ਹਾਂ ਘਟਨਾ ਬਾਰੇ ਅੱਗੇ ਕਿਹਾ ਕਿ ਉਨ੍ਹਾਂ ਦੀ ਪਿਸ਼ਾਵਰ 'ਚ ਪਾਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਾਲ ਵੀ ਗੱਲਬਾਤ ਹੋਈ ਹੈ ਅਤੇ ਉਨ੍ਹਾਂ ਨੇ ਵੀ ਇਸ ਘਟਨਾ ਬਾਰੇ ਦੱਸਿਆ ਹੈ ਕਿ ਇਹ ਟਾਰਗੈੱਟ ਕਿਲਿੰਗ ਘਟਨਾ ਹੈ ਪਰ ਪਾਕਿ ਸਰਕਾਰ ਵਲੋਂ ਅਜੇ ਕੋਈ ਅਧਿਕਾਰਕ ਬਿਆਨ ਨਹੀਂ ਆਇਆ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ 'ਚ ਅਸਫ਼ਲ ਰਹੀ ਹੈ।

ਉਨ੍ਹਾਂ ਸਿੱਖਾਂ ਦੇ ਕਤਲ ਦੀ ਨਿਖੇਧੀ ਕਰਦਿਆਂ ਪਾਕਿਸਤਾਨ ਸਰਕਾਰ ਤੋਂ ਇਸ ਮਾਮਲੇ 'ਚ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਅਤੇ ਕਿਹਾ ਕਿ ਪਤਾ ਕੀਤਾ ਜਾਵੇ ਕਿ ਉਹ ਕਿਹੜੀਆਂ ਤਾਕਤਾਂ ਹਨ ਜੋ ਸਿੱਖਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਸਿੱਖਾਂ ਲਈ ਇਸ ਤਰ੍ਹਾਂ ਦੀਆਂ ਘਟਨਾਵਾਂ ਬਹੁਤ ਹੀ ਦੁਖਦਾਈ ਹਨ। ਉਨ੍ਹਾਂ ਕਿਹਾ ਕਿ ਅਸੀਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਜ਼ਾਹਿਰ ਕਰਦੇ ਹਾਂ ਅਤੇ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਵਿੱਛੜੀਆਂ ਰੂਹਾਂ ਨਾਲ ਆਪਣੇ ਚਰਨਾਂ 'ਚ ਨਿਵਾਸ ਬਖ਼ਸ਼ੇ।

# ਪੰਜਾਬ ਕਾਂਗਰਸ ਲਈ ਜਾਖੜ ਸੋਨੇ ਵਾਂਗ ਕੀਮਤੀ: ਸਿੱਧੂ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ) – ਉਦੈਪੁਰ ਵਿੱਚ ਚੱਲ ਰਹੇ ਚਿੰਤਨ ਸ਼ਿਵਿਰ ਦਰਮਿਆਨ ਪੰਜਾਬ ਦੇ ਮਜ਼ਬੂਤ ਆਗੂ ਸੁਨੀਲ ਜਾਖੜ ਵੱਲੋਂ ਪਾਰਟੀ ਛੱਡਣ ਦਾ ਐਲਾਨ ਕਾਂਗਰਸ ਲਈ ਵੱਡਾ ਝਟਕਾ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਹੁਣ ਸੁਨੀਲ ਜਾਖੜ ਨੂੰ ਮਨਾਉਣ 'ਚ ਲੱਗੇ ਹੋਏ ਹਨ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਜੋ ਵੀ ਮਤਭੇਦ ਹੋਣ, ਉਨ੍ਹਾਂ ਨੂੰ ਗੱਲਬਾਤ ਰਾਹੀਂ ਹੱਲ ਕੀਤਾ ਜਾ ਸਕਦਾ ਹੈ।

ਨਵਜੋਤ ਸਿੰਘ ਸਿੱਧੂ ਨੇ ਟਵੀਟ ਕਰਦੇ ਹੋਏ ਸੁਨੀਲ ਜਾਖੜ ਨੂੰ ਕਾਂਗਰਸ ਦੀ ਵੱਡੀ ਜਾਇਦਾਦ ਦੱਸਦਿਆਂ ਕਿਹਾ ਕਿ ਕਾਂਗਰਸ ਨੂੰ ਸੁਨੀਲ ਜਾਖੜ ਨੂੰ ਨਹੀਂ ਗੁਆਉਣਾ ਚਾਹੀਦਾ। ਉਹ ਪਾਰਟੀ ਦਾ ਬਹੁਤ ਵੱਡਾ ਸਰਮਾਇਆ ਹਨ। ਕਿਸੇ ਵੀ ਮਤਭੇਦ ਨੂੰ ਬੈਠ ਕੇ ਹੱਲ ਕੀਤਾ ਜਾ ਸਕਦਾ ਹੈ।







# ਬਰ.ਫੀਲੇ ਡਾਲਰਾਂ ਹੇਠਾਂ ਅੱਗ ਵਿੱਚ ਸੜਦੇ ਫੁੱਲ

ਗੁਰਮੇਲ ਬੀਰੋਕੇ ਦਾ ਕਾਲਮ ਬਰਫੀਲੇ ਡਾਲਰ ਨਾਂ ਹੇਠ ਪੰਜਾਬੀ ਅਖ਼ਬਾਰ ਵਿੱਚ ਲਗਾਤਾਰ ਬਹੁਤ ਸਾਲ ਛਪਦਾ ਰਿਹਾ। ਅੱਗ ਵਿੱਚ ਸੜਦੇ ਫੁੱਲ ਦੇ ਨਾਂ ਦੇ ਸਬ-ਕਾਲਮ ਹੇਠ ਇਹ ਕਹਾਣੀਆਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਵੱਲੋਂ ਉਸ ਮੌਕੇ ਵੀ ਬਹੁਤ ਪਸੰਦ ਕੀਤੀਆਂ ਗਈਆਂ ਸਨ, ਪਰ ਹੁਣ ਇਹ ਕਿਤਾਬੀ ਰੂਪ ਵਿੱਚ ਆ ਚੁੱਕੀਆਂ ਹਨ। ਗੁਰਮੇਲ ਬੀਰੋਕੇ ਦੀ ਦੂਜੀ ਕਿਤਾਬ ਛਪੀ ਹੈ, ਪਹਿਲੀ ਬਾਤਾਂ ਸੜਕ ਦੀਆਂ ਸੀ। ਇਹ ਕਿਤਾਬ ਕਹਾਣੀਆਂ ਦੀ ਹੈ। ਪ੍ਰਕਾਸ਼ਕ ਨਵਯੁਗ ਨਵੀਂ ਦਿੱਲੀ ਵਾਲੇ ਹਨ। ਕਿਤਾਬ ਦਾ ਨਾਂ ਅੱਗ 'ਚ ਸੜਦੇ ਫੁੱਲ ਹੈ। ਇਸ ਵਿੱਚ ਨੌਂ ਕਹਾਣੀਆਂ ਹਨ। ਸਾਰੀਆਂ ਕਹਾਣੀਆਂ ਦਾ ਧਰਾਤਲ ਕਨੇਡਾ ਦੀ ਧਰਤੀ ਹੈ ਤੇ ਪਾਤਰ ਪੰਜਾਬੀ ਹਨ। ਵੱਖਰੀ ਗੱਲ ਹੈ ਕਿ ਇਹਨਾਂ ਕਹਾਣੀਆਂ ਵਿੱਚ ਕਈ ਥਾਂਵਾਂ 'ਤੇ ਸਾਇੰਸ, ਮਨੋਵਿਗਿਆਨ ਤੇ ਅਰਥ-ਸ਼ਾਸਤਰ ਦੀਆਂ ਥਿਊਰੀਆਂ ਦੇ ਅੰਸ਼ ਮਿਲਣਗੇ, ਜਿੰਨ੍ਹਾਂ ਰਾਹੀਂ ਪੰਜਾਬੀ ਪਾਠਕ ਕਹਾਣੀ ਦੇ ਨਾਲ-ਨਾਲ ਕੁਛ ਸਿੱਖਣਗੇ।

*

ਕਹਾਣੀ ਆਲ੍ਹਣੇ ਵਾਲਾ ਸੱਪ ਵਿਦਿਆਰਥਣ ਕੁੜੀ ਦੇ ਮਨ ਦੀ ਦਸ਼ਾ ਦਿਖਾਉਂਦੀ ਹੈ। ਉਹ ਕਨੇਡਾ ਵਿੱਚ ਪੜ੍ਹ ਕੇ ਬੁਰੇ ਹਾਲਾਂ ਨਾਲ ਵਿਆਹ ਕਰਾ ਕੇ ਪੱਕੀ ਹੁੰਦੀ ਹੈ ਤੇ ਫਿਰ ਪੱਕੀ ਹੋ ਕੇ ਆਪਣੇ ਘਰਵਾਲੇ ਨੂੰ (ਜਿਸ ਨਾਲ ਉਸ ਨੇ ਪੱਕਾ ਹੋਣ ਲਈ ਮਿੰਨਤਾਂ ਕਰਕੇ ਵਿਆਹ ਕਰਾਇਆ ਸੀ) ਧੋਖੇ ਨਾਲ ਕਤਲ ਕਰਾਉਂਦੀ ਹੈ।

*

ਛਾਲਾ ਫਿੱਸ ਗਿਆ ਕਹਾਣੀ ਵਿੱਚ ਇੱਕ ਪੰਜਾਬੀ ਪਤੀ ਦੀ ਮਨੋਦਸ਼ਾ ਚਿੱਤਰੀ ਗਈ ਹੈ। ਉਹ ਸ਼ੱਕ ਦੇ ਅਧਾਰ 'ਤੇ ਘਰਵਾਲ਼ੀ ਦਾ ਕਤਲ ਕਰ ਦਿੰਦਾ ਹੈ ਤੇ ਸਬੂਤ ਮਿਟਾਉਣ ਦੀ ਕੋਸ਼ਸ਼ ਕਰਦਾ ਹੈ ਪਰ ਕਾਨੂੰਨ ਦੇ ਸਿਕੰਜੇ ਵਿੱਚ ਜਕੜਿਆ ਜਾਂਦਾ ਹੈ। ਜੇਲ਼ ਵਿੱਚ ਇੱਕ ਗੋਰੇ ਕੈਦੀ ਨਾਲ ਗੱਲਾਂ ਕਰਦਾ ਹੈ ਤੇ ਉਹ ਗੋਰਾ ਕੈਦੀ ਔਰਤ ਦੀ ਮਹਾਨਤਾ, ਔਰਤ ਨਾਲ ਜੁੜਨ ਵਾਲੇ ਸੰਬੰਧਾਂ ਦੀ ਮਹਾਨਤਾ ਤੇ ਪਿਆਰ ਦੀ ਪਵਿੱਤਰਤਾ ਬਾਰੇ ਉਸ ਨੂੰ ਦੱਸਦਾ ਹੈ ਤਾਂ ਉਸ ਦੀ ਮਾਨਸਿਕਤਾ ਬਿਗੜ ਜਾਂਦੀ ਹੈ। ਉਹ ਆਪਣੇ ਗੁਨਾਹ ਦੇ ਭਾਰ ਹੇਠ ਦਬ ਜਾਂਦਾ ਹੈ, ਮਨ ਇਸ ਤਰਾਂ ਟਸ-ਟਸ ਕਰਨ ਲੱਗਦਾ ਹੈ ਜਿਵੇਂ ਛਾਲੇ ਵਿੱਚ ਰਾਧ ਭਰੀ ਹੋਵੇ ਤੇ ਅਖੀਰ ਨੂੰ ਜੱਜ ਦੇ ਸਾਹਮਣੇ ਆਪਣਾ ਗੁਨਾਹ ਕਬੂਲ ਕਰਕੇ ਹਲਕਾ-ਹਲਕਾ ਮਹਿਸੂਸ ਕਰਦਾ ਹੈ।

*

ਕਹਾਣੀ ਡਰੇ ਹੋਏ ਫੁੱਲ ਇੱਕ ਪੰਜਾਬਣ ਦੀ ਕਹਾਣੀ ਹੈ। ਉਸ ਦੇ ਮਾਂ ਬਾਪ ਦਾ ਤਲਾਕ ਉਸ ਦੀ ਨਾਨੀ ਕਰਵਾ ਦਿੰਦੀ ਹੈ ਤੇ ਕੁੜੀ ਸਹਿਮ ਭਰੇ ਮਹੌਲ ਵਿੱਚ ਪਲ਼ਦੀ ਹੈ ਤੇ ਫਿਰ ਘਰੋਂ ਭੱਜ ਜਾਂਦੀ ਹੈ। ਉਸ ਨੂੰ ਪਤਾ ਨਹੀਂ ਲੱਗਦਾ ਕਿ ਉਹ ਕਿਸ ਸਮੇਂ (ਉਸ ਦੇ ਹਾਲਾਤਾਂ ਵਾਂਗ ਹੀ ਦੁੱਖ ਭੁਗਤਦੀ) ਇੱਕ ਗੋਰੀ ਕੁੜੀ ਨਾਲ ਸੰਬੰਧ ਬਣਾ ਲੈਂਦੀ ਹੈ। ਕੁਛ ਸਮੇਂ ਬਾਅਦ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦਾ ਮਨ ਗਲਤ ਕਰ ਰਿਹਾ ਹੈ। ਇਸ ਕਹਾਣੀ




ਵਿੱਚ ਫੁੱਲਾਂ ਦੇ ਇੱਕ ਖਾਸ ਕਿਸਮ ਦੇ ਬੂਟੇ ਦੀ ਗੱਲ ਕਰੀ ਗਈ ਹੈ, ਪਾਤਰ ਕੁੜੀ ਸੋਚਦੀ ਹੈ ਕਿ ਮਨੁੱਖ ਦਾ ਮਨ ਇਸ ਬੂਟੇ ਵਾਂਗ ਹੈ ਜੋ ਆਪਣੀ ਸੋਚਣੀ ਬਦਲਦਾ ਹੈ। ਉਹ ਬੂਟਾ ਵੀ ਧਰਤੀ ਦੀ ਤਾਸੀਰ ਮੁਤਾਬਕ ਆਪਣੇ ਫੁੱਲਾਂ ਦਾ ਰੰਗ ਬਦਲਦਾ ਹੈ, ਬਨਸਪਤੀ ਵਿਗਿਆਨ ਵਿੱਚੋਂ ਲਈ ਗਈ ਇਹ ਉਦਾਹਰਨ ਕਮਾਲ ਦੀ ਹੈ। ਅਖੀਰ 'ਤੇ ਉਹ ਆਪਣੀ ਸੋਝੀ ਤੋਂ ਕੰਮ ਲੈਂਦੀ ਹੈ ਤੇ ਆਪਣੀ ਸਹੇਲੀ ਨੂੰ ਕਹਿੰਦੀ ਹੈ ਕਿ ਇੱਕ ਕੁੜੀ ਨੂੰ ਮੁੰਡੇ ਨਾਲ ਹੀ ਵਿਆਹ ਕਰਾਉਣਾ ਚਾਹੀਦਾ ਹੈ। ਇਸ ਕਹਾਣੀ ਵਿੱਚ ਬੱਚਿਆਂ ਦੀ ਮਾਨਸਿਕਤਾ ਦਿਖਾਈ ਹੈ।

*

ਕਹਾਣੀ ਝੂਠੀਆਂ ਇੱਜ਼ਤਾਂ ਵਾਲੇ ਵਿੱਚ ਇੱਕ ਦਿਖਾਵੇ ਵਾਲੇ ਤੇ ਝੂਠੇ ਪਾਖੰਡੀ ਬਾਪ ਵੱਲੋਂ ਕੀਤਾ ਕਤਲ ਦਿਖਾਇਆ ਹੈ। ਬਾਪ ਝੂਠੀ ਇੱਜ਼ਤ ਖ਼ਾਤਰ ਆਪਣੀ ਧੀ ਦਾ ਕਤਲ ਕਰ ਦਿੰਦਾ ਹੈ। ਧੀ ਦੀ ਐਨੀ ਕੁ ਗਲਤੀ ਸੀ ਕਿ ਉਹ ਆਪਣੀ ਪਸੰਦ ਦਾ ਵਰ ਆਪ ਲੱਭ ਬੈਠੀ ਸੀ। ਇਸ ਕਹਾਣੀ ਵਿੱਚ ਸਮਾਜ ਵਿਗਿਆਨ ਬਾਰੇ ਕਾਫ਼ੀ ਜਾਣਕਾਰੀ ਮਿਲਦੀ ਹੈ।

*

ਕੌੜਾ ਫਲ਼ ਕਹਾਣੀ ਕਨੇਡਾ ਦੀ ਧਰਤੀ ਉੱਤੇ ਜੰਮੀ ਪਲ਼ੀ ਕੁੜੀ ਬਾਰੇ ਦੱਸਦੀ ਹੈ। ਉਹ ਗੋਰੇ ਬਾਪ ਦੀ ਧੀ ਹੈ ਤੇ ਪੰਜਾਬਣ ਮਾਂ ਦੇ ਪੇਟੋਂ ਜਨਮੀਂ ਹੈ। ਉਸ ਦੀ ਮਾਂ ਦਾ ਦਾਦਾ (ਉਸ ਦਾ ਪੜਨਾਨਾ) ਪੰਜਾਬ ਵਿੱਚ ਜੁੱਤੀਆਂ ਬਣਾਉਣ ਦਾ ਕੰਮ ਕਰਦਾ ਰਿਹਾ ਸੀ। ਉਸ ਦੇ ਗੋਰੇ ਬਾਪ ਨੇ ਉਸ ਦੀ ਮਾਂ ਨੂੰ ਚਾਵਾਂ ਨਾਲ ਅਪਣਾ ਲਿਆ ਸੀ। ਉਸ ਕੁੜੀ ਦੀ ਸ਼ਕਲ ਸੂਰਤ ਆਪਣੇ ਬਾਪ ਨਾਲ ਮਿਲਦੀ ਹੈ, ਗੋਰੀਆਂ ਕੁੜੀਆਂ ਵਰਗੀ ਹੈ। ਉਸ ਦੇ ਨਾਨੇ ਤੇ ਨਾਨੀ ਨੇ ਉਸ ਦੀ ਮਾਂ ਦਾ ਤਲਾਕ ਕਰਵਾ ਦਿੱਤਾ ਤੇ ਉਸ ਨੂੰ ਜਤੀਮ-ਘਰ ਭਿਜਵਾ ਦਿੱਤਾ। ਫਿਰ ਉਹ ਕੁੜੀ ਇੱਕ ਪੰਜਾਬੀ ਜੋੜੇ ਨੇ ਗੋਦ ਲੈ ਕੇ ਪਾਲ਼ ਲਈ। ਉਸ ਨੂੰ ਪੰਜਾਬੀ ਸੰਸਕਾਰ ਦਿੱਤੇ। ਉਸ ਦੇ ਪਾਲਣਹਾਰ ਮਾਂ-ਬਾਪ ਦਾ ਪੰਜਾਬ ਵਿੱਚ ਕਤਲ ਹੋ ਜਾਂਦਾ ਹੈ, ਉਹ ਆਪਣੀ ਜਾਇਦਾਦ ਵੰਡਾਉਣ ਜਾਂਦੇ ਹਨ। ਉਹ ਪਾਤਰ ਕੁੜੀ ਪੰਜਾਬੀ ਲੋਕਾਂ ਨੂੰ ਨਫ਼ਰਤ ਕਰਨ ਲੱਗਦੀ ਹੈ। ਉਸ ਕੁੜੀ ਕੋਲੋਂ ਇੱਕ ਪੰਜਾਬੀ ਮੁੰਡਾ (ਕਨੇਡਾ ਪੜ੍ਹਨ ਆਇਆ) ਸਹਾਇਤਾ ਮੰਗਦਾ ਹੈ। ਉਹ ਉਸ ਦੀ ਸਹਾਇਤਾ ਕਰ ਦਿੰਦੀ ਹੈ ਤੇ ਫਿਰ ਨਿੱਤ ਮਿਲਦਿਆਂ, ਹੌਲੀ-ਹੌਲੀ ਉਹ ਉਸੇ ਮੁੰਡੇ ਨੂੰ ਪਿਆਰ ਕਰਨ ਲੱਗ ਜਾਂਦੀ ਹੈ। ਮੁੰਡੇ ਨੂੰ ਪੰਜਾਬ ਗਏ ਨੂੰ ਉਸ ਦੇ ਮਾਂ ਬਾਪ ਕੁੜੀ ਨੂੰ ਛੱਡਣ ਲਈ ਮਜਬੂਰ ਕਰ ਦਿੰਦੇ ਹਨ ਤੇ ਉਹ ਕਨੇਡਾ ਆਕੇ ਕੁੜੀ ਨੂੰ ਛੱਡ ਕੇ ਭੱਜ ਜਾਂਦਾ ਹੈ, ਉਸ ਵੇਲੇ ਤੱਕ ਉਹ ਕੁੜੀ ਰਾਹੀਂ ਪੱਕਾ ਹੋ ਚੁੱਕਾ ਹੁੰਦਾ ਹੈ ਤੇ ਕੁੜੀ ਉਸ ਸਮੇਂ ਗਰਭਵਤੀ ਹੁੰਦੀ ਹੈ ਤੇ ਉਹ 'ਕੱਲੀ ਰਹਿ ਜਾਂਦੀ ਹੈ। ਕਹਾਣੀ ਦੱਸਦੀ ਹੈ ਕਿ ਜਾਤ-ਪਾਤ ਦਾ ਕੋਹੜ ਸੱਤ ਸਮੁੰਦਰ ਪਾਰ ਵੀ ਨਾਲ ਹੀ ਆ ਪਹੁੰਚਦਾ ਹੈ।

*

ਸੀਲ ਮੋਰਨੀ ਕਹਾਣੀ ਵਿੱਚ ਬਹੁਤ ਸਾਰੇ ਉਹ ਤੱਤ ਹਨ ਜੋ ਦੱਸਦੇ ਹਨ ਕਿ ਕਿਵੇਂ ਭਾਰਤ ਵਿੱਚਲਾ ਕਾਲ਼ਾ ਧਨ ਕਨੇਡਾ ਪਹੁੰਚਦਾ ਹੈ ਤੇ ਮਹਿੰਗਾਈ ਵਧਾਉਂਦਾ ਹੈ। ਬੁੱਢਾ ਆਦਮੀ ਆਪਣੀ ਧੀ ਦੇ ਹਾਣ ਦੀ ਕੁੜੀ ਵਿਆਹ ਲਿਆਉਂਦਾ ਹੈ ਤੇ ਉਹ ਕਿਸ ਤਰਾਂ ਦੇ ਦੁੱਖ ਝੱਲਦੀ ਹੈ। ਉਹ ਸਭ ਕੰਧਾਂ ਢਾਹੁਣ ਬਾਰੇ ਸੋਚਦੀ ਤਾਂ ਹੈ ਪਰ ਕਰ ਕੁਝ ਨਹੀਂ ਸਕਦੀ।

*

ਕਹਾਣੀ ਸੁੱਚੇ ਕੱਚ ਦੀਆਂ ਕੀਚਰਾਂ ਇੱਕ ਸਹੁਰੇ ਵੱਲੋਂ ਆਪਣੀ ਨੂੰਹ ਨਾਲ ਗਲਤ ਸੰਬੰਧ ਜੋੜਨ ਦੀ ਕੋਸ਼ਸ਼ ਨਾਲ ਤੁਰਦੀ ਹੈ ਤੇ ਫਿਰ ਸਮਾਜ ਵਿੱਚ, ਨੇੜਲੇ ਰਿਸ਼ਤਿਆਂ ਵਿੱਚ ਬਣੇ ਕਾਮੁਕ ਸੰਬੰਧਾਂ ਬਾਰੇ ਬਹੁਤ ਹੀ ਬਰੀਕੀ ਨਾਲ ਚਾਨਣਾ ਪਾਉਂਦੀ ਹੈ। ਇਸ ਕਹਾਣੀ ਵਿੱਚ ਲੇਖਕ ਨੇ ਬਹੁਤ ਸਾਰੇ ਉਹ ਤੱਥ ਪੇਸ਼ ਕੀਤੇ ਹਨ ਜਿੰਨਾਂ ਰਾਹੀਂ ਉਹ ਬਹੁਤ ਜ਼ਿਆਦਾ ਔਖੀਆਂ ਗੱਲਾਂ ਨੂੰ ਪਾਤਰਾਂ ਦੇ ਮੂੰਹੋਂ ਕਰਵਾਉਂਦਾ ਹੈ। ਲੇਖਕ ਗੋਤਰ-ਗਵਨ ਦੇ ਵਿਸ਼ੇ ਨੂੰ ਸਾਇੰਸ ਤੇ ਮਨੋਵਿਗਿਆਨ ਨਾਲ ਜੋੜਕੇ ਤੋਰਦਾ ਹੈ। ਇਹ ਕਹਾਣੀ ਬਿਲਕੁਲ ਨਵੇਂ ਢੰਗ ਦੀ ਹੈ। ਅੱਜ ਤੱਕ ਪੰਜਾਬੀ ਦੇ ਕਿਸੇ ਵੀ ਕਹਾਣੀਕਾਰ ਨੇ ਇਸ ਵਿਸ਼ੇ 'ਤੇ ਨਹੀਂ ਲਿਖਿਆ।

*

ਟਾਕੀਆਂ ਲੱਗੇ ਰਿਸ਼ਤੇ ਕਹਾਣੀ ਪੰਜਾਬ ਦੀ ਇੱਕ ਔਰਤ ਦੀ ਹੈ। ਉਹ ਪੰਜਾਬ ਵਿੱਚ ਵੀ ਦੁੱਖ ਕੱਟਦੀ ਹੈ। ਉਸ ਦੇ ਦੁੱਖ ਪੰਜਾਬ ਵਿੱਚ ਆਪਣਾ ਦੇਸ਼ ਬਣਾਉਣ ਵਾਲਿਆਂ ਦੇ ਕਾਰਨ ਸ਼ੁਰੂ ਹੁੰਦੇ ਹਨ। ਮਰ ਚੁੱਕੇ ਭਾਰਤੀ ਪਤੀ ਤੋਂ ਬਾਅਦ, ਦੂਜਾ ਵਿਆਹ ਕਰਾ ਕੇ, ਆਪਣੇ ਬੱਚੇ ਲੈਕੇ ਕਨੇਡਾ ਆਉਂਦੀ ਹੈ। ਲੋਕਾਂ ਕੋਲ਼ੋਂ ਬੇਜੋੜ ਵਿਆਹ ਨੂੰ ਲੁਕੋਂਦੀ ਹੈ, ਰਿਸ਼ਤੇ ਉੱਤੇ ਅੰਕਲ ਦੀ ਟਾਕੀ ਲਾਉਂਦੀ ਹੈ। ਉਹੀ ਅੰਕਲ (ਦੂਜਾ ਪਤੀ) ਬੱਚਿਆਂ ਨੂੰ ਕਤਲ ਕਰ ਦਿੰਦਾ ਹੈ ਤੇ ਫਿਰ ਰਿਸ਼ਤਾ ਅਦਾਲਤ ਵਿੱਚ ਸਭ ਨੂੰ ਦਿਸ ਜਾਂਦਾ ਹੈ, ਟਾਕੀਆਂ ਵੀ ਉਧੜ ਜਾਂਦੀਆਂ ਨੇ ਤੇ ਉਸ ਦਾ ਸੰਸਾਰ ਵੀ ਉੱਜੜ ਚੁੱਕਾ ਹੁੰਦਾ ਹੈ।

*

ਡ਼ਾੜਾ ਖਾਲੀ ਕਹਾਣੀ ਕਮਾਲ ਦੀ ਹੈ। ਬਲੂ ਬੈਰੀ ਦੀ ਫਸਲ ਬਾਤ ਸੁਣਾਉਂਦੀ ਹੈ। ਉਹ ਦੱਸਦੀ ਹੈ ਕਿ ਰਾਜਨੀਤਿਕ ਹੱਦਾਂ ਚਲਾਕ ਲੋਕਾਂ ਨੇ ਬਣਾਈਆਂ ਨੇ। ਦੇਸ਼ਾਂ ਦੇ ਨਾਂ ਦਿੱਤੇ ਨੇ। ਚਲਾਕ ਲੋਕਾਂ ਨੇ ਆਮ ਲੋਕਾਂ ਨੂੰ ਆਪਣੇ ਢੰਗ ਨਾਲ ਚਲਾਉਣ ਲਈ ਬਹੁਤ ਢੰਗ ਲੱਭੇ ਨੇ। ਬਹੁਤ ਸਾਰੇ ਕਾਰਨ ਹਨ ਜੋ ਮਨੁੱਖ ਦੀ ਬਿਰਤੀ ਘੜਦੇ ਹਨ। ਲਾਲਚ ਵੀ ਇਸੇ ਤਰਾਂ ਪੈਦਾ ਹੁੰਦਾ ਹੈ। ਕਹਾਣੀ ਦੀ ਮੁੱਖ ਪਾਤਰ ਦੇ ਮਾਪੇ ਆਪਣੇ ਬੱਚਿਆਂ ਦੇ ਕਾਗਜ਼ੀ ਵਿਆਹ ਕਰਦੇ ਹਨ ਤਾਂ ਕਿ ਛੇਤੀ ਡਾਲਰ ਕਮਾਏ ਜਾ ਸਕਣ। ਉਨ੍ਹਾਂ ਕਾਗਜ਼ੀ ਵਿਆਹਾਂ ਵਿੱਚ ਹੀ ਉਹ ਪਾਤਰ ਕੁੜੀ ਉਲ਼ਝ ਜਾਂਦੀ ਹੈ। ਜਦ ਨੂੰ ਉਹ ਆਪਣਾ ਅਸਲ ਵਿਆਹ ਕਰਾ ਕੇ ਘਰ ਵਸਾਉਣਾ ਚਾਹੁੰਦੀ ਹੈ ਓਸ ਵੇਲੇ ਤੱਕ ਬਹੁਤ ਨੁਕਸਾਨ ਹੋ ਚੁੱਕਾ ਹੁੰਦਾ ਹੈ। ਉਸ ਦੀ ਸਿਹਤ ਵੀ ਬੰਜਰ ਭੂਮੀ ਬਣ ਜਾਂਦੀ ਹੈ। ਚਾਰ ਵਿਆਹਾਂ ਤੋਂ ਬਾਅਦ ਵੀ ਉਹ ਡਾਲਰਾਂ ਦੀ ਮਾਲਕ ਹੁੰਦੀ ਹੋਈ ਬੇ-ਘਰੀ ਹੈ। ਉਸ ਦੇ ਮਾਪੇ ਉਸ ਦੀ ਢਲ਼ ਚੁੱਕੀ ਉਮਰ ਵਿੱਚ ਵੀ ਵਰ ਟੋਲ਼ ਰਹੇ ਹੁੰਦੇ ਨੇ।

ਕਿਤਾਬ ਪੜ੍ਹਣ ਵਾਲੀ ਹੈ। ਪਾਠਕ ਪੜ੍ਹ ਕੇ ਸਮਾਜ ਤੇ ਜ਼ਿੰਦਗੀ ਬਾਰੇ ਵੱਖਰੇ ਨਜ਼ਰੀਏ ਨਾਲ ਸੋਚਣਗੇ।

**ਹਰਬੰਸ ਬੁੱਟਰ ਸੰਪਾਦਕ ਪੰਜਾਬੀ ਅਖ਼ਬਾਰ**


## ਐਡਮਿੰਟਨ ਵਿਖੇ ਖ਼ਾਲਸੇ ਦੇ ਸਾਜਨਾ ਦਿਵਸ

### ਵਿਸਾਖੀ ਨੂੰ ਸਮਰਪਿਤ 22ਵਾਂ ਮਹਾਨ ਨਗਰ ਕੀਰਤਨ

22 ਮਈ, 2022, ਐਤਵਾਰ, ਵਿਕਟੋਰੀਆ ਡੇ ਲੌਂਗ ਵੀਕਇੰਡ ਨੂੰ

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ**

ਗੁਰੂ ਪਿਆਰੀ ਸਾਧ ਸੰਗਤ ਜੀਓ, ਪਿਛਲੇ ਸਾਲਾਂ ਦੀ ਤਰਾਂ ਐਡਮਿੰਟਨ ਦੀਆਂ ਸਮੂਹ ਸੰਗਤਾਂ ਵਲੋਂ ਖਾਲਸੇ ਦੇ ਸਿਰਜਨਾ ਦਿਵਸ ਨੂੰ ਸਮਰਪਿਤ ਵਿਸਾਖੀ ਨਗਰ ਕੀਰਤਨ ਦਾ ਪ੍ਰਬੰਧ 22 ਮਈ, 2022 ਦਿਨ ਐਤਵਾਰ (ਵਿਕਟੋਰੀਆ ਡੇ ਲੌਂਗ ਵੀਕਇੰਡ) ਨੂੰ ਕੀਤਾ ਗਿਆ ਹੈ।

ਪੰਜ ਪਿਆਰਿਆਂ ਅਤੇ ਧੰਨੁ ਧੰਨੁ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਨਗਰ ਕੀਰਤਨ ਠੀਕ 12:00 ਵਜੇ ਬਾਅਦ ਦੁਪਹਿਰ ਅਰਦਾਸ ਕਰਨ ਉਪਰੰਤ ਗੁਰਦਵਾਰਾ ਮਿੱਲਵੁਡਜ਼ ਤੋਂ ਅਰੰਭ ਹੋਵੇਗਾ ਅਤੇ 2:00 ਵਜੇ ਪੋਲਾਰਡ ਮੈਡੋਜ਼ ਪਾਰਕ (ਟੀ ਡੀ ਬੇਕਰ ਸਕੂਲ ਦੇ ਉਤਰ ਵਿੱਚ) ਪੁਜੇਗਾ। ਇਥੇ ਪਹੁੰਚਣ ਤੇ ਦੋ ਘੰਟੇ ਲਈ ਸਟੇਜ ਸੱਜੇਗੀ ਜਿਸ ਵਿਚ ਰਾਗੀ ਜੱਥੇ ਅਤੇ ਹੋਰ ਬੁਲਾਰੇ ਗੁਰੂ ਜੱਸ, ਇਤਿਹਾਸ ਸਰਵਣ ਕਰਵਾਉਣਗੇ ਅਤੇ ਆਪਣੀਆਂ ਸ਼ੁਭ ਇੱਛਾਵਾਂ ਸੰਗਤਾਂ ਨਾਲ ਸਾਂਝੀਆਂ ਕਰਨਗੇ। ਪੋਲਾਰਡ ਮੈਡੋਜ਼ ਪਾਰਕ ਤੋਂ ਨਗਰ ਕੀਰਤਨ 4:00 ਵਜੇ ਫਿਰ ਚਾਲੇ ਪਾਕੇ 5:00 ਵਜੇ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਪਹੁੰਚੇਗਾ।







ਗੁਰਦਵਾਰਾ ਮਿਲਵੁਡਜ਼, ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਅਤੇ ਪੋਲਾਰਡ ਮੈਡੋਜ਼ ਪਾਰਕ ਵਿਖੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

**ਧਿਆਨ ਰੱਖਣਯੋਗ - ਜ਼ਰੂਰੀ ਗੱਲਾਂ**

- ਨਗਰ ਕੀਰਤਨ ਠੀਕ 12:00 ਵਜੇ ਅਰਦਾਸ ਕਰਨ ਦੁਪਹਿਰ ਚਾਲੇ ਪਾਵੇਗਾ। ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿੱਛੇ ਪਿੱਛੇ ਚਲਣ, ਅੱਗੇ ਜਾਂ ਬਰਾਬਰ ਚਲਣ ਦੀ ਕੋਸ਼ਿਸ ਨਾ ਕਰਨਾ ਜੀ।
- ਆਪ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਸ ਦਿਨ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ, ਦੋਸਤਾਂ ਮਿਤਰਾਂ ਨੂੰ ਨਾਲ ਲੈ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਕੇ ਨਗਰ ਕੀਰਤਨ ਦੀ ਰੌਣਕ ਨੂੰ ਵਧਾਓ ਅਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
- ਆਪ ਸਭ ਸੰਗਤਾਂ ਨੂੰ ਇਹ ਬੇਨਤੀ ਵੀ ਹੈ ਕਿ ਉਸ ਦਿਨ ਵੀਰ ਆਪਣੇ ਸਿਰਾਂ ਤੇ ਕੇਸਰੀ ਰੰਗ ਦੀਆਂ ਦਸਤਾਰਾਂ ਅਤੇ ਬੀਬੀਆਂ ਆਪਣੇ ਸਿਰਾਂ ਤੇ ਕੇਸਰੀ ਰੰਗ ਦੇ ਦੁਪੱਟੇ ਸਜਾਕੇ ਨਗਰ ਕੀਰਤਨ ਵਿਚ ਸ਼ਾਮਲ ਹੋਣ।
- ਨਗਰ ਕੀਰਤਨ ਦੇ ਰਸਤੇ ਜਾਂ ਜਿਥੇ ਕਾਰਾਂ ਪਾਰਕ ਕਰਨੀਆਂ ਮਨ੍ਹਾਂ ਹਨ, ਉਥੇ ਕਾਰਾਂ ਬਿਲਕੁਲ ਖੜ੍ਹੀਆਂ ਨਹੀਂ ਕਰਨੀਆਂ। ਨਹੀਂ ਤਾਂ ਕਾਰਾਂ ਉਥੋਂ ਟੋਅ ਕੀਤੀਆਂ ਜਾ ਸਕਦੀਆਂ ਹਨ। ਟਰੈਫਿਕ ਨਿਯਮਾਂ ਦੀ ਉਲੰਘਣਾਂ ਲਈ ਟਿਕਟ ਵੀ ਮਿਲ ਸਕਦੀ ਹੈ। ਪੁਲੀਸ ਵਲੋਂ ਇਸ ਬਾਰੇ ਸਖਤ ਹਦਾਇਤਾਂ ਹਨ। ਗੁਰਦੁਆਰਿਆਂ ਵਿੱਚ ਵੀ ਪਾਰਕਿੰਗ ਦੀ ਮਨਾਹੀ ਹੈ।
- ਪਾਰਕ ਐਂਡ ਰਾਈਡ: 2704-17 ਸਟਰੀਟ ਸਥਿਤ ਮੈਡੋਜ਼ ਰੀਕਰੇਸ਼ਨਲ ਸੈਂਟਰ ਦੇ ਪਿਛਲੇ ਪਾਸੇ ਉਨਾਂ ਦੇ ਲਾਟ H ਵਿੱਚ ਕਾਰਾਂ ਪਾਰਕ ਕੀਤੀਆਂ ਜਾ ਸਕਦੀਆਂ ਹਨ, ਉਥੋਂ ਸੰਗਤਾਂ ਨੂੰ ਨਗਰ ਕੀਰਤਨ ਤੱਕ ਅਤੇ ਵਾਪਸ ਮੈਡੋਜ਼ ਰੀਕਰੇਸ਼ਨਲ ਸੈਂਟਰ ਪਾਰਕਿੰਗ ਲਾਟ ਤੱਕ ਰਾਈਡ ਦਿੱਤੀ ਜਾਵੇਗੀ।
- ਨਗਰ ਕੀਰਤਨ ਦੇ ਰਸਤੇ ਵਿਚ ਲੋਕਾਂ ਦੀਆਂ ਜਾਇਦਾਦਾਂ ਦਾ ਖਿਆਲ ਰੱਖਣਾ ਹੈ। ਘਾਹ ਵਗੈਰਾ ਉੱਪਰ ਬਿਲਕੁਲ ਨਹੀਂ ਚਲਣਾ ਜੀ।
- ਆਪਦੀ ਸਹੂਲਤ ਲਈ ਨਗਰ ਕੀਰਤਨ ਵਾਲੇ ਦਿਨ ਦੋਨਾਂ ਗੁਰਦਵਾਰਿਆਂ ਦੀਆਂ ਪਾਰਕਿੰਗ ਲਾਟਾਂ ਵਿਚ ਅਤੇ **ਰਸਤੇ ਵਿਚ** ਟੀ ਡੀ ਬੇਕਰ ਅਤੇ ਪੋਲਾਰਡ ਮੈਡੋਜ਼ ਸਕੂਲਾਂ ਕੋਲ ਵਾਸ਼ਰੂਮ ਰੱਖੇ ਜਾ ਰਹੇ ਹਨ। ਲੋੜ ਪੈਣ ਤੇ ਇਨਾਂ ਵਾਸ਼ਰੂਮਾਂ ਦੀ ਵਰਤੋਂ ਕਰੋ ਜੀ। ਨਗਰ ਕੀਰਤਨ ਦੇ ਰਸਤੇ ਵਿਚ ਆਉਂਦੇ ਘਰਾਂ ਅਤੇ ਵਪਾਰਕ ਅਦਾਰਿਆਂ ਦੇ ਵਾਸ਼ਰੂਮ ਨਾ ਵਰਤੋ
- ਸਫਾਈ ਦਾ ਵੱਧ ਤੋਂ ਵੱਧ ਖਿਆਲ ਰੱਖਣਾ ਜੀ। ਨਗਰ ਕੀਰਤਨ ਦੇ ਰਸਤੇ ਅਤੇ ਗੁਰਦਵਾਰਿਆਂ ਵਿਚ ਹੇਠਾਂ ਪਿਆ ਗਾਰਬੇਜ ਚੁੱਕ ਕੇ ਬੈਗ ਵਿਚ ਪਾਕੇ ਨਿਯਤ ਕੀਤੇ ਡਬਿਆਂ ਵਿਚ ਸੁੱਟ ਕੇ ਪ੍ਰਬੰਧਕਾਂ ਦੀ ਮਦਦ ਕਰੋ ਜੀ। ਰਸਤੇ ਵਿਚ ਜੋ ਸੰਗਤਾਂ ਲਈ ਚਾਹ ਪਾਣੀ ਵਰਤਾਉਂਦੀਆਂ ਹਨ ਉਨਾਂ ਅੱਗੇ ਬੇਨਤੀ ਹੈ ਕਿ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ।
- ਆਪਣੀ ਅਤੇ ਆਪਣੇ ਬਚਿਆਂ ਦੀ ਸੁੱਰਖਿਆ ਦਾ ਖਾਸ ਖਿਆਲ ਰੱਖਣਾ ਹੈ। ਆਪਣੇ ਬੱਚਿਆਂ ਦੇ ਖੁੱਦ ਜੁੰਮੇਵਾਰ ਹੋ ਅਤੇ ਉਨਾਂ ਨੂੰ ਸੰਭਾਲ ਕੇ ਰੱਖੋ ਜੀ। ਨਗਰ ਕੀਰਤਨ ਦੇ ਰਸਤੇ ਵਿਚ ਅਤੇ ਗੁਰਦੁਆਰਿਆਂ ਵਿਚ ਲਗੇ ਸਟਾਲਾਂ ਤੋਂ ਖਾਣਾ ਆਪਣੀ ਜੁੰਮੇਵਾਰੀ ਤੇ ਲੈਕੇ ਖਾਣਾ ਹੈ। ਬੱਚਿਆਂ ਦੀਆਂ ਜੇਬਾਂ ਵਿਚ ਮਾ-ਬਾਪ ਆਪਣੇ ਨਾਮ ਅਤੇ ਫੋਨ ਨੰਬਰ ਦੀ ਬੇਨਤੀ।
- ਨਗਰ ਕੀਰਤਨ ਦੌਰਾਨ ਬਿਨਾਂ ਇਜਾਜ਼ਤ ਵੰਡੇ ਜਾਣ ਵਾਲੇ ਇਸ਼ਤਿਹਾਰ ਜਾਂ ਪੱਤਰਾਂ ਦੀ ਵਿਸਾਖੀ ਨਗਰ ਕੀਰਤਨ ਕਮੇਟੀ ਦੀ ਕੋਈ ਜੁੰਮੇਵਾਰੀ ਨਹੀਂ ਹੈ।
- ਆਪਣੇ ਆਲੇ-ਦੁਆਲੇ ਦੀ ਸੁਰੱਖਿਆ ਲਈ ਸੁਚੇਤ ਰਹੋ। ਜੇ ਕੋਈ ਸ਼ੱਕੀ ਚੀਜ਼ ਦਿਸੇ, ਤਾਂ ਉਸ ਨੂੰ ਹੱਥ ਨਾਂਹ ਲਾਓ, ਸਗੋਂ ਪੁਲੀਸ ਨੂੰ ਰੀਪੋਰਟ ਕਰੋ।
- ਅਸੀਂ ਉਨਾਂ ਸਾਰੇ ਪਰਿਵਾਰਾਂ ਅਤੇ ਵਿਪਾਰੀਆਂ ਦੇ ਬਹੁਤ ਧੰਨਵਾਦੀ ਹਾਂ ਜੋ ਨਗਰ ਕੀਰਤਨ ਦੌਰਾਨ ਸਟਾਲ ਲਾਕੇ ਸੰਗਤਾਂ ਲਈ ਚਾਹ ਪਾਣੀ ਆਦਿ ਦੀ ਸੇਵਾ ਕਰਦੇ ਹਨ। ਜੇਕਰ ਤੁਸੀ ਗੁਰਦਵਾਰਿਆਂ ਵਿਚ ਜਾਂ ਨਗਰ ਕੀਰਤਨ ਦੇ ਰਸਤੇ ਵਿੱਚ ਭੋਜਨ ਮੁਹੱਈਆ ਕਰਵਾਉਣਾ ਚਾਹੁੰਦੇ ਹੋ ਤਾਂ ਇਹ ਯਕੀਨੀ ਬਣਾਉ ਕਿ ਤੁਹਾਨੂੰ Alberta Health Services, Edmonton Fire Department ਅਤੇ ਐਡਮਿੰਟਨ ਸਿਟੀ ਦੇ ਹੋਰ ਮਹਿਕਮਿਆਂ ਦੀਆਂ ਸ਼ਰਤਾਂ ਬਾਰੇ ਪਤਾ ਹੈ। ਵਧੇਰੀ ਜਾਣਕਾਰੀ ਲੈਣ ਲਈ ਤੁਸੀ ਪਬਲਿਕ ਹੈਲਥ ਇੰਸਪੈਕਟਰ 780-735-1800 ਨਾਲ ਸੰਪਰਕ ਕਰ ਸਕਦੇ ਹੋ।
- ਭਾਵੇਂ ਕਿ ਕੋਵਿਡ 19 ਦੀ ਮਹਾਂਮਾਰੀ ਖਾਤਮੇ ਵਲ ਵਧ ਰਹੀ ਹੈ ਫਿਰ ਵੀ ਸੰਗਤਾਂ ਨੂੰ ਬੇਨਤੀ ਹੈ ਕਿ ਸਿਹਤ ਦਾ ਖਿਆਲ ਰੱਖਣ ਲਈ ਸਾਵਧਾਨੀ ਵਰਤਣ। ਇਹ ਵੀ ਯਾਦ ਰਖਿਆਂ ਜਾਵੇ ਕਿ ਜੇਕਰ ਕੋਈ ਪਾਬੰਦੀਆਂ ਲਗਦੀਆਂ ਹਨ ਤਾਂ ਉਨ੍ਹਾਂ ਪਾਬੰਦੀਆਂ ਦੀ ਪਾਲਣਾ ਕਰਨੀ ਪਵੇਗੀ।

ਸਮੂਹ ਸੰਗਤਾਂ ਅੱਗੇ ਬੇਨਤੀ ਹੈ ਕਿ ਨਗਰ ਕੀਰਤਨ ਲਈ ਹੋਣ ਵਾਲੀ ਸੇਵਾ ਵਿਚ ਵੱਧ ਤੋਂ ਵੱਧ ਹੱਥ ਵਟਾਓ। ਹੇਠ ਲਿਖੇ ਨੰਬਰਾਂ ਤੇ ਫੋਨ ਕਰਕੇ ਨਾਮ ਲਿਖਾ ਕੇ ਧੰਨਵਾਦੀ ਬਣਾਓ।

**ਗੁਰਦਵਾਰਾ ਮਿਲਵੁਡਜ਼ 780-450-3844** | **ਸ੍ਰੀ ਗੁਰੂ ਨਾਨਕ ਸਿੱਖ ਗੁਰਦਵਾਰਾ 780-451-4519** | **ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ 780-462-7454**
ਸ. ਕਰਨੈਲ ਸਿੰਘ ਭੰਮਰਾ 780-990-6166 | ਸ. ਅਵਤਾਰ ਸਿੰਘ ਗਿੱਲ 780-991-6224 | ਸ: ਮੇਹਰ ਸਿੰਘ ਗਿੱਲ 780-991-3017
ਸ. ਸੁਰਿੰਦਰ ਸਿੰਘ ਹੂੰਜਣ 780-777-3653 | ਸ. ਮਨਮੋਹਨ ਸਿੰਘ ਧਾਲੀਵਾਲ 780-905-1647 | ਸ: ਗੁਰਚਰਨ ਸਿੰਘ ਸੰਘਾ 780-660-9961

ਸੁਰਿੰਦਰ ਸਿੰਘ ਹੂੰਜਣ, ਚੇਅਰਮੈਨ, (780) 777-3653
nagarkirtanedmonton@gmail.com
ਵਿਸਾਖੀ ਨਗਰ ਕੀਰਤਨ ਕਮੇਟੀ, ਐਡਮਿੰਟਨ
ਗੁਰਚਰਨ ਸਿੰਘ ਸੰਘਾ, ਸਕੱਤਰ, (780) 660-9961


# ਮੋਗਾ 'ਚ ਚਿੱਟੇ ਦੀ ਵਿਕਰੀ ਨੇ ਤੋੜੇ ਪੁਰਾਣੇ ਰਿਕਾਰਡ

ਮੋਗਾ (ਪੰਜਾਬੀ ਅਖਬਾਰ ਬਿਊਰੋ) -ਇਕ ਪਾਸੇ ਜਿੱਥੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਤੋਂ ਸੂਬੇ ਭਰ 'ਚ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਚੋਣ ਪ੍ਰਚਾਰ ਦੌਰਾਨ ਇਹ ਮੁੱਦਾ ਜ਼ੋਰਦਾਰ ਢੰਗ ਨਾਲ ਉਛਾਲਿਆ ਸੀ ਕਿ ਜੇਕਰ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਹੋਂਦ 'ਚ ਆਉਦੀ ਹੈ ਤਾਂ ਸਭ ਤੋਂ ਪਹਿਲਾ ਸਿੰਥੈਟਿਕ ਡਰੱਗ ਚਿੱਟੇ ਸਮੇਤ ਹੋਰਨਾਂ ਨਸ਼ਿਆਂ ਦਾ ਖ਼ਾਤਮਾ ਕੀਤਾ ਜਾਵੇਗਾ, ਪਰ ਪਾਸੇ ਆਪ ਸਰਕਾਰ ਦੇ ਹੋਂਦ 'ਚ ਆਉਣ ਤੋਂ ਦੋ ਮਹੀਨੇ ਤੋਂ ਵੱਧ ਸਮਾਂ ਲੰਘਣ ਮਗਰੋਂ ਵੀ ਪੰਜਾਬ 'ਚ ਚਿੱਟੇ ਦੀ ਵਿਕਰੀ ਰੁਕੀ ਨਹੀਂ।ਇੱਥੇ ਹੀ ਬੱਸ ਨਹੀਂ, ਮਾਲਵਾ ਖਿੱਤੇ 'ਚ ਇਸ ਮਾਰੂ ਨਸ਼ੇ ਦੀ ਵਿਕਰੀ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਇਸ ਮਾਮਲੇ 'ਤੇ ਸਖ਼ਤ ਨਿਰਦੇਸ਼ ਦਿੱਤੇ ਜਾਣ ਦੇ ਬਾਵਜੂਦ ਇਸ ਨਸ਼ੇ ਦੀ ਵਿਕਰੀ 'ਚ ਕੋਈ ਰੋਕ ਨਹੀਂ ਲੱਗੀ ਜਿਸ ਕਰ ਕੇ ਪੰਜਾਬੀਆਂ ਦਾ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਇਸ ਸਰਕਾਰ ਵਿਰੁੱਧ ਵੀ ਗੁੱਸਾ ਹੁਣ ਸੱਤਵੇਂ ਆਸਮਾਨ 'ਤੇ ਪੁੱਜਣ ਲੱਗਾ ਹੈ।

ਇੱਕ ਮਸ਼ਹੂਰ ਅਖ਼ਬਾਰ ਵਲੋਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਪਿਛਲੇ ਦੋ ਮਹੀਨਿਆਂ ਦੌਰਾਨ ਪੰਜ ਨੌਜਵਾਨਾਂ ਦੀ ਚਿੱਟੇ ਦੀ ਓਵਰਡੋਜ਼ ਨਾਲ ਮੌਤ ਹੋ ਚੁੱਕੀ ਹੈ। ਬੀਤੇ ਦਿਨੀਂ ਮੋਗਾ ਦੇ ਇਕ ਇਲਾਕੇ 'ਚ ਚਿੱਟਾ ਵਿਕਣ ਦੀ ਵੀਡੀਓ ਵਾਇਰਲ ਹੋਈ, ਜਿਸ ਨੇ ਚੌਕਸੀ ਦੀ ਹੋਰ ਪੋਲ ਖੋਲ੍ਹ ਦਿੱਤੀ। ਜ਼ਿਕਰਯੋਗ ਹੈ ਕਿ 19 ਅਤੇ 20 ਮਾਰਚ ਨੂੰ ਲਗਾਤਾਰ ਦੋ ਦਿਨ ਮੋਗਾ ਦੇ ਜ਼ੀਰਾ ਰੋਡ ਨਿਵਾਸੀ ਕਿਸ਼ੋਰ ਅਤੇ ਢੋਲੇਵਾਲਾ ਧਰਮਕੋਟ ਦੇ ਨੌਜਵਾਨ ਦੀ ਇਸ ਨਸ਼ੇ ਦੀ ਵਰਤੋਂ ਮਗਰੋਂ ਹੋਈ ਮੌਤ ਮਗਰੋਂ ਹਲਕਾ ਵਿਧਾਇਕਾ ਡਾ.ਅਮਨਦੀਪ ਅਰੋੜਾ ਨੇ ਵੀ ਨਸ਼ਿਆਂ ਦੇ ਖ਼ਾਤਮੇ ਲਈ ਤੁਰੰਤ ਸਖ਼ਤੀ ਵਰਤਣ ਦੇ ਨਿਰਦੇਸ਼ ਦਿੱਤੇ ਸਨ, ਪਰ ਫ਼ਿਰ ਵੀ ਮਾਮਲਾ ਜਿਉਂ ਦਾ ਤਿਉਂ ਹੈ। ਇਸ ਦੇ ਮਗਰੋਂ 8 ਅਪ੍ਰੈਲ ਨੂੰ ਮੋਗਾ ਦੇ ਸਲੀਣਾ ਨਿਵਾਸੀ ਗੁਰਪ੍ਰੀਤ ਸਿੰਘ, 4 ਮਈ ਨੂੰ ਉਪਿੰਦਰ ਸਿੰਘ ਅਜੀਤਵਾਲ ਅਤੇ 12 ਮਈ ਨੂੰ ਲਾਲ ਸਿੰਘ ਰੋਡ 'ਤੇ ਅਮਨਦੀਪ ਸਿੰਘ ਦੀ ਹੋਈ ਮੌਤ ਨੇ ਆਮ ਲੋਕਾਂ 'ਚ ਹੋਰ ਡਰ ਪੈਂਦਾ ਕੀਤਾ ਹੈ।ਮੋਗਾ ਨਿਵਾਸੀ ਗੁਰਜੰਟ ਸਿੰਘ, ਜਿਨ੍ਹਾਂ ਨੇ ਕੁੱਝ ਦਿਨ ਪਹਿਲਾਂ ਨਸ਼ਿਆਂ ਦੀ ਵਿਕਰੀ ਦਾ ਮਾਮਲਾ ਜ਼ੋਰਦਾਰ ਢੰਗ ਨਾਲ ਉਠਾਇਆ ਸੀ, ਦਾ ਕਹਿਣਾ ਸੀ ਕਿ ਨਸ਼ਿਆਂ ਦੀ ਰੋਕਥਾਮ ਲਈ ਸਰਕਾਰ ਨੂੰ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਮੋਗਾ ਦੇ ਕੁੱਝ ਇਲਾਕੇ ਕਥਿਤ ਤੌਰ 'ਤੇ ਨਸ਼ਿਆਂ ਦੀ ਵਿਕਰੀ ਦੇ ਗੜ੍ਹ


Image credit: istockphoto.com/LeszekCzerwonka

ਬਣ ਗਏ ਹਨ। ਉਨ੍ਹਾਂ ਆਖਿਆ ਕਿ ਇਸ ਮਾਮਲੇ 'ਤੇ ਗੰਭੀਰ ਹੋਣ ਦੀ ਲੋੜ ਹੈ।

**ਡੇਢ ਦਹਾਕੇ ਤੋਂ ਜ਼ਿੰਦਗੀਆਂ ਨਿਗਲ ਰਿਹਾ ਸਿੰਥੈਟਿਕ ਡਰੱਗ**- 15 ਸਾਲ ਪਹਿਲਾਂ ਇਸ ਨਸ਼ੇ ਦੀ ਨੌਜਵਾਨਾਂ ਵਲੋਂ ਕੀਤੀ ਜਾਣ ਵਾਲੀ ਵਰਤੋਂ ਹੁਣ ਇਸ ਕਦਰ ਵੱਧ ਗਈ ਹੈ ਕਿ ਬਹੁਤ ਸਾਰੇ ਨੌਜਵਾਨ ਇਸ ਨਸ਼ੇ ਦੇ ਵਹਿਣ 'ਚ ਵਹਿ ਕੇ ਜ਼ਿੰਦਗੀਆਂ ਨਿਗਲ ਰਹੇ ਹਨ। 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੀ ਇਸੇ ਤਰ੍ਹਾਂ ਹੀ ਨੌਜਵਾਨਾਂ ਦੀ ਇੱਕ-ਇੱਕ ਕਰ ਕੇ ਇਸ ਮਾੜੇ ਨਸ਼ੇ ਦੇ ਸੇਵਨ ਨਾਲ ਮੌਤ ਹੋਈ ਸੀ ਅਤੇ ਉਦੋਂ ਹੋਂਦ 'ਚ ਨਵੀਂ ਆਈ ਆਮ ਆਦਮੀ ਪਾਰਟੀ ਨੇ ਇਸ ਨਸ਼ੇ ਨੂੰ ਮੁੱਦਾ ਬਣਾ ਕੇ ਪੇਸ਼ ਕੀਤਾ ਸੀ ਜਿਸ ਕਰ ਕੇ ਪੰਜਾਬ 'ਚ ਚਾਰ ਲੋਕ ਸਭਾ ਸੀਟਾਂ ਇਸ ਪਾਰਟੀ ਨੇ ਜਿੱਤੀਆਂ ਸਨ, ਉਸ ਮਗਰੋਂ ਅਕਾਲੀ ਦਲ ਅਤੇ ਕਾਂਗਰਸ ਦੇ ਰਾਜ ਦੌਰਾਨ ਵੀ ਨਸ਼ੇ ਦੀ ਵਿਕਰੀ ਹੁੰਦੀ ਰਹੀ।

ਹੁਣ ਜਦੋਂ ਆਪ ਸਰਕਾਰ ਆਈ ਤਾਂ ਮੋਗਾ ਜ਼ਿਲ੍ਹੇ 'ਚ ਨੌਜਵਾਨਾਂ ਦੀਆਂ ਤੇਜ਼ੀ ਨਾਲ ਹੋਈਆਂ ਮੌਤਾਂ ਮਗਰੋਂ ਮਾਮਲਾ ਹੋਰ ਗੰਭੀਰ ਬਣਦਾ ਜਾ ਰਿਹਾ ਹੈ।ਇਸੇ ਦੌਰਾਨ ਹੀ ਪਤਾ ਲੱਗਾ ਹੈ ਕਿ ਇਸ ਨਸ਼ੇ ਦੀ ਵਿਕਰੀ ਨੂੰ ਰੋਕਣ ਲਈ ਹੁਣ ਆਮ ਲੋਕਾਂ ਨੇ ਹੀ ਸੰਘਰਸ਼ ਦੀ ਤਿਆਰੀ ਕਰ ਲਈ ਹੈ। ਪਤਾ ਲੱਗਾ ਹੈ ਕਿ ਜਿਸ ਤਰ੍ਹਾਂ ਬਾਘਾ ਪੁਰਾਣਾ ਵਿਖੇ ਲੋਕਾਂ ਨੇ ਨਸ਼ੇ ਵਿਰੁੱਧ ਧਰਨਾ ਦਿੱਤਾ ਸੀ, ਉਸੇ ਤਰ੍ਹਾਂ ਮੋਗਾ ਜ਼ਿਲ੍ਹੇ 'ਚ ਹੋਰਨਾਂ ਥਾਵਾਂ 'ਤੇ ਆਮ ਲੋਕਾਂ ਨੇ ਇਸ ਮਾਰੂ ਨਸ਼ੇ ਦੀ ਵਿੱਕਰੀ ਵਿਰੁੱਧ ਰੋਸ ਧਰਨੇ ਦੇਣ ਦੀ ਤਿਆਰੀ ਕਰ ਲਈ ਹੈ ਕਿਉਂਕਿ ਆਮ ਲੋਕਾਂ ਨੂੰ ਇਹ ਪਤਾ ਲੱਗਣ ਲੱਗਾ ਹੈ ਕਿ ਰਵਾਇਤੀ ਦਲਾਂ ਦੇ ਰਾਜ ਦੀ ਤਰ੍ਹਾਂ ਆਪ ਸਰਕਾਰ ਦੇ ਰਾਜ 'ਚ ਵੀ ਸੰਘਰਸ਼ ਦੇ ਪਿੜ ਹੀ ਮੱਲਣੇ ਪੈਣੇ ਹਨ।


**ਟਰੱਕ ਡਰਾਈਵਰਾਂ ਲਈ ਖ਼ੁਸ਼ਖ਼ਬਰੀ**

ਕੰਮ ਤੋਂ ਬਾਦ ਆਪਣੇ ਟਰੱਕ ਨੂੰ ਰਾਤ ਸਮੇਂ ਕਿਸੇ ਸੁਰੱਖਿਅਤ ਯਾਰਡ ਵਿੱਚ ਹੀ ਪਾਰਕ ਕਰਨਾ ਚਾਹੁੰਦੇ ਹੋ।

ਰੇਟ ਵੀ ਸਸਤਾ ਹੋਵੇ
ਤੁਹਾਡੇ ਕੰਮ ਸ਼ੁਰੂ ਕਰਨ ਵਾਲੇ ਏਰੀਆ ਦੇ ਨੇੜੇ ਹੋਵੇ

ਗਰੈਵਲ ਟਰੱਕ 125 ਡਾਲਰ
ਟਰੈਕਟਰ 100 ਡਾਲਰ

ਫਲੀਟ ਲਈ ਚੰਗੇ ਰੇਟ
ਮਿਲ ਸਕਦੇ ਹਨ ਅਸੀਂ ਵਾਅਦਾ ਕਰਦੇ
ਹਾਂ ਜਦੋਂ ਤੁਸੀਂ ਸਾਨੂੰ ਕਾਲ ਕਰੋਂਗੇ ਤਾਂ **ਕੈਲਗਰੀ** ਵਿੱਚ
ਤੁਹਾਡੇ ਟਰੱਕ ਨੂੰ ਸੁਰੱਖਿਅਤ ਪਾਰਕਿੰਗ ਮਿਲ ਜਾਵੇਗੀ

**ਈਸਟਹਿੱਲ ਸਟੋਰੇਜ ਹੁਣ ਖੁੱਲ ਗਿਆ ਹੈ**

**ਕਾਲ ਕਰੋ: ਜੌਹਨ 403 618 3076**

EAST HILLS STORAGE



ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।

ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ

ਪੰਜਾਬੀ ਬੋਲਣ ਵਾਲਾ ਸਟਾਫ




**East Hill Bottle Depot Ltd.**
Call: 403 975 0128
55 East Hill Blvd (Front of new Costco at 17 ave SE.) Calgary(AB)



**NEW WAVE OPTICAL**

#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com

All Type of Frames!
Unbeatable Price!
"Online" prices in store!
Complete Eyewear, Contact lenses and Sunglasses!

For more info call:
**Sandeep Pandher**
MANAGER
at 403-999-2500






# ਬੜੀ ਸ਼ਰਮ ਮੰਨੇ "ਸ਼ਰਮੀਲਾ ' ਨੀ ਤੇਰੇ ਪੈਰੀਂ ਪੱਗ ਧਰਦਾ

1982 'ਚ ਮਾਘ ਮਹੀਨੇ ਉਸ ਵੇਲੇ ਦੀ ਸਭ ਤੋਂ ਵੱਡੀ ਪੰਜਾਬੀ ਗਾਇਕ ਜੋੜੀ 'ਮੁਹੰਮਦ ਸਦੀਕ ਰਣਜੀਤ ਕੌਰ' ਦਾ ਐਚ ਐਮ ਵੀ ਕੰਪਨੀ ਨੇ ਥਾਲੀ ਜਿੱਡਾ ਵੱਡਾ ਐਲ ਪੀ ਰਿਕਾਰਡ ਰੀਲੀਜ਼ ਕੀਤਾ ਸੀ ।

ਇਹ ਪਹਿਲੀ ਵਾਰੀ ਹੋਇਆ ਸੀ ਕਿ ਸਦੀਕ ਦੇ ਇਕੱਠੇ ਗਿਆਰਾਂ ਗੀਤ ਚੋਂ ਨੌਂ ਗੀਤ ਕਿਸੇ ਇੱਕ ਨਵੇਂ ਲਿਖਾਰੀ ਦੇ ਹੀ ਹੋਣ , ਕਿਉਂਕਿ ਉਸ ਤਵੇ' ਤੇ ਇੱਕ ਪਾਸੇ ਛੇ ਗੀਤ ਸਨ ਦੂਜੇ ਪਾਸੇ ਪੰਜ ਕੁੱਲ ਗਿਆਰਾਂ ਗੀਤਾਂ ਚੋਂ ਸਿਰਫ ਇੱਕ ਇਕ ਬਾਬੂ ਸਿੰਘ ਮਾਨ ਦਾ ਸੀ ਜੋ ਜਿਉਣੇ ਮੌੜ ਦੀ ਲੋਕ ਗਾਥਾ ਸੀ

" ਚਿੱਠੀ ਕਿਸ਼ਨੇ ਨੇ ਪਾਈ ਛੋਟੇ ਵੀਰ ਨੂੰ
ਜਦੋਂ ਪੜੀ ਅੱਗ ਲੱਗ ਗਈ ਸਰੀਰ ਨੂੰ"

ਦੀ ਤੇ ਇੱਕ ਹੋਰ ਨਵੇਂ ਗੀਤਕਾਰ ਪਰਮਜੀਤ ਸਲਾਰੀਏ ਦਾ ਇੱਕ ਗੀਤ

" ਝਾਵਾਂ ! ਯਾਰ ਬਿਮਾਰ ਪਿਆ
ਕਿਹੜੇ ਹੌਂਸਲੇ ਗਿੱਧੇ ਦੇ ਵਿੱਚ ਜਾਵਾਂ " ਸੀ

ਬਾਕੀ ਨੌਂ ਦੇ ਨੌਂ ਇੱਕ ਹੋਰ ਨਵੇਂ ਗੀਤਕਾਰ ਦੇ ਸਨ, ਜਿਵੇਂ

ਪੁੱਛ 'ਪੱਕੇ ਵਾਲੇ ਸ਼ਰਮੀਲੇ' ਕੋਲੋਂ ਜਾ ਕੇ
ਇੱਥੇ ਕੀਹਦੀ ਐ ਮਜਾਲ ਜਾਵੇ ਖੰਘ ਵੇ
ਮੇਰੇ ਵੱਸ ਨਾ ਗੱਭਰੂਆ,
ਪੈਂਦੀ ਐ ਛਣਕ ਮੇਰੀ ਵੰਗ ਵੇ
ਰਹੀਂ ਬਚਕੇ ਹਾਨਣੇ, ਹੋਰ ਨਾ ਚੜ੍ਹਾ ਦੀਂ ਕੋਈ ਚੰਦ ਨੀ
ਅੱਜ ਸੁਣ ਲੈ ਜਦ 'ਸ਼ਰਮੀਲੇ ਤੇ ਪਈ ਦੇਊ ਜਵਾਨੀ ਗੇੜੇ ਨੀ
ਉਸ ਮੂਰਤ ਵਰਗੇ ਮੁੰਡੇ ਦੀ ਗੱਲ ਚੱਲੂ ਵੇਹੜੇ ਵਿਹੜੇ ਨੀ ।

ਜਦੋਂ ਹੱਸੇਂ ਲੱਡੂਆਂ ਦਾ ਮੀਂਹ ਵਰ੍ਹੇ ਨੀ
ਤਾਹੀਓਂ 'ਸ਼ਰਮੀਲਾ' ਤੇਰਾ ਪਾਣੀ ਭਰੇ ਨੀ
ਸੱਚੀ ਗੱਲ 'ਸ਼ਰਮੀਲਾ' ਕਹਿੰਦਾ ਪੈਣ ਇਸ਼ਕ ਵਿੱਚ ਘਾਟੇ
ਇਹ ਦੁਨੀਆਂ ਦੇ ਕੱਚੇ ਰਿਸ਼ਤੇ ਟੁੱਟ ਜਾਵਣ ਅੱਧਵਾਟੇ
ਬੜੀ ਸ਼ਰਮ ਮੰਨੇ "ਸ਼ਰਮੀਲਾ ' ਨੀ ਤੇਰੇ ਪੈਰੀਂ ਪੱਗ ਧਰਦਾ
ਅੱਜ ਛੱਡਦੇ ਭਾਬੀਏ ਮੈਨੂੰ ਨੀ ਫੇਰ ਨੀ ਮਖੌਲ ਕਰਦਾ
ਸੁਣ ਸ਼ਰਮੀਲੇ ਵੇ ਮੈਂ ਸੱਚ ਦੱਸਦੀ,
ਪੱਟ ਦਿੱਤੀ ਗੁੱਤ ਮੈਂ ਚੁੜੇਲ ਸੱਸ ਦੀ
ਆਖਾਂ ਤੈਨੂੰ ਸੱਚ ਗੋਰੀਏ, ਨਜ਼ਰਾਂ ਕੋਲੋਂ ਬੱਚ ਗੋਰੀਏ
ਲੁੱਕ ਬਹਿੰਦੇ "ਸ਼ਰਮੀਲੇ" ਵਰਗੇ ਮੂੰਹ ਦੇਖਣ ਦੇ ਮਾਰੇ
ਤੂੰ ਢਾਬੇ ਦੇ ਫੁਲਕੇ ਵਰਗੀ ਨਰਮ ਜਿਹੀ ਮੁਟਿਆਰੇ

ਮੇਰਾ ਖਿਆਲ ਐ ਤੁਸੀਂ ਸਮਝ ਗਏ ਹੋਵੋਗੇ ਕਿ ਮੈਂ ਗੀਤਕਾਰ ਪੱਕੇ ਵਾਲੇ ਸ਼ਰਮੀਲੇ ਦੀ ਗੱਲ ਕਰ ਰਿਹਾ ਹਾਂ।

ਬਠਿੰਡਾ ਜਿਲ੍ਹੇ ਚ ਪੱਕਾ ਕਲਾਂ ਉਸਦੀ ਜਨਮ ਭੋਇੰ ਹੈ । ਸ਼ਰਮੀਲਾ ਉਸਦਾ ਤਖੱਲਸ ਹੈ ਜਾਂ ਕਹਿ ਲਓ, ਉਸਨੂੰ ਸ਼ਰਮੇਂ ਨਾਲੋਂ ਸ਼ਰਮੀਲਾ ਅਖਵਾਉਣਾ ਚੰਗਾ ਲੱਗਿਆ।

ਉਂਜ ਉਸਦਾ ਮਾਪਿਆਂ ਨਾਂ ਜਨਕ ਰਾਜ ਰੱਖਿਆ ਸੀ। ਜਨਕ ਦਾ ਜਨਮ 1 ਅਪ੍ਰੈਲ 1955 ਨੂੰ ਮਾਤਾ ਮਾਇਆ ਦੇਵੀ ਜੀ ਦੀ ਕੁੱਖੋਂ ਪਿਤਾ ਸ਼੍ਰੀ ਹਰੀ ਦਾਸ ਜੀ ਦੇ ਘਰ ਪੱਕਾ ਕਲਾਂ ਬਠਿੰਡਾ ਵਿਖੇ ਹੋਇਆ ।

ਬਠਿੰਡੇ ਦੇ ਹੀ ਸਰਕਾਰੀ ਰਾਜਿੰਦਰਾ ਕਾਲਜ ਚ ਬਤੌਰ ਸਟੈਨੋ ਸ਼ੁਰੂਆਤ ਕੀਤੀ। ਫੇਰ ਮਿਊਂਸਪਲ ਕਮੇਟੀ ਭੁੱਚੋ ਮੰਡੀ ਵਿੱਚ ਐਸਸਿਟੈਂਟ ਵੱਜੋਂ ਸੇਵਾ ਨਿਭਾਅ ਕੇ 2007 ਵਿੱਚ ਸੇਵਾ ਮੁਕਤ ਹੋਇਆ ।

ਜਨਕ ਨੂੰ ਗੀਤਕਾਰੀ ਦੀ ਚੇਟਕ ਪਤਾ ਨਹੀਂ ਕਦੋਂ ਲੱਗੀ, ਪਰ ਜਦ ਉਸਨੂੰ ਮਹਿਸੂਸ ਹੋਇਆ ਤਾਂ ਉਸਨੇ ਪੰਡਿਤ ਹੁਕਮ ਚੰਦ ਖਲੀਲੀ ਨੂੰ ਉਸਤਾਦ ਧਾਰਿਆ।ਇਹ ਵੀ ਸੱਚ ਹੈ ਕਿ ਮੁੰਹਮਦ ਸਦੀਕ, ਰਣਜੀਤ ਕੌਰ ਦੀ ਜੋੜੀ ਟੁੱਟਣ ਤੋਂ ਬਾਅਦ ਜਦੋਂ ਮੁਹੰਮਦ ਸਦੀਕ ਨੇ ਨਵੀਂ ਕੁੜੀ ਸੁਖਜੀਤ ਕੌਰ ਨਾਲ ਗਾਇਕੀ ਦੀ ਦੂਜੀ ਪਾਰੀ ਸ਼ੁਰੂ ਕੀਤੀ ਤਾਂ ਉਸ ਐਲਬਮ ਦੇ ਵੀ ਸਾਰੇ ਗੀਤ ਜਨਕ ਸ਼ਰਮੀਲੇ ਦੇ ਹੀ ਸਨ।

" ਨੇੜੇ ਆ ਗਿਆ ਹਾਨਣੇ, ਔਹ ਤੇਰੇ ਸੋਹਰਿਆਂ ਦਾ ਪਿੰਡ ਨੀ"

ਉਂਜ ਗੁੱਡੋ ਫਿਲਮ ਨਾਲ ਉਸਦਾ ਜ਼ਿਕਰ ਫਿਲਮੀ ਗੀਤਕਾਰਾਂ ਚ ਵੀ ਸ਼ੁਮਾਰ ਹੋ ਚੁੱਕਿਐ । ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਗਾਇਕੀ ਦੇ ਖੇਤਰ ਵਿੱਚੋਂ ਰਾਜਨੀਤੀ ਵਿੱਚ ਆਕੇ ਐਮ ਐਲ ਏ ਬਣੀ ਅਨਮੋਲ ਗਗਨ ਮਾਨ , ਗਾਇਕ ਤੋਂ ਹੀ ਐਮ ਐਲ ਏ ਬਣੇ ਬਲਕਾਰ ਸਿੱਧੂ ਸਮੇਤ ਬਠਿੰਡੇ ਦੇ ਸਾਰੇ ਗਾਇਕਾਂ ਨੇ ਸ਼ਰਮੀਲੇ ਦੇ ਗੀਤ ਗਾਏ । ਅੱਜਕੱਲ ਸ਼ਰਮੀਲਾ ਨੇ ਆਪਣੀ ਜੀਵਨ ਸਾਥਣ ਤੇ ਬੱਚਿਆਂ ਨਾਲ ਬਠਿੰਡੇ ਹੀ ਰਿਹਾਇਸ਼ ਕੀਤੀ ਹੋਈ ਹੈ। ਸ਼ਰਮੀਲੇ ਨੇ ਬਹੁਤ ਥੋੜ੍ਹਾ ਲਿਖਿਆ, ਪਰ ਜਿੰਨਾ ਲਿਖਿਆ ਮਿਆਰੀ ਲਿਖਿਆ, ਸੱਭਿਆਚਾਰ ਦੇ ਦਾਇਰੇ ਚ ਰਹਿ ਕੇ ਲਿਖਿਆ ਫੋਕੀ ਸ਼ੋਹਰਤ ਲਈ ਨਿੱਕਾ ਨਹੀਂ ਕੱਤਿਆ,



facebook

ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਆਹ ਨਹੀਂ ਪਤਾ ਸੀ ਕਿ ਪਤੰਦਰਾਂ ਦੀ 3500 ਕਿਲੋਮੀਟਰ ਦੂਰ ਵੀ ਗੱਲਬਾਤ ਇੱਕੋ ਈ ਐ

ਕੈਨੇਡਾ 'ਚ ਜਦੋਂ ਮੈਂ 2019 @ਚ ਪਹਿਲੀ ਵਾਰ ਖ਼ੂਨਦਾਨ ਕਰਨ ਦੀ ਇੱਛਾ ਨਾਲ ਕੈਨੇਡੀਅਨ ਬਲੱਡ ਸਰਵਿਸ ਸੈਂਟਰ ਟੋਰੰਟੋ ਗਿਆ ਤਾਂ ਉਨ੍ਹਾਂ ਫੋਟੋ ਆਈ ਡੀ ਦੇਖਣ ਉਪਰੰਤ ਇੱਕ ਸੁਆਲ ਪੁੱਛਿਆ ਕਿ ਇੰਡੀਆ ਤੋਂ ਕਦੋਂ ਆਏ ਹੋ। ਮੈਂ ਦੱਸ ਦਿੱਤਾ। ਜਿਸ ਉਪਰੰਤ ਉਸਨੇ ਮੈਨੂੰ ਬੜੀ ਹਲੀਮੀ ਨਾਲ ਮਨ੍ਹਾ ਕਰ ਦਿੱਤਾ। ਪਰ ਮੈਂ ਉਸ ਨੂੰ ਕਿਹਾ ਕਿ ਖ਼ੂਨਦਾਨ ਮੈਂ ਅਕਸਰ ਕਰਦਾ ਰਹਿੰਦਾ ਹਾਂ ਜਿਸ ਤਹਿਤ ਹੁਣ ਵੀ ਮੇਰੀ ਅਜਿਹਾ ਕਰਨ ਦੀ ਭਾਵਨਾ ਹੈ। ਮੈਂ ਤਰਲਾ ਜਿਆ ਮਾਰਿਆ। ਮੇਰੀ ਭਾਵਨਾ ਦੇਖ ਗੋਰੀ ਬੀਬੀ ਨੇ ਮੈਨੂੰ ਕੰਪਿਊਟਰ ਅੱਗੇ ਬਿਠਾ ਦਿੱਤਾ। ਮੈਂ ਸੋਚਿਆ ਬਣ ਗਿਆ ਕੰਮ। ਜਿਥੇ ਮੈਂ 60 ਦੇ ਕਰੀਬ ਸੁਆਲਾਂ ਦੇ ਜੁਆਬ ਦਿੱਤੇ। ਉਸ ਉਪਰੰਤ ਮੈਨੂੰ ਉਹ ਇੱਕ ਕਮਰੇ ਚ ਲੈ ਗਈ।

ਜਿਥੇ ਉਸਨੇ ਮੈਨੂੰ ਬੜੇ ਪ੍ਰੇਮ ਨਾਲ ਸਮਝਾਇਆ ਕਿ ਤੁਸੀਂ ਜਿਸ ਮੁਲਕ ਚੋਂ ਆਏ ਹੋ ਉਥੇ ਮਲੇਰੀਏ ਦਾ ਪ੍ਰਕੋਪ ਹੈ ਜਿਸ ਦੇ ਲੱਛਣ ਤਿੰਨ ਸਾਲ ਤੱਕ ਖ਼ੂਨ ਚ ਰਹਿੰਦੇ ਨੇ। ਜਿਸ ਕਰਕੇ ਅਸੀਂ ਤੁਹਾਡਾ ਖ਼ੂਨਦਾਨ ਨਹੀਂ ਲੈ ਸਕਦੇ। ਮੁਲਕ ਪ੍ਰਤੀ ਅਜਿਹਾ ਸੁਣ ਕੇ ਮੈਨੂੰ ਬੁਰਾ ਵੀ ਮਹਿਸੂਸ ਹੋਇਆ ਸੀ। ਕੁਝ ਮਹੀਨਿਆਂ ਬਾਅਦ ਮੈਂ ਟੋਰੰਟੋ ਤੋਂ ਕਰੀਬ 3500 ਕਿਲੋਮੀਟਰ ਦੂਰ ਕੈਲਗਰੀ ਸ਼ਹਿਰ ਚਲਿਆ ਗਿਆ। ਜਿਥੇ ਮੈਂ ਆਪਣੀ ਭਾਵਨਾ ਲੈ ਕੇ



ਕੁਝ ਕੁ ਦਿਨਾਂ ਬਾਅਦ ਇਹ ਸੋਚ ਕੇ ਫਿਰ ਖ਼ੂਨਦਾਨ ਦੇਣ ਤੁਰ ਪਿਆ ਕਿ ਕੀਆ ਐਥੇ ਚੱਲ ਜੇ...ਪਰ ਉਥੇ ਵੀ ਬੀਬੀ ਨੇ ਫੋਟੋ ਆਈ ਡੀ ਵੇਖਣ ਉਪਰੰਤ ਕੰਪਿਊਟਰ ਤੇ ਉਂਗਲਾਂ ਮਾਰੀਆਂ ਤੇ ਮੈਨੂੰ ਕਿਹਾ ਸੌਰੀ ਜੀਵੌਨ ਯੂ ਆਰ ਨਾਟ ਯੇਟ ਇਲੀਜੀਬਲ ਟੂ ਡੋਨੇਟ ਬਲੱਡ। ਵੀ ਕਾਂਟ ਟੇਕ ਦਿਸ ਸੌਰੀ। ਮੈਂ ਪੁੱਛਿਆ ਕਿਉਂ ? ਉਸਨੇ ਕੰਪਿਊਟਰ ਦੀ ਸਕਰੀਨ ਮੇਰੇ ਵੱਲ ਘੁੰਮਾ ਕੇ ਕਿਹਾ ਅਜੇ ਤੁਹਾਨੂੰ ਇੰਡੀਆ ਤੋਂ ਆਇਆਂ ਤਿੰਨ ਸਾਲ ਪੂਰੇ ਨਹੀਂ ਹੋਏ। ਦਰਅਸਲ ਟੋਰੰਟੋ ਉਸ ਸਮੇਂ ਕੰਪਿਊਟਰ ਨੇ ਸੁਆਲਾਂ ਦੇ ਜੁਆਬ ਲੈਣ ਉਪਰੰਤ ਮੇਰੀ ਸਾਰੀ ਜਾਣਕਾਰੀ ਕੈਨੇਡਾ ਦੇ ਸਿਸਟਮ @ਚ ਅੱਪਲੋਡ ਕਰ ਦਿੱਤੀ ਸੀ। ਤਿੰਨ ਸਾਲ ਪੂਰੇ ਨਾ ਹੋਣ ਸੰਬਧੀ ਪਤਾ ਤਾਂ ਮੈਨੂੰ ਵੀ ਸੀ...ਪਰ ਆਹ ਨਹੀਂ ਪਤਾ ਸੀ ਕਿ ਪਤੰਦਰਾਂ ਦੀ 3500 ਕਿਲੋਮੀਟਰ ਦੂਰ ਵੀ ਗੱਲਬਾਤ ਇੱਕੋ ਈ ਐ। ਇਹਨੂੰ ਕਹਿੰਦੇ ਆ ਕੈਨੇਡਾ ਦਾ @ਸਿਸਟਮ@...। ਮੇਰਾ ਇਹ ਲਿਖਣ ਦਾ ਮਕਸਦ ਸਿਰਫ ਇਥੋਂ ਦੇ ਜ਼ਬਰਦਸਤ ਸਿਸਟਮ ਬਾਰੇ ਦੱਸਣਾ ਹੈ। ਕੈਨੇਡਾ ਦਾ ਇੱਕ ਖੂੰਜਾ ਬੇਸ਼ੱਕ ਦੂਜੇ ਖੂੰਜੇ ਤੱਕ ਕਰੀਬ 5000 ਕਿਲੋਮੀਟਰ ਦੂਰ ਹੈ। ਪਰ ਇਥੇ ਰਹਿੰਦੇ ਹਰ ਬੰਦੇ ਦੀ ਬਾਰੀਕ ਤੋਂ ਬਾਰੀਕ ਜਾਣਕਾਰੀ ਕੈਨੇਡਾ ਦੇ ਹਰ ਕੋਨੇ ਕੀ-ਬੋਰਡ ਦੇ ਇੱਕ ਕਲਿਕ ਥੱਲੇ ਪਈ ਹੈ।

ਦੂਜੇ ਪਾਸੇ ਆਪਣੇ ਆਲਾ ਸਿਸਟਮ ਦੇਖ ਲਓ। ਡਾਕਟਰ ਬੇਸ਼ੱਕ ਬਾਕਮਾਲ ਨੇ ਪਰ ਸਿਹਤ ਰਿਕਾਰਡ ਦਾ ਤਾਂ ਰੱਬ ਈ ਰਾਖਾ...ਵੈਸ਼ਨੂੰ ਬੰਦਿਆਂ ਦੇ ਪਿਸ਼ਾਬ ਟੈਸਟ ਕਰਵਾ ਕਰਵਾ ਅਸਲੇ ਦੇ ਨਸ਼ਈ ਮਾਲਕ ਲਾਈਸੰਸ ਰੀਨਿਊ ਕਰਾਈ ਜਾਂਦੇ ਐ। ਪਰ ਮਜ਼ਾਲ ਐ ਸਿਸਟਮ ਨੂੰ ਭਿਣਕ ਪੈਜੇ...ਗੁਸਤਾਖ਼ੀ ਮੁਆਫ।

ਖ਼ੈਰ! 450 ✡☗ ਦੀ ਥੈਲੀ ਭਰਨ ਆਲੀ ਭਾਵਨਾ ਨੂੰ ਬੂਰ ਹੁਣ ਪਿਆ। ਕਹਿੰਦੇ ਕੈਨੇਡਾ @ਚ ਹੁਣ ਜਿਥੇ ਮਰਜ਼ੀ ਖ਼ੂਨਦਾਨ ਕਰ ਸਕਦੇ ਹੋ ਤੁਹਾਡਾ ਰਿਕਾਰਡ ਸਾਡਾ ਆਟੋਮੈਟਿਕ ਸਿਸਟਮ ਰੱਖੇਗਾ...

(ਜੀਵਨ ਸ਼ਰਮਾਂ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)




# ਉਹ ਵੇਲਾ ਯਾਦ ਕਰ

ਕੱਚੇ ਵਿਹੜੇ ਪੱਕੇ ਰਿਸ਼ਤੇ ਅਕਸਰ ਚੇਤੇ ਆਉਂਦੇ ਨੇ,
ਪੱਕੀਆਂ ਕੰਧਾਂ ਪਿੱਛੇ ਜਦ ਵੀ ਕੱਚੇ ਸਾਕ ਡਰਾਉਂਦੇ ਨੇ।

ਕਰੋਨਾ ਕਾਲ ਸਮੇਂ ਆਪਣਿਆਂ ਤੋਂ ਵਿਛੜੇ ਹੀ ਨਾ ਮਰ ਜਾਈਏ ਜਹੇ ਖ਼ਦਸ਼ੇ ਕਰ ਕੇ ਕਈ ਦਹਾਕਿਆਂ ਤੋਂ ਅੱਖੋਂ ਓਹਲੇ ਤੇ ਮਨੋ ਓਹਲੇ ਪਈਆਂ ਯਾਦਾਂ ਵਿਚਲੀਆਂ ਕਈ ਫ਼ਾਈਲਾਂ ਸੱਜਰੀਆਂ ਹੋ ਖੜ੍ਹੀਆਂ ਸਨ। ਮੇਰੇ ਇੱਕ ਜਮਾਤੀ ਜਗਰੂਪ ਸਿੰਘ ਨੇ ਪਿਛਲੇ ਸਾਲ ਮੈਨੂੰ ਨੈੱਟ ਤੇ ਲੱਭ ਕੇ ਜਦ ਜਸ਼ਨ ਵਰਗੇ ਬੋਲ ਲਿਖੇ - ਲੱਭਗੀ ਬਈ ਬਲਵਿੰਦਰ ਜਾ ਲੱਭੀ - ਤਾਂ ਮਨ ਵਿਚ ਤਿਹਾਰ ਮਨਾ ਲੈਣ ਜਿਹਾ ਅਹਿਸਾਸ ਪਲ਼ਿਆ। ਉਸ ਨੂੰ ਜਾ ਮਿਲਣ ਦੀ ਰੀਝ ਨੇ ਵੀ ਕਰਵਟ ਬਦਲੀ। ਮੈਂ ਉਮਰ ਦੇ ਕਈ ਦਹਾਕੇ ਪਹਿਲਾਂ ਗੁਜ਼ਾਰੇ ਮੋੜ ਤੇ ਜਾ ਖੜ੍ਹੀ ਜਦੋਂ ਜਮਾਤ ਵਿਚ ਸਭ ਤੋਂ ਛੋਟੀ ਅਤੇ ਸ਼ਰਾਰਤੀ ਹੋਣ ਕਰ ਕੇ ਸਾਡਾ ਜਮਾਤੀ ਖਾਸ ਕਰ ਕੇ ਜਗਰੂਪ ਘੂਰ ਕੇ ਬਿਠਾ ਦਿੰਦਾ ਸੀ। ਪਤਾ ਨਹੀਂ ਉਦੋਂ ਘਰ ਦੇ ਮਰਦ-ਪ੍ਰਧਾਨ ਮਾਹੌਲ ਕਰ ਕੇ ਅਸੀਂ ਦਾਬਾ ਝੱਲ ਲੈਂਦੀਆਂ ਸੀ। ਉਦੋਂ ਜਮਾਤੀ ਵੀ ਸੱਚ ਹੀ ਜਮਾਤੀ ਹੁੰਦੇ ਸਨ। ਕਿਸੇ ਤਰ੍ਹਾਂ ਦੀ ਝੋਲ਼, ਮੈਲ਼ ਜਾਂ ਸਵਾਰਥ ਜਹੇ ਸ਼ਬਦਾਂ ਤੋਂ ਪਾਰ ਜਹੀ ਉਸ ਸਾਂਝ ਨੂੰ ਮਨ ਹੁਣ ਵੀ ਲੋਚਦਾ ਹੈ। ਹੁਣ ਕਈ ਦਹਾਕਿਆਂ ਪਿੱਛੋਂ ਉਮਰ ਦੀਆਂ ਸਿਖਰਾਂ ਵੱਲੋਂ ਹੇਠਾਂ ਵੱਲ ਲੁੜ੍ਹਕਦੇ ਵੀ ਉਸੇ ਸਾਂਝ ਨੂੰ ਮਨ ਤਾਂਘਦਾ ਹੈ। ਜਗਰੂਪ ਨੂੰ ਅਸੀਂ ਪੂਰਾ ਦੇਸੀ, ਖਰ੍ਹਵਾ ਅਤੇ ਅੜਬ ਜੱਟ ਜਾਣਦੀਆਂ ਪਾਸਾ ਵਟਦੀਆਂ ਸੀ ਜਿਸ ਨੂੰ ਹੁਣ ਉਚੇਚਾ ਜਾ ਮਿਲਣ ਦੀ ਲਾਲਸਾ ਹੋ ਰਹੀ ਸੀ। ਸੋਚਾਂ ਦੀ ਪੁਰਾਣੀ ਤਹਿ ਉਲੱਦ ਰਹੇ ਮਨ ਵਿਚ ਕਈ ਸੰਘਣੇ ਵਣਾਂ ਵਰਗੇ ਖਿਆਲ ਆਏ। ਐਨੇ ਅਰਸੇ ਬਾਦ ਸਭ ਦਾਅਵੇ ਹੁੰਝੇ ਜਾਣ ਪਿੱਛੋਂ ਕਈ ਸ਼ੰਕੇ ਸਿਰ ਚੁਕ ਰਹੇ ਸਨ, ਖਾਸ ਕਰ ਕੇ ਜਦੋਂ ਇਸ ਸਾਂਝ ਵਿਚ ਔਰਤ-ਮਰਦ ਧਿਰਾਂ ਹੋਣ, ਪਾਕਿ-ਪਵਿੱਤਰ ਸਾਂਝ ਵੀ ਕਈ ਖ਼ਦਸ਼ੇ ਦੇ ਰਾਹ ਜਾ ਪੈਂਦੀ ਹੈ। ਮੈਂ ਕਿਤੋਂ ਪੜ੍ਹਿਆ ਸੀ ਜਿਸ ਥਾਂ ਨੂੰ ਸੁੱਖੀਂ-ਸਾਂਦੀਂ ਛੱਡਿਆ ਹੋਵੇ, ਉੱਥੇ ਨਹੀਂ ਜਾਈਦਾ। ਯਾਦ ਦੀ ਕਿੱਲੀ ਤੇ



ਟੰਗੀ ਮਨ ਦੀ ਕੰਧ ਤੇ ਤਸਵੀਰ ਵਿਗੜ ਵੀ ਸਕਦੀ ਹੈ। ਲੰਘੇ ਵਕਤ ਦੇ ਵਾ-ਵਰੋਲ਼ਿਆਂ ਨੇ ਦੇਹੀ ਨੂੰ ਕਿਵੇਂ ਝੰਬ ਦਿੱਤਾ ਹੋਵੇ, ਲੰਘੀਆਂ ਧੁੱਪਾਂ ਛਾਵਾਂ ਅਤੇ ਮੀਂਹਾਂ ਨੇ ਹੁਲੀ ਵਿਗਾੜ ਧਰਿਆ ਹੋਵੇ।

ਕਈ ਵਰ੍ਹੇ ਹੋਏ ਮੈਂ ਪਟਿਆਲੇ ਬਜ਼ਾਰ ਜਾ ਰਹੀ ਸੀ ਜਦ ਉਮਰ ਦੀ ਢਲਾਨ ਉਤਰਦਾ ਇੱਕ ਮਰਦ ਖਿਲਰੀ ਜਹੀ ਦੇਹੀ, ਢਿਲਕੀ ਜੀ ਪੱਗ, ਮੋਟੇ ਸ਼ੀਸ਼ੇ ਦੀਆਂ ਐਨਕਾਂ ਵਿੱਚੋਂ ਦੀ ਮੈਨੂੰ ਪਛਾਣਦਾ ਪੂਰੀ ਮੇਰ ਨਾਲ ਪੁੱਛ ਰਿਹਾ ਸੀ -ਤੂੰ ਬਲਵਿੰਦਰ ਸ਼ੇਰਗਿੱਲ ਹੈਂ ? ਮੈਂ ਆਪਣਾ ਪੇਕਾ ਨਾਂ ਸੁਣ ਕੇ ਖ਼ੁਸ਼ ਹੋ ਕੇ ਹਾਂ ਜੀ ਕਿਹਾ। ਉਸ ਨੇ ਕਿਹਾ - ਆਪਾਂ ਦੋਵੇਂ ਜਮਾਤੀ ਸੀ। ਉਸ ਦੇ ਪਹਿਰਾਵੇ ਅਤੇ ਤੋਰ ਦੀ ਬੇ-ਤਰਤੀਬੀ ਵੱਲ ਵੇਖ ਮੇਰੇ ਮੂੰਹੋਂ ਨਿਕਲ ਗਿਆ - ਐਨੇ ਬੁੜ੍ਹੇ ਦੀ ਮੈਂ ਕਲਾਸਫੈਲੋ ਸੀ ? ਉਹ ਹਸਦਾ ਕਹਿ ਰਿਹਾ ਸੀ - ਤੂੰ ਜਵਾਨ ਐਂ ਭਲਾ ? ਮੈਂ ਕਿਹਾ ਮੇਰੀ ਸ਼ਕਲ ਨਹੀਂ ਦਿਸ ਰਹੀ। ਹੁਣ ਉਵੇਂ ਹੀ ਜਗਰੂਪ ਨੇ ਨੈੱਟ ਤੇ ਜਵਾਨੀ ਵੇਲੇ ਦੀ ਫੋਟੋ ਲਾ ਰੱਖੀ ਸੀ। ਉਸ ਦੇ ਸ਼ਹਿਰ ਜਾ ਕੇ ਜਦ ਮੈਂ ਉਸ ਦੇ ਘਰ ਦਾ ਟਿਕਾਣਾ ਪੁੱਛ ਰਹੀ ਸੀ ਤਾਂ ਜਗਰੂਪ ਪਤਾਸੇ ਵਰਗੀ ਮਿਠਾਸ ਭਰੇ ਸ਼ਬਦ ਕਹਿ ਰਿਹਾ ਸੀ - ਤੂੰ ਐਨੀ ਦੂਰੋਂ ਆ ਗੀ, ਮੈਂ ਘਰ ਮੂਹਰੇ ਖੜ੍ਹਾ ਉਡੀਕ ਰਿਹਾਂ, ਇੰਤਜ਼ਾਰ ਚ ਖੜ੍ਹਾ ਬੰਦਾ ਤਾਂ ਦੂਰੋਂ ਪਛਾਣਿਆ ਜਾਂਦੈ। ਤੇ ਸੱਚ ਹੀ ਇੱਕ ਘਰ ਮੂਹਰੇ ਇਕਹਿਰੀ ਦੇਹੀ ਵਾਲਾ ਪੂਰਾ ਫੁਰਤੀਲਾ, ਮੁਕਤਾ ਅੱਖਰ ਨਾਲ ਲੱਗਣ ਵਾਲੇ ਕੰਨੇ ਵਰਗਾ, ਹਾਲੇ ਵੀ ਜਵਾਨ ਦਿਸ ਰਿਹਾ ਮਾਂਜਿਆ ਸੰਵਾਰਿਆ ਆਪਣੀ ਸਰਦਲ ਤੇ ਖੜ੍ਹਾ ਮੈਨੂੰ ਬਾਹਾਂ ਖਲਾਰ ਕੇ ਮਿਲਿਆ। ਉਸ ਦੇ ਕਲਾਵੇ ਵਿਚ ਜਿਵੇਂ ਮੇਰਾ ਉਮਰਾਂ ਦਾ ਥਕੇਵਾਂ ਉਤਰ ਗਿਆ। ਉਸ ਦੇ ਮੋਢੇ ਨਾਲ ਖੜ੍ਹੀ ਲੁਗ-ਲੁਗ ਕਰਦੀ ਦੇਹੀ ਵਾਲੀ ਉਸ ਦੀ ਧਰਮ ਪਤਨੀ ਥਮ੍ਹਲੇ ਵਰਗੀ ਜੱਟੀ ਮੁਸਕਰਾ ਰਹੇ ਚਿਹਰੇ ਨਾਲ ਮੇਰਾ ਸਵਾਗਤ ਕਰ ਰਹੀ ਸੀ। ਵਰ੍ਹਿਆਂ ਪਿੱਛੋਂ ਕਿਸੇ ਨੇ ਪਲਕਾਂ ਵਿਛਾ ਕੇ ਮੇਰੀ ਉਡੀਕ ਕੀਤੀ ਲੱਗੀ। ਮੇਰੀ ਅਰਥਹੀਣ ਹੋਂਦ ਨੂੰ ਜਿਵੇਂ ਮੇਰੀ ਹੀ ਕੋਈ ਧਿਰ ਆ ਮਿਲੀ ਸੀ। ਕਹਿੰਦੇ ਹਨ ਕੁੱਝ ਰਿਸ਼ਤਿਆਂ ਵਿਚ ਮੁਨਾਫ਼ਾ ਨਹੀਂ ਹੁੰਦਾ ਪਰ ਉਸ ਨੂੰ ਨਿਭਾ ਕੇ ਅਸੀਂ ਅਮੀਰ ਹੋ ਜਾਂਦੇ ਹਾਂ। ਬਹੁਤ ਸੁਹਣੇ ਤੇ ਚੰਗੇ ਹੁੰਦੇ ਨੇ ਉਹ ਲੋਕ ਜੋ ਆਪਣਿਆਂ ਨੂੰ ਆਉਣ ਤੇ ਵਕਤ ਦਿੰਦੇ ਹਨ। ਕਦੇ ਵਗਦੀਆਂ ਲੋਆਂ ਵਿਚ ਵੇਖੀ ਦੁਪਹਿਰ-ਖਿੜੀ ਵਰਗਾ ਉਹ ਜੋੜਾ ਮੈਨੂੰ ਅਜੀਬ ਸਕੂਨ ਬਖ਼ਸ਼ ਰਿਹਾ ਸੀ। ਉਸ ਸਮੇ ਆਠਰ ਗਈਆਂ ਲੂਹਰੀਆਂ ਦੀ ਤ੍ਰਿਪਤੀ ਸੀ। ਲੰਘੀ ਜ਼ਿੰਦਗੀ ਦਾ ਟੇਵਾ ਲਾ ਰਹੀ ਸੀ। ਜਗਰੂਪ ਨੂੰ ਵਧੀਆ ਇਨਸਾਨ ਬਣਾ ਲੈਣ ਦਾ ਸਿਹਰਾ ਉਸ ਦੀ ਇਸ ਹਮਸਫਰ ਨੂੰ ਹੀ ਦੇਣਾ ਬਣਦਾ ਹੈ। ਉਸ ਨੇ ਜਗਰੂਪ ਨੂੰ ਕਬੀਲਦਾਰੀ ਨਜਿੱਠਦਿਆਂ ਆਪਣੀ ਮਰਜ਼ੀ ਨਾਲ ਜ਼ਿੰਦਗੀ ਜਿਉਣ ਦਾ ਵੱਲ ਸਿਖਾਇਆ ਹੋਣੈ।

ਮੈਂ ਬੀਤ ਚੁੱਕੀ ਅਤੇ ਬੀਤਣ ਵਾਲੀ ਉਮਰ ਵਿਚਕਾਰ ਅਪਣੱਤ ਦਾ ਪੁਲ ਇੱਕ ਨਾਲ ਹੀ ਉਸਰਨ ਵੇਲੇ ਵੀ ਸੋਚਾਂ ਹਵਾਲੇ ਗਈ ਸੀ ਪਰ ਉਨ੍ਹਾਂ ਦੋਹਾਂ ਨੇ ਮੇਰੀ ਉਸ ਅਪਣੱਤ ਉਪਰ ਛੱਤ ਪਾ ਲਈ। ਚਲੋ, ਉਮਰ ਦੇ ਆਖ਼ਰੀ ਉਦਾਸ ਹਾਦਸੇ ਤੋਂ ਪਹਿਲਾਂ ਜਾ ਮਿਲੇ ਹਾਂ। ਉਨ੍ਹਾਂ ਪਲਾਂ ਲਈ ਸ਼ੁਕਰਗੁਜ਼ਾਰ ਹਾਂ ਜਦ ਸਭ ਵਰਜਣਾਂ ਤੋਂ ਪਾਰ ਜਾ ਮਿਲੇ ਸਾਂ।

# ਖਾਲਿਸਤਾਨ ਦੀ ਲਹਿਰ ਆਖ਼ਿਰ ਹੈ ਕਿੱਥੇ ?





ਸੁਖਨੈਬ ਸਿੰਘ ਸਿੱਧੂ

ਪੰਜਾਬ ਇੱਕ ਵਾਰ 'ਖਾਲਿਸਤਾਨ' ਕਰਕੇ ਚਰਚਾ ਚ ਹੈ। ਅਸਲ ਇਹ ਚਰਚਾ ਨੈਸ਼ਨਲ ਮੀਡੀਆ ਅਤੇ ਸੋਸ਼ਲ ਮੀਡੀਆ 'ਚ ਹੈ , ਆਮ ਲੋਕਾਂ ਦਾ ਇਹਦੇ ਨਾਲ ਕੋਈ ਬਹੁਤ ਸਰੋਕਾਰ ਨਹੀਂ । ਨੈਸ਼ਨਲ ਮੀਡੀਆ ( ਗੋਦੀ ਮੀਡੀਆ) ਨੇ ਕੋਈ ਨਾ ਕੋਈ ਹਊਆ ਖੜ੍ਹਾ ਕਰੀ ਰੱਖਣਾ ਹੁੰਦਾ ਅਤੇ ਸੋਸ਼ਲ ਮੀਡੀਆ ਦੇ ਸਿੰਗ ਫਸਾਉਣ ਲਈ ਹੱਕ ਜਾਂ ਵਿਰੋਧ 'ਚ ਲੋਕ ਲਿਖਦੇ ਹਨ। ਕੰਧਾਂ ਦੇ ਲਿਖੇ 'ਖਾਲਿਸਤਾਨ ਜਿੰਦਾਬਾਦ' ਦੇ ਨਾਅਰਿਆਂ ਨੂੰ ਮੀਡੀਆ ਵਧਾ ਚੜਾ ਕੇ ਪੇਸ਼ ਕਰਦਾ ਹੈ , ਜਿਸ ਨਾਲ ਲਿਖਣ ਵਾਲਿਆਂ ਨੂੰ ਲੱਗਦਾ ਕਿ ਸਾਡੀ ਗੱਲ ਨੂੰ ਕਵਰੇਜ ਮਿਲ ਰਹੀ , ਮੇਰੇ ਪਿੰਡ ਪੂਹਲਾ ਜਿਲਾ ਬਠਿੰਡਾ 'ਚ ਦੋ ਥਾਵਾਂ ਤੇ ਅਜਿਹਾ ਕੁੱਝ ਲਿਖਿਆ ਗਿਆ ਸੀ,ਪਰ ਅਸੀਂ ਉਸਨੂੰ ਕਦੇ ਖ਼ਬਰ ਨਹੀਂ ਬਣਾਇਆ , ਕਿਉਂਕਿ ਪਾਣੀ ਦੀ ਟੈਂਕੀ ਉੱਪਰ ਇਹ ਕੁੱਝ ਲਿਖਣ ਨਾਲ ਚਰਚਾ ਤੋਂ ਬਿਨਾ ਕੁੱਝ ਨਹੀਂ ਹੋ ਸਕਦਾ।

ਜਿੰਨ੍ਹਾਂ ਨੇ ਪੰਜਾਬ 'ਚ 84 ਤੋਂ ਬਾਅਦ ਦਾ ਦੌਰ ਦੇਖਿਆ ਉਹ ਜਾਣਦੇ ਹਨ ਕਿ ਹਥਿਆਰਬੰਦ ਸੰਘਰਸ਼ ਦੇ ਰਾਹ ਪੈ ਕੇ ਕਿੰਨੇ ਨੌਜਵਾਨਾਂ ਨੇ ਜ਼ਿੰਦਗੀਆਂ ਗਵਾਈਆਂ ਹਨ , ਕਿਵੇਂ ਝੂਠੇ ਪੁਲਿਸ ਮੁਕਾਬਲਿਆਂ 'ਚ ਨੌਜਵਾਨਾਂ ਨੂੰ ਨਿਸ਼ਾਨਾ ਬਣਾ ਕੇ ਆਪਣੇ ਮੋਢਿਆਂ ਤੇ ਫੀਤੀਆਂ ਲਾਈਆਂ ਜਾਂਦੀਆਂ ਸਨ। ਬਹੁਤ ਸਾਰੀਆਂ ਉਦਾਹਰਨਾਂ ਹਨ, ਜਦੋਂ ਸਰਦੇ -ਪੁੱਜਦੇ ਘਰਾਂ ਦੇ ਮੁੰਡੇ ਕੁੱਝ ਪੁਲੀਸ ਵਾਲਿਆਂ ਵੱਲੋਂ ਫਿਰੌਤੀ ਲਈ ਚੁੱਕ ਲਏ ਜਾਂਦੇ ਸਨ , ਮੰਗ ਮੌਕੇ ਤੇ ਪੂਰੀ ਨਾ ਹੋਣ ਤੇ ਮੁਕਾਬਲੇ ਬਣਾਏ ਜਾਂਦੇ ਰਹੇ ਹਨ। ਦੂਜੇ ਹਥਿਆਰਬੰਦ ਗੱਭਰੂਆਂ ਵੱਲੋਂ ਪੈਸੇ ਵਾਲੀਆਂ ਸਾਮੀਆਂ ਨੂੰ ਇਸੇ ਤਰੀਕੇ ਨਾਲ ਵਰਤਿਆ ਜਾਂਦਾ ਸੀ । ਤੇਜ਼ ਤਰਾਰ ਲੋਕ ਉਦੋਂ ਵੀ ਫਾਇਦਾ ਖੱਟ ਗਏ ਅਤੇ ਜਜ਼ਬਾਤੀ ਨੌਜਵਾਨ ਗੋਲੀ ਦੀ ਭੇਂਟ ਚੜ੍ਹਗੇ । ਹਥਿਆਰਬੰਦ ਲੜਾਈ ਦੀ ਗੱਲ ਕਰਨ ਵਾਲੇ ਕਿੰਨੇ ਵਿਅਕਤੀ ਹੁਣ ਤੱਕ ਸਰਕਾਰਾਂ ਦਾ ਹਿੱਸਾ ਰਹੇ ਹਨ , ਇਹ ਵੀ ਜਰੂਰ ਸੋਚੀਏ।

ਸਮੇਂ-ਸਮੇਂ 'ਤੇ 'ਖਾਲਿਸਤਾਨ' ਦੀ ਚਰਚਾ ਚੱਲਦੀ ਰਹਿੰਦੀ ਹੈ, ਹੁਣ ਫੇਰ ਇਹੋ ਜਿਹੀਆਂ ਕੁੱਝ ਘਟਨਾਵਾਂ ਨੂੰ ਖਾਲਿਸਤਾਨ ਨਾਲ ਜੋੜਿਆ ਜਾ ਰਿਹਾ । ਕੀ ਸੱਚ ਤੇ ਕਿੰਨਾ ਝੂਠ ਇਹ ਜਾਂਚ ਦਾ ਵਿਸ਼ਾ ਹੈ। ਪਰ ਸੋਚਣ ਵਾਲੇ ਗੱਲ ਕੀ ਪੰਜਾਬ ਦਾ ਨੌਜਵਾਨ ਅੱਜ ਵੀ ਹਥਿਆਰ ਚੁੱਕਣ ਨੂੰ ਤਿਆਰ ਹੈ ? ਕਿਉਂਕਿ ਹਰੇਕ 12ਵੀਂ ਪਾਸ ਬੱਚਾ ਤਾਂ ਜਹਾਜ਼ ਚੜ੍ਹ ਰਿਹਾ , ਜੇ ਕੋਈ ਰਹਿੰਦਾ ਹੈ ਤਾਂ ਉਹ ਆਰਥਿਕ ਪੱਖੋ ਜਾਂ ਪੜਾਈ ਪੱਖੋ ਕਮਜ਼ੋਰ ਜਵਾਕ ਇੱਥੇ ਰਹਿ ਰਿਹਾ , ਵਿਰਲੇ ਮਾਪੇ ਹੋਣਗੇ ਜਿੰਨ੍ਹਾਂ ਨੂੰ ਪੰਜਾਬ ਹਾਲੇ ਵੀ ਸੁਰੱਖਿਅਤ ਲੱਗਦਾ ਅਤੇ ਉਹ ਆਪਣੇ ਬੱਚੇ ਇੱਥੇ ਰੱਖ ਰਹੇ ਹਨ । ਬੇਰੁਜ਼ਗਾਰ, ਮਾਨਸਿਕ ਤੌਰ ਤੇ ਪ੍ਰੇਸ਼ਾਨ ਅਤੇ ਫੁਕਰਾਪੰਥੀ ਵਾਲੇ ਗਾਣਿਆਂ ਦੇ ਪੱਟੇ ਨੌਜਵਾਨ ਨਸ਼ੇ ਅਤੇ ਗੁੰਡਾਗਰਦੀ ਦੇ ਰਾਹ ਪਏ ਹਨ । ਨਸ਼ੇ ਵਾਲਿਆਂ ਵਿੱਚੋਂ ਵਿਰਲੇ ਹੀ ਛੁਟਕਾਰਾ ਪਾਉਂਦੇ , ਬਾਕੀ ਦੇਰ -ਸਵੇਰ ਸਿਵਿਆ ਦੇ ਰਾਹ ਤੁਰ ਰਹੇ ਹਨ, ਪੰਜਾਬੀਆਂ ਦਾ ਏ ਕੇ ਸੰਨਤਾਲੀ ਦੀ ਗੋਲੀ ਨੇ ਉਹ ਨੁਕਸਾਨ ਨਹੀਂ ਕੀਤਾ ਸੀ ਜਿਹੜਾ ਟੀਕੇ ਦੀ ਸੂਈ ਕਰ ਰਹੀ । ਬਾਕੀ ਕਸਰ ਪੂਰੀ ਗੈਂਗਸਟਰ ਕਲਚਰ ਨੇ ਕਰ ਦਿੱਤੀ ਹੈ।

ਪੰਜਾਬ, ਪੰਥ ਅਤੇ ਖਾਲਿਸਤਾਨ ਬਾਰੇ ਸੋਚਣ ਲਈ ਕਿੰਨੇ ਨੌਜਵਾਨ ਬਚੇ ਹਨ ?

ਜਿਹੜੇ ਨੌਜਵਾਨ ਅੱਜਕੱਲ੍ਹ ਅਤਿਵਾਦੀ ਗਤੀਵਿਧੀਆਂ ਕਰਕੇ ਗ੍ਰਿਫ਼ਤਾਰ ਹੋ ਰਹੇ ਹਨ ਇਹਨਾ ਵਿੱਚੋਂ ਜ਼ਿਆਦਾਤਰ ਗਰੀਬ ਘਰਾਂ ਨਾਲ ਸਬੰਧਿਤ ਹਨ, ਜਿੱਥੋਂ ਅਗਲੀ ਗੱਲ ਵੀ ਸਾਹਮਣੇ ਆਉਂਦੀ ਕਿ ਕੁੱਝ ਲੋਕ ਇਹਨਾਂ ਦੀ ਆਰਥਿਕ ਮੰਦਹਾਲੀ ਦਾ ਫਾਇਦਾ ਉਠਾ ਕੇ ਪੰਜਾਬ ਦੀ ਬਦਨਾਮੀ ਅਤੇ ਨੌਜਵਾਨੀ ਦਾ ਨੁਕਸਾਨ ਕਰਵਾ ਰਹੇ ਹਨ।

ਕੋਈ ਵੀ ਘਟਨਾ ਵਾਪਰ ਜਾਵੇ ਉਸ ਵਿੱਚ ਮੁੱਖ ਦੋਸ਼ੀਆਂ ਤੋਂ ਬਿਨਾ ਕਿੰਨੇ ਨੌਜਵਾਨ ਬਿਨਾ ਗੱਲ ਤੋਂ ਫਸ ਜਾਂਦੇ ਹ ਨ ।

ਜਿਹੜੇ ਵਿਅਕਤੀ ਖਾਲਿਸਤਾਨ ਦੀ ਹਮਾਇਤ ਕਰਦੇ ਹਨ ਤੁਸੀਂ ਖੁਦ ਅੰਦਾਜ਼ਾ ਲਾ ਸਕਦੇ ਕਿ ਉਹ ਪੰਜਾਬ 'ਚ ਕਿੰਨੇ ਕੁ ਹਨ , ਜਿਹੜੇ ਹੈਗੇ ਵੀ ਫੇਸਬੁੱਕ ਤੇ ਪ੍ਰੋਫਾਈਲ ਨੂੰ ਹਾਈਡ ਕਰਕੇ ਕੂਮੈਂਟ ਕਰਨ ਤੱਕ ਸੀਮਤ ਹੁੰਦੇ ਹਨ , ਜਿਸ ਕਰਕੇ ਨੌਜਵਾਨ ਉਹਨਾ ਦੀਆਂ ਗੱਲਾਂ 'ਚ ਆ ਵੀ ਜਾਂਦੇ ਹਨ। ਕੀਹਨੇ ਕਿਹੜੀ ਵਿਚਾਰਧਾਰਾ ਅਪਣਾਉਣੀ ਇਹ ਹਰੇਕ ਦਾ ਨਿੱਜੀ ਮਸਲਾ ਹੈ। ਮੇਰੀ ਸਲਾਹ ਹੈ ਉਹਨਾਂ ਨੌਜਵਾਨਾਂ ਨੂੰ ਜਿਹੜੇ ਸੋਸ਼ਲ ਮੀਡੀਆ ਰਾਹੀ ਅਜਿਹੇ ਲੋਕਾਂ ਦੇ ਸੰਪਰਕ 'ਚ ਆਉਂਦੇ ਹਨ । ਜਿੱਥੇ ਤੁਹਾਨੂੰ ਉਕਸਾਇਆ ਜਾਂਦਾ ਹੈ,ਉਹਨਾਂ ਤੋਂ ਸੁਚੇਤ ਰਹੋ , ਇਹ ਨਹੀਂ ਪਤਾ ਤੁਹਾਨੂੰ ਹੱਲਾਸ਼ੇਰੀ ਦੇਣ ਵਾਲਾ ਕੌਣ ਹੈ? ਤੁਹਾਡਾ ਲਿਖਿਆ ਇੱਕ ਵੀ ਸ਼ਬਦ ਤੁਹਾਡੇ ਲਈ ਵੱਡੀ ਮੁਸੀਬਤ ਬਣ ਸਕਦਾ ਹੈ। ਆਜ਼ਾਦ ਹਸਤੀ ਲਈ ਸੰਘਰਸ਼ ਕਰਨਾ ਲਾਜ਼ਮੀ ਹੈ , ਪਰ ਜਿਹੜੇ ਤੁਹਾਨੂੰ ਹਥਿਆਰ ਚੁੱਕ ਕੇ ਲੜਨ ਦੀ ਹੱਲਾਸ਼ੇਰੀ ਦਿੰਦੇ ਹਨ ਉਹ ਖੁਦ ਇਸ ਸਮੇਂ ਬਾਹਰਲੇ ਦੇਸਾਂ 'ਚ ਵਧੀਆ ਜਿੰਦਗੀ ਬਸਰ ਕਰਦੇ ਤੇ ਤੁਸੀ ਤੇ ਤੁਹਾਡੇ ਮਾਪੇ ਠਾਣੇ - ਕਚਿਹਰੀਆਂ ਦੇ ਚੱਕਰਾਂ ਜੋਗੇ ਰਹਿ ਜਾਂਦੇ ਹੋ।

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਦਿਉਲ ਪਰਿਵਾਰ ਦੇ ਲੜਕੇ ਉਮਰ 35 ਸਾਲ ,ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਡਿਵੋਰਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 778 682 4844 ਜਾਂ 1 431 998 0513 ***201***

### ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਆਟੋਮੋਬਾਇਲ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:403 466 6317 ਜਾਂ 403 402 7511***201***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਬਡਵਾਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 10 ਇੰਚ,ਵਿਦਿਅਕ ਯੋਗਤਾ : ਕੰਪਿਊਟਿਰ ਸਿਸਟਮ ਟੈਕਨੀਸ਼ਨ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 1 639 999 2726 ***201***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਪੰਜਾਬ ਦੇ ਜਲੰਧਰ ਜਿਲੇ ਨਾਲ ਸਬੰਧਿਤ ਹਿੰਦੂ ਖੱਤਰੀ ਪਰਿਵਾਰ ਦੀ ਵਿਧਵਾ ਲੜਕੀ ,ਉਮਰ 34 ਸਾਲ, ਵਿਦਿਅਕ ਯੋਗਤਾ :ਸੀ ਏ , ਸੀ ਐਫ ਏ ਲੈਵਲ ਵਨ ਅਤੇ ਬੀ ਕਾਮ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਰਿਸ਼ਤਾ ਹਿੰਦੂ ਜਾਂ ਸਿੱਖ ਖੱਤਰੀ ਪਰਿਵਾਰ ਦਾ ਹੀ ਵਿਚਾਰਿਆ ਜਾਵੇਗਾ ਪਰ ਕਨੇਡੀਅਨ ਰਿਸ਼ਤੇ ਨੂੰ ਪਹਿਲ ਹੋਵੇਗੀ।ਲੜਕੀ ਕੋਲ ਇੱਕ ਬੇਟਾ ਹੈ ਜਿਸ ਦੀ ਉਮਰ 7 ਸਾਲ ਹੈ। ਸੰਪਰਕ: 587 830 6511 ਜਾਂ 919417327521 ***201***

### ਜੀਵਨ ਸਾਥਣ ਦੀ ਲੋੜ

ਕਨੇਡਾ ਵਿਜਟਿਰ ਵੀਜਾ ਉੱਪਰ ਆਏ ਆਹਲੂਵਾਲੀਆਂ ਪਰਿਵਾਰ ਦੇ ਹਾਲੇ ਤੱਕ ਅਨਮੈਰਿਡ ,ਉਮਰ 55 ਸਾਲ,ਕੱਦ 5 ਫੁੱਟ 9 ਇੰਚ, ਇੰਗਲਿਸ਼ ਐਜੂਕੇਟਿਡ,ਡਿਪਲੋਮਾਂ ਇਨ ਇਲੈਕਟਰੋਨਿਕਸ, ਜਿਹਨਾਂ ਨੂੰ ਥੋੜੀ ਬੋਲਣ ਅਤੇ ਸੁਣਨ ਦੀ ਸਮੱਸਿਆ ਹੈ, ਲਈ ਹਾਣ ਪ੍ਰਵਾਣ ਦੀ ਜੀਵਨ ਸਾਥਣ ਦੀ ਲੋੜ ਹੈ। ਮੌਜੂਦਾ ਸਮੇਂ ਉਹ ਗੁੜਗਾਉਂ ਇਲੈਟਰੋਨਿਕਸ ਇੰਡਸਟਰੀ ਵਿੱਚ ਜੌਬ ਕਰਦੇ ਹਨ। ਉਹਨਾਂ ਦੇ ਮਾਤਾ ਪਿਤਾ ਅਤੇ ਭਰਾ ਕਨੇਡਾ ਹੀ ਸੈਟਲ ਹਨ। ਤਲਾਕ ਸੁਦਾ ਜਾਂ ਵਿਧਵਾ, ਸਰੀਰਕ ਤੌਰ ਤੇ ਡਿਸਐਵਿਲਿਟੀ ਵਾਲੀ ਔਰਤ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 613 619 6419 **200**

### ਲੜਕੇ ਦੀ ਲੋੜ

Respectable well educated simple Sikh Saini family seeking a suitable match for their beautiful daughter birth 89,5'5"tall,Canadian citizen, bachelor with honours from university of Calgary and well settled in Calgary. The boy should be Canadian/ US citizen ,professionally well educated,clean shaven, good looking tall handsome with modern values. Please contact with recent picture and bio data of the boy to raminder5@hotmail.com or call 403 400 7413. ***201***

### ਲੜਕੇ ਦੀ ਲੋੜ

ਆਸਟਰੇਲੀਆ ਪੱਕੀ, ਜੱਟ ਸਿੱਖ, ਜਨਵਰੀ 1987, ਕੱਦ 5 ਫੁੱਟ 6 ਇੰਚ, ਆਰ ਐਨ ਦੀ ਜੌਬ ਕਰਦੀ ਲੜਕੀ ਲਈ ਪੜ੍ਹੇ ਲਿਖੇ ਕਲੀਨਸ਼ੇਵ,ਚੰਗੀ ਜਾਇਦਾਦ ਵਾਲੇ,ਆਸਟਰੇਲੀਆ ਵਿੱਚ ਕੱਚੇ ਜਾਂ ਕਨੇਡੀਅਨ ਪੀ ਆਰ ਲੜਕੇ ਦੇ ਰਿਸਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ । ਵਟਸਅੱਪ ਕਾਲ ਜਾਂ ਮੈਸੇਜ ਕਰ ਸਕਦੇ ਹੋ । ਸੰਪਰਕ: 1 306 850 7047 ਜਾਂ 9815514808 ***200***

### ਲੜਕੀ ਦੀ ਲੋੜ

ਖ਼ਾਨਦਾਨੀ , ਇਮਾਨਦਾਰ ਪਰੀਵਾਰ ਦੇ ਟਾਂਕ ਕਸ਼ਤਰੀਆ ਸਰਾਂ ਦਰਜੀ "ਸਿੱਖ ,ਨਸ਼ਿਆਂ ਤੋ ਰਹਿਤ, ਵਿਦਿਅਕ ਯੋਗਤਾ : M. Sc. - ਬਾਗਬਾਨੀ (HORTICULTURE) ਕੱਦ 6 ਫੁੱਟ, ਇੰਡੀਆ ਰਹਿੰਦੇ ਮਿਹਨਤੀ ਇੱਕਲੋਤੇ ਲੜਕੇ ਲਈ ਕਨੇਡੀਅਨ ਇੰਮੀਗਰਾਟ ਜਾਂ ਸਿਟੀਜਨ ਲੜਕੀ ਦੀ ਜ਼ਰੂਰਤ ਹੈ ।ਲੜਕੇ ਦਾ ਦਾਦਕਾ ਪਰੀਵਾਰ ਕਨੇਡਾ ਵਿੱਚ ਵੈਲ ਸ਼ੈਟਲਡ ਹਨ; ਸੰਪਰਕ : 1- 416-509-6200 +917696774832 ***200***

### ਲੜਕੀ ਦੀ ਲੋੜ

ਇੰਡੀਆ ਰਹਿੰਦੇ ਮਠਾੜੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ,ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ B.tech (IT) ਮੌਜੂਦਾ ਸਮੇ Quality Analyst (Software tester) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 403 835 1983 ***200***

### ਲੜਕੀ ਦੀ ਲੋੜ

ਇੰਡੀਆ ਰਹਿੰਦੇ ਲੁਧਿਆਣਾ ਜਿਲੇ ਨਾਲ ਸਬੰਧਿਤ ਰਾਮਗੜੀਆ ਰੀਹਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 1994, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਕੰਪਿਊਟਿਰ ਐਪਲੀਕੇਸ਼ਨ,,ਸੀ ਐਨ ਸੀ ਪਲੱਸ ਆਟੋ ਕਾਰਡ, ਐਮ ਬੀ ਏ (ਐਚ ਆਰ ਐਂਡ ਮਾਰਕੀਟਿੰਗ) ਅਤੇ ਮੌਜੂਦਾ ਸਮੇ ਆਈ ਸੀ ਆਈ ਸੀ ਆਈ ਬੈਂਕ ਵਿੱਚ ਅਸਿੱਸਟੈਂਟ ਮੈਨਜਰ ਦੀ ਜੌਬ ਕਰ ਰਹੇ ਲਈ , ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦੇ ਪਿਤਾ ਦਾ ਆਪਣਾ ਬਿਜਨਿਸ ਹੈ। ਸੰਪਰਕ: 403 479 0616 ਜਾਂ 98145 65265 ***200***

### ਲੜਕੀ ਦੀ ਲੋੜ

ਰਾਮਗੜੀਆ ਪਰਿਵਾਰ ਦੇ ਸੋਹਣੇ ਸੁਨੱਖੇ ਵਰਕ ਪਰਮਿਟ ਉੱਪਰ ਕਨੇਡਾ ਰਹਿੰਦੇ ਲੜਕੇ ਉਮਰ 27 ਸਾਲ, ਕੱਦ 5 ਫੁੱਟ 7 ਇੰਚ, ਆਟੋਮੋਬਾਈਲ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਰਿਸ਼ਤੇ ਦੀ ਲੋੜ ਹੈ । ਸਟੂਡੈਂਟ ਵੀਜ਼ੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕਾ ਆਪਣੇ ਮਾਪਿਆਂ ਕੋਲ ਐਡਮਿੰਟਨ ਵਿਖੇ ਰਹਿੰਦਾ ਅਤੇ ਕੰਮ ਕਰਦਾ ਹੈ । ਕੋਈ ਜਾਤੀ ਬੰਧਨ ਨਹੀਂ ਹੈ। ਸੰਪਰਕ ਵਟਸਐਪ: 9876783675 ਜਾਂ 587 568 9846 **199**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਸਰਮਾ ਪਰਿਵਾਰ ਦੇ ਲੜਕੇ, ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਲਈ ਸੋਹਣੀ ਸੁਨੁੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 951 2853 ***195***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 31 ਸਾਲ, ਕੱਦ 5 ਫੁੱਟ 11 ਇੰਚ,,ਉੱਚ ਤਕਨੀਕੀ ਯੋਗਤਾ ਕਨੇਡਾ ਤੋਂ ਹੀ ਪਰਾਪਤ, ਵੈਲ ਸੈਟਲਡ ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਵਾਲੀ, ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 403 399 3205 ***199***

### ਲੜਕੀ ਦੀ ਲੋੜ

ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਵਰਕ ਪਰਮਿਟ ਉੱਪਰ ਕਨੇਡਾ ਆਏ ਲੜਕੇ, ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਹੌਸਪਿਟਲਟੀ ਮੈਨੇਜਮੈਂਟ ਡਿਪਲੋਮਾਂ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਫੈਡਰਲ ਇੰਮੀਗ੍ਰੇਸ਼ਨ ਫਾਈਲ ਸਬਮਿਟ ਕੀਤੀ ਹੋਈ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਸੰਪਰਕ: 1 825 735 0059 ***199***

### ਲੜਕੇ ਦੀ ਲੋੜ

Jatt Sikh parents seeking suitable match for their daughter Indian born, Canadian citizen, 35 years old, 5' 1" feet, B.TECH, working in a highly reputed Telecom company on a technical position. Boy should be well educated of decent values and belong to a good family. Cell No./ WhatsApp +1 825-365-3677 ***199***

### ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਚੰਗੀ ਜਾਇਦਾਦ ਦੇ ਮਾਲਕ ਸੋਹਣੇ ਸੁਨੱਖੇ ਲੜਕੇ ਜਨਮ 1996,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਬੀ ਐਸ ਸੀ ਨਯੁਟੀਕਲ ਸਾਇੰਸ,ਮਰਚੈਂਟ ਨੇਵੀ ਵਿੱਚ ਅਫਸਰ ਰੈਂਕ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 781 1959 ਈ ਮੇਲ: jasvirsidhu1988 @gmail.com ***198**

### ਲੜਕੀਆਂ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਗਰੈਜੂਏਟ ਵੈੱਲ ਸੈਟਲਡ ਸਕੇ ਭਰਾ, ਇੱਕ ਕਨੇਡੀਅਨ ਪੀ ਆਰ ਉਮਰ 29 ਸਾਲ ਕੱਦ 5 ਫੁੱਟ 8 ਇੰਚ ,ਅਤੇ ਦੂਸਰੇ ਉਮਰ 31 ਸਾਲ ਕੱਦ 6 ਫੁੱਟ ਵਿਜਟਿਰ ਵੀਜੇ ਉੱਪਰ ਆਏ ,ਇਹਨਾਂ ਦੋਵੇਂ ਲੜਕਿਆਂ ਲਈ 2 ਪੜੀਆਂ ਲਿਖੀਆਂ ਹੋਣਹਾਰ ਲੜਕੀਆਂ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 951 6503 ਜਾਂ 1 431 374 4686 ***198**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਬਾਠ ਪਰਿਵਾਰ ਦੇ ਲੜਕੇ ਉਮਰ 32 ਸਾਲ ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ ਆਈ ਟੀ ਆਈ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 780 803 4575 ਜਾਂ 587 532 9019 ***198**

### ਲੜਕੇ ਦੀ ਲੋੜ

Jatt sikh family seek a suitable match for their 5ft. 8 inch tall 28 years old daughter, Engineering Graduate from Canadian University and working with a reputed company. The Boy should be born or raised in Canada and well settled professional. Please send your recent pictures and bio-data to acheema8811@ gmail.com Or call 1 403 828 7973 ***198***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ, ਜਨਮ 1996, ਕੱਦ 5 ਫੁੱਟ 2 ਇੰਚ, ਹਸਪਤਾਲ ਵਿੱਚ ਫੁੱਲ ਟਾਈਮ ਮੈਡੀਕਲ ਅਸਿੱਸਟੈਂਟ ਦੀ ਜੌਬ ਕਰਦੀ, ਵਿਦਿਅਕ ਯੋਗਤਾ :ਆਈਲੈਟਸ ਸਾਢੇ ਛੇ ਬੈਂਡ, ਮੈਡੀਕਲ ਆਫਿਸ ਅਸਿੱਸਟੈਂਟ ਡਿਪਲੋਮਾਂ ਹੋਲਡਰ ਲਈ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦੇ ਨਾਨਕੇ ਦਾਦਕੇ ਸਭ ਕਨੇਡਾ ਹੀ ਸੈਟਲ ਹਨ। ਮਾਲਵਾ ਇਲਾਕੇ ਨੂੰ ਪਹਿਲ । ਸੰਪਰਕ: 1 204 952 2504 ***198***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 31 ਸਾਲ, ਕੱਦ 5 ਫੁੱਟ 3 ਇੰਚ,ਵਿਦਿਅਕ ਯੋਗਤਾ ਪਲੱਸ ਟੂ ਵਾਸਤੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਲੜਕਾ ਸਿਰਫ ਦੁਆਬਾ ਖੇਤਰ ਨਾਲ ਸਬੰਧਿਤ ਹੋਵੇ । ਸੰਪਰਕ:403 998 8473***203***

### ਲੜਕੇ ਦੀ ਲੋੜ

ਕਨੇਡੀਅਨ ਜੱਟ ਸਿੱਖ ਲੜਕੀ 1991/ ਕੱਦ 5 ਫੁੱਟ 2 ਇੰਚ, ਚੰਗੀ ਵਿਦਿਆ ਪ੍ਰਾਪਤ ਕਰਨ ਉਪਰੰਤ ਕੈਨੇਡਾ ਵਿੱਚ ਹੈਲਥ ਕੇਅਰ ਲੀਡਰਸ਼ਿੱਪ ਦੀ ਜੌਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਵਟਸਐਪ ਵੀ ਕਰ ਸਕਦੇ ਹੋ। ਸੰਪਰਕ: 1 204 894 0793

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਸਰਦਾਰੀ ਦਿੱਖ ਵਾਲੇ ਵੈੱਲ ਸੈਟਲਡ ਲੜਕੇ ਉਮਰ 30 ਸਾਲ, ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਿਰਫ ਕਨੇਡਾ ਰਹਿਣ ਵਾਲਿਆਂ ਨੂੰ ਹੀ ਪਹਿਲ। ਵਿਜਟਰ ਜਾਂ ਸਟੂਡੈਂਟ ਵੀਜੇ ਵਾਲੀਆਂ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਸਾਰਾ ਕਨੇਡਾ ਹੀ ਸੈਟਲਡ ਹੈ । ਸੰਪਰਕ: 403 614 2094 ਜਾਂ 403 971 6430 ***195***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜੀਆ ਵੈਲ ਸੈਟਲਡ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਜਨਮ 1993/ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ ਯੁਨੀਵਰਸਿਟੀ ਆਫ ਕੈਲਗਰੀ ਤੋਂ ਬੀ ਐਸ ਐਨ ਆਰ ਐਨ,ਦੀ ਡਿਗਰੀ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੇ ਚੰਗੇ ਪੜੇ ਲਿਖੇ ਰਾਮਗੜੀਆ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 402 9508 ***194***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਚੰਗੇ ਪੜੇ ਲਿਖੇ ਰਵੀਦਾਸੀਆ ਸਿੱਖ (ਮੋਹਲ) ਪਰਿਵਾਰ ਦੇ ਲੜਕੇ ਜਨਮ 1994/ ਕੱਦ 5 ਫੁੱਟ 9 ਇੰਚ, ਰੰਗ ਕਣਕਵੰਨਾ,ਵਿਦਿਅਕ ਯੋਗਤਾ : ਬੀ ਏ ਐਲ ਐਲ ਬੀ,ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਏਡੀਸੀ ਵਿਕਾਸ ਦੇ ਦਫਤਰੋਂ ਸੁਪਰਡੈਂਟ ਰਿਟਾਇਰ ਹੋਇਆ ਹੈ ਅਤੇ ਮਾਤਾ ਮੌਜਦਾ ਸਮੇ ਪੰਚਾਇਤ ਅਫਸਰ ਲੱਗੀ ਹੋਈ ਹੈ। ਲੜਕਾ ਇਸ ਵੇਲੇ ਆਪਣੀ ਪ੍ਰੈਕਟਿਸ ਕਰ ਰਿਹਾ ਹੈ । ਪੂਰਾ ਪਰਿਵਾਰ,ਸਮਾਜ ਸੇਵੀ,ਅਗਾਂਹਵਧੂ ਕਦਰਾ ਕੀਮਤਾਂ ਦਾ ਧਾਰਨੀ ਹੈ। ਪਿਛਲੇ 40 ਸਾਲਾਂ ਤੋਂ ਪਰਿਵਾਰ ਅੰਦਰ ਦਾਜ ਬੰਦ ਹੈ। ਸੰਪਰਕ: 0091 80541 16006 ***202***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਜਿਸ ਕੋਲ ਆਪਣਾ ਖੁਦ ਦਾ ਘਰ ਹੈ, ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ। ਸੰਪਰਕ: 403 615 0583 ***199***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

## ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ। ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ। ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ: 403 680 0436**

### ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੁਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***199***

## Hiring !

**Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract**

**Email: dclogistics4@gmail.com**

**Phone : 204-396-1696 , 204-891-0031**

## Name change

I, **Navneet Kaur** Daughter of Gurdeep Singh, Holder of Indian passport No.**J9577886**,issued at Jalandhar on 21-06-2012,permanent residing of v.p.o-Jalal Pur,Teh-Dasuya, Hoshiarpur, 144203, Punjab,INDIA and presently residing at **20-1580 Mill Woods Road East NW Edmonton, AB, T6L6W3 Canada** .Do hereby change my name from Navneet Kaur to **Navneet Kaur Multani** with immediate effect.

Contact : 587 708 7924     Date :15 May 2022

## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

## Hiring

**Hair and face art salon islooking for hairdresser (NOC CODE 6341) Applicants should have minimum of 1-2 years of experience.**
**Number of Vacancies :2**
**Wage rate: 20/hour fulltime job**
**Interested candidates please send your resume at email: hairandfaceart994@gmail.com**

## Need Nanny

Looking for a nanny live in or live out 5 days a week (Mon - Fri) to cook, clean, and babysit
0-5 year old
baby girl.
Salary: $12-$15 Per Hour
Gurpreet Suman & Pradeep Kaur Sandhu
City: Regina, SK
Contact Number 306-621-0987

## ਯੂਕਰੇਨ ਨੂੰ ਦੂਜੇ ਦੇਸ਼ਾਂ ਵੱਲੋਂ ਭੇਜੀ ਜਾ ਰਹੀ ਸਪਲਾਈ ਰੋਕਣ ਲਈ ਰੂਸ ਨੇ ਹਮਲੇ ਤੇਜ਼ ਕੀਤੇ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਯੂਕਰੇਨ ਯੁੱਧ ਦੇ ਵਿਚਾਲੇ ਯੂਕਰੇਨ ਦੇ ਹਮਾਇਤੀ ਦੇਸ਼ਾਂ ਵੱਲੋਂ ਭਾਵੇਂ ਉਨ੍ਹਾਂ ਦੀ ਫ਼ੌਜ ਤਾਂ ਰੂਸ ਦੇ ਖ਼ਿਲਾਫ਼ ਸਿੱਧੇ ਤੌਰ ਤੇ ਨਹੀਂ ਲੜ ਰਹੀ ਪਰ ਯੂਕਰੇਨ ਦੇ ਮਿੱਤਰ ਦੇਸ਼ਾਂ ਵੱਲੋਂ ਉਸ ਨੂੰ ਵੱਡੀ ਮਾਤਰਾ ਚ ਜੰਗੀ ਸਾਜ਼ੋ ਸਾਮਾਨ ਦੀ ਸਪਲਾਈ ਕੀਤੀ ਜਾ ਰਹੀ ਹੈ। ਜਿਸ ਦੇ ਆਸਰੇ ਯੂਕਰੇਨ ਦੀ ਫੌਜ ਰੂਸੀ ਫੌਜ ਨੂੰ ਸਖ਼ਤ ਮੁਕਾਬਲਾ ਦੇ ਰਹੀ ਹੈ ਅਤੇ ਰੂਸ ਵੱਲੋਂ ਯੂਕਰੇਨ ਨੂੰ ਹੋ ਰਹੀ ਇਸ ਸਪਲਾਈ ਨੂੰ ਰੋਕਣ ਲਈ ਹਮਲਿਆਂ ਵਿਚ ਤੇਜ਼ੀ ਲਿਆਂਦੀ ਗਈ ਹੈ।

## May is Moving Month - choose your mover carefully-Better Business Bureau

CALGARY (PAB) May is Moving Month at Better Business Bureau. Starting a new chapter of your life in a new home is exciting. Moving can also be a stressful event. Add in a lingering public health crisis and the stress can seem monumental and overwhelming.

That's why BBB and the Canadian Association of Movers (CAM) are partnering to share important information to consumers on how to properly plan their move.

"The best advice we can give you is to book with a reputable company as soon as possible," says Mary O'Sullivan-Andersen, President and CEO for BBB serving Southern Alberta and East Kootenay. "Moving company bookings are filling up at an impressive rate and we want to prevent consumers from turning to classified ads at the last minute, which would increase the risk of running into scammers or inexperienced movers."

"We are proud to partner with the CAM to offer advice and tips on how to hire a reliable mover who will deliver your belongings under expected conditions." Nancy Irvine, President of CAM says the key to a less stressful move is research. "We urge consumers to do their due diligence before hiring a mover.

"When trusting your belongings to someone, it's worth doing the background work to avoid heartache."

BBB and CAM also encourage consumers to be cautious to avoid moving scams.

Over the past year, we have received several reports of moving frauds on our tool BBB Scam Tracker. Some consumers report paying movers three times more than what was originally agreed upon. Others have been forced to pay hundreds, even thousands of dollars more in cash because of threats by dishonest movers not to deliver the goods and furniture to their new home or to unload the contents of the truck on the side of the road. Some consumers have paid hundreds of dollars in deposits to secure their reservations, only to be left without a mover on moving day.

"The majority of consumers who have reported moving scams have unfortunately come in contact with them through online classified ads," says O'Sullivan-Andersen. "When looking for a reputable mover, BBB and CAM suggest that you check the company's rating on BBB.org and its status with the Canadian Association of Movers. Both organizations provide reliable and relevant information on moving companies and contractors."

# Kajriwal and Mann shall fail to give Punjab a new outlook

This time the people of Punjab gave a thumping majority to Aam Aadmi Party rooting out all people from old political parties and they have done so to see that this new party shall be able to give them some reliefs. After independence and and after achieving this status of democracy, the Punjabis were hoping that they shall flourish. But here they had some movements which reduced Punjab into a village type unit and now there is no mountain, no dam, no minerals, no electricity generation unit, no capital of it sown and within decades, slowly and steadily all big corporate units left Punjab and there is now no hope of generating more employment in this state.



And we have already seen that this new Government had to take burden of arrear's of pay and allowances against Pay commission amounting to crore of rupees, to pay more on regularizing services of temporary employees, filling up of vacancies and all these burdens shall have to be met by taking loans from banks or from the Centre. The new government has also announced that they shall not impose new taxes and instead they have approached the Prime Minister to give them help.

The state has already announced some concessions for consumers of electricity and none know the period for which these concessions shall be available, and none knows from when the state shall bring all these amounts. They have also pronounced that they shall give rqation free to poor from October, next.

We know that this new government in Punjab has got no power to bring back old Punjab. Himachal Pradesh, Haryana, Chandigarh shall not come back and even we shall not take back Dams and electricity units. And when there is no income source, how all these committed expenses shall be met, none knows, and none has come to explain to us. And if this new government of Kajriwal and Maan fails, the people of Punjab shall be having no hope and they shall be at loss as to who should be elected next timer in Punjab. All other parties had trial periods and results are before us and no new arty is there who had some plans, schemes, and projects for the state of Punjab.

And if these are the situations, we shall have to admit that Punjab had been the most sufferer afterpartition of this country and now all political parties shall be just giving out false hopes to Punjabis. Because of unemployment in Punjab most of its youths have already left Punjab and are trying to settle in otherrcountriesa and this state shall be left for only old and infirm people.

Time has come when government of India may establish a Commission which may come out with a report suggesting geographical areas of each state which could go ahead and develop properly. Reducing states like Punjab is not the right policy and Punjabis should not suffer because of wrong movement's initiated by politicians for benefits of their own. All movements-initiated update has reduced this Punjab into a village, leaving no hope of development.

**Dalip Singh Wasan, Advocate.**
**101-C Vikas Colony, Patiala, Punjab, India**
**Email : dalipsinghwassan@yahoo.co.in**

# ਮੱਤਾਂ ਦੇਣ ਜੋਗਾ



ਜਗਮੀਤ ਸਿੰਘ ਪੰਧੇਰ
ਵਿਨੀਪੈੱਗ

ਮਹੀਨਾ ਕੁ ਹੋ ਗਿਆ ਸੀ ਰਾਜੇ ਨੂੰ ਕਨੇਡਾ ਗਿਆਂ।ਘਰਦਿਆਂ ਦਾ ਇਕੱਲਾ ਇਕੱਲਾ ਪੁੱਤ ਤੇ ਦਸ ਕਿੱਲੇ ਜ਼ਮੀਨ ਦੇ, ਕੋਈ ਘਾਟਾ ਨਹੀਂ ਸੀ ਇੱਥੇ ਵੀ ਪਰ ਉਸਦੀ ਜਿੱਦ ਤੇ ਮਾਪਿਆਂ ਦੇ ਚਾਅ ਨੇ ਉਸਨੂੰ ਆਖਰ ਕਨੇਡਾ ਪੁਚਾ ਦਿੱਤਾ ਸੀ।ਕਿਸੇ ਜਾਣਕਾਰ ਨੇ ਫੈਕਟਰੀ ਵਿੱਚ ਕੰਮ ਵੀ ਦਿਵਾ ਦਿੱਤਾ ਸੀ।ਭਾਵੇਂ ਉਹ ਅਪਣੇ ਕਿਸੇ ਦੂਰ ਦੇ ਰਿਸ਼ਤੇਦਾਰ ਦੇ ਘਰ ਕਿਰਾਏ ਅਤੇ ਖਾਣੇ ਦਾ ਬਣਦਾ ਹਿੱਸਾ ਦੇਣ ਦੀ ਗੱਲ ਖੋਲ੍ਹ ਕੇ ਹੀ ਰਹਿਣ ਲੱਗਿਆ ਸੀ ਪਰ ਸਵੇਰੇ ਟਾਈਮ ਤੇ ਉੱਠ ਕੇ ਕੰਮ ਤੇ ਜਾਣਾ ਤੇ ਵਾਪਸ ਆ ਕੇ 'ਬਿਗਾਨੇ ਚੁੱਲ੍ਹੇ' ਵੱਲ ਝਾਕੀ ਜਾਣਾ ਉਸਨੂੰ ਬਹੁਤ ਰੜਕਦਾ ਸੀ।ਰਾਤ ਨੂੰ ਬੇਸਮੈਂਟ ਵਿੱਚ ਪਏ ਨੂੰ ਉਸਨੂੰ ਨੀਂਦ ਨਾ ਆਉਂਦੀ। ਜੇ ਅੱਖ ਲੱਗਦੀ ਵੀ ਤਾਂ ਪਿੰਡ ਵਾਲੀ ਆਲੀਸ਼ਾਨ ਕੋਠੀ ਦੇ ਏਅਰ-ਕੰਡੀਸ਼ਨ ਬੈੱਡ ਰੂਮ ਦੇ ਸੁਪਨੇ ਹੀ ਆਈ ਜਾਂਦੇ ਤੇ ਮੰਮੀ ਦੀਆਂ ਰੋਟੀ ਖਾਣ ਲਈ ਵਾਰ ਵਾਰ ਮਾਰੀਆਂ ਆਵਾਜ਼ਾਂ ਕੰਨਾਂ ਵਿੱਚ ਗੂਜਣ ਲੱਗਦੀਆਂ।ਸ਼ਰੀਰਕ ਅਤੇ ਮਾਨਸਿਕ ਤੌਰ ਤੇ ਭਾਵੇਂ ਉਹ ਕਾਫੀ ਔਖਾ ਸੀ ਪਰ ਹਰ ਰੋਜ਼ ਘਰ ਫੋਨ ਕਰਕੇ 'ਸਭ-ਅੱਛਾ' ਦੀ ਸੂਚਨਾ ਦੇ ਕੇ ਘਰਦਿਆਂ, ਖਾਸ ਕਰਕੇ ਆਪਣੀ ਮੰਮੀ ਦਾ ਮਨ ਗੱਲਾਂ ਬਾਤਾਂ ਨਾਲ ਹੀ ਖੁਸ਼ ਕਰਦਾ ਰਹਿੰਦਾ ਸੀ।ਪਰ ਅੱਜ ਜਦੋਂ ਉਹ ਕੰਮ ਤੋਂ ਆਇਆ ਤਾਂ ਬਹੁਤ ਉਦਾਸ ਸੀ ਕਿਉਂਕਿ ਕੰਮ ਤੇ ਉਸਨੂੰ ਸੁਪਰਵਾਈਜ਼ਰ ਨੇ ਕਿਸੇ ਕਾਰਨ ਥੋੜਾ ਜਿਹਾ ਟੋਕ ਦਿੱਤਾ ਸੀ।ਉਸਨੂੰ ਗੁੱਸਾ ਵੀ ਆਇਆ ਪਰ ਲੰਮੀ ਸੋਚ ਕੇ ਸਹਿਣ ਕਰ ਗਿਆ ਸੀ।

ਬੇਸਮੈਂਟ ਵਿੱਚ ਵੜ, ਪਾਣੀ ਦਾ ਗਲਾਸ ਪੀਣ ਸਾਰ ਉਸਨੇ ਪਿੰਡ ਫੋਨ ਲਾ ਲਿਆ।ਘੰਟੀ ਵੱਜੀ ਤਾਂ ਕਰਮ ਸਿਉਂ ਨੇ ਨੰਬਰ ਦੇਖ ਕੇ ਝੱਟ ਰਾਜੇ ਦੀ ਮੰਮੀ ਨੂੰ ਆਵਾਜ਼ ਮਾਰੀ," ਮਖਿਆ ਚਰਨੋਂ, ਹੁਣ ਤਾਂ ਉੱਠ ਖੜ੍ਹ ਰਾਜੇ ਦਾ ਫੋਨ ਆਇਐ"।

"ਕਿਉਂ ਡੈਡੀ, ਮੰਮੀ ਹਾਲੇ ਉੱਠੀ ਨੀ? ਰਾਜੀ ਤਾਂ ਹੈ?" ਦੂਜੇ ਪਾਸਿਉਂ ਚਿੰਤਾ ਭਰੀ ਅਵਾਜ਼ ਆਈ।

"ਓ ਨਹੀਂ, ਊਂ ਤਾਂ ਠੀਕ ਠਾਕ ਐ, ਬੱਸ ਤੈਥੋਂ ਪਿੱਛੋਂ ਆਲਸੀ ਜਿਹੀ ਹੋ ਗੀ।ਬਥੇਰੀ ਵਾਰੀ ਕਿਹੈ ਬਈ ਸਾਝਰੇ ਉੱਠਿਆ ਕਰ।ਕਹਿ ਦਿੰਦੀ ਐ, ਹੁਣ ਮੈਂ ਕੀ ਕਮਾਈ ਕਰਨੀ ਐ ਸਾਝਰੇ ਉੱਠ ਕੇ।ਆਹ ਦੇਖ ਲੀਂ ਹੁਣ ਭੱਜੀ ਆਊ। ਹੋਰ ਸੁਣਾ ਕਿਵੇਂ ਐ ਕੰਮ ਕਾਰ?" ਗੱਲ ਨੂੰ ਹਾਸੇ ਵਿੱਚ ਟਾਲ ਕੇ ਕਰਮ ਸਿਉਂ ਨੇ ਹਰ ਰੋਜ਼ ਵਾਂਗ ਰਟਿਆ ਰਟਾਇਆ ਸਵਾਲ ਕੀਤਾ।

"ਡੈਡੀ, ਉਹ ਰਾਮੂੰ ਆਪਣੇ ਨਾਲ ਹੀ ਕੰਮ ਕਰੀ ਜਾਂਦੈ ਕਿ ਹਟ ਗਿਆ?" ਬਾਪੂ ਦੀ ਗੱਲ ਅਣਸੁਣੀ ਜਿਹੀ ਕਰਕੇ ਰਾਜੇ ਨੇ ਪੁੱਛਿਆ।

"ਰਾਮੂੰ?... ਓ ਅੱਛਾ, ਉਹ ਭਈਆ। ਆਹੋ ਉਹਨੇ ਸਾਲੇ ਨੇ ਹੋਰ ਕਿੱਥੇ ਜਾਣੈ ਉਹ ਤਾਂ ਆਪਣੇ ਜੋਗਾ ਈ ਐ।ਪਰ ਕੀ ਗੱਲ?" ਕਰਮ ਸਿਉਂ ਨੂੰ ਰਾਜੇ ਦੇ ਸਵਾਲ ਨਾਲ ਕੁੱਝ ਹੈਰਾਨੀ ਜਿਹੀ ਹੋਈ।

" ਕੁਸ ਨੀ ਬੱਸ ਮੈਂ ਤਾਂ ਥੋਨੂੰ ਏਹੀ ਕਹਿਣਾ ਸੀ ਬਈ ਉਹਨੂੰ ਅੱਗੇ ਤੋਂ ਘੂਰਿਓ ਨਾ ਤੇ ਨਾ ਹੀ ਗਾਲ਼ ਕੱਢਿਓ।ਓ ਕੇ... ਬਾਏ।" ਰਾਜੇ ਨੇ ਫੋਨ ਕੱਟ ਦਿੱਤਾ ਤੇ ਉਸਦਾ ਡੈਡੀ ਹੈਲੋ ਹੈਲੋ ਕਰਦਾ ਹੀ ਰਹਿ ਗਿਆ।

ਕਾਹਲੀ ਨਾਲ ਤੁਰੀ ਆਉਂਦੀ ਰਾਜੇ ਦੀ ਮੰਮੀ ਦੂਰੋਂ ਹੀ ਬੋਲੀ," ਲਿਆ ਫੜ੍ਹਾ ਮੇਰੇ ਨਾਲ ਗੱਲ ਕਰਾ ਦੇ। ਕੀ ਕਹਿੰਦੈ ?" "ਉਹਨੇ ਤਾਂ ਫੋਨ ਕੱਟ ਤਾ", ਡੂੰਘੀ ਸੋਚ 'ਚ ਡੁੱਬੇ ਕਰਮ ਸਿਉਂ ਦੇ ਮੂੰਹੋਂ ਨਿਕਲਿਆ। ਹੈਂ ਕੱਟ ਤਾ, ਐਨੀ ਛੇਤੀ, ਉਹ ਤਾਂ ਘੰਟਾ ਘੰਟਾ ਗੱਲਾਂ ਕਰਦਾ ਰਹਿੰਦੈ ਅੱਗੇ ਤਾਂ। ਸੁੱਖ ਤਾਂ ਹੈ?" ਚਰਨੋ ਨੂੰ ਫਿਕਰ ਹੋ ਗਿਆ। " ਸੁੱਖ ਹੀ ਐ। ਬੱਸ, ਮੈਨੂੰ ਲੱਗਦੈ ਆਪਣਾ ਰਾਜਾ ਹੁਣ ਆਪਾਂ ਨੂੰ ਮੱਤਾਂ ਦੇਣ ਜੋਗਾ ਹੋ ਗਿਆ"। ਰਾਜੇ ਦੇ ਡੈਡੀ ਦੇ ਚਿਹਰੇ ਤੇ ਤਸੱਲੀ ਭਰੀ ਖੁਸ਼ੀ ਦੇਖ ਕੇ ਚਰਨੋ ਦੇ ਮਨ ਨੂੰ ਵੀ ਟਿਕਾ ਜਿਹਾ ਆ ਗਿਆ।

# ਓਨਟਾਰੀਓ ਵਿਧਾਨ ਸਭਾ ਚੋਣਾਂ ਲਈ ਸਿਆਸੀ ਪਾਰਟੀਆਂ ਵੱਲੋਂ ਕੀਤੇ ਜਾ ਰਹੇ ਵੱਡੇ ਵੱਡੇ ਵਾਅਦੇ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਦੋ ਜੂਨ ਨੂੰ ਹੋ ਰਹੀਆਂ -ਟਾਰੀ- ਦੀਆਂ ਵਿਧਾਨ ਸਭਾ ਚੋਣਾਂ ਲਈ ਸਾਰੀਆਂ ਹੀ ਪ੍ਰਮੁੱਖ ਸਿਆਸੀ ਪਾਰਟੀਆਂ ਵੱਲੋਂ ਆਪਣੇ ਚੋਣ ਪ੍ਰਚਾਰ ਵਿਚ ਕਾਫੀ ਤੇਜ਼ੀ ਲਿਆਂਦੀ ਗਈ ਹੈ। ਚੋਣ ਪ੍ਰਚਾਰ ਦੌਰਾਨ -ਟੈਰੀ- ਪੀਸੀ ਪਾਰਟੀ ਦੇ ਲੀਡਰ ਡੱਗ ਫੋਰਡ ਨੇ ਵਾਅਦਾ ਕੀਤਾ ਕਿ ਜੇਕਰ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਉਹ ਸੂਬੇ ਵਿੱਚ ਲਾਈਸੈਂਸ ਪਲੇਟ ਸਟਿੱਕਰ ਦੀ ਫੀਸ ਖਤਮ ਕਰ ਦੇਣਗੇ। ਇਸ ਤੋਂ ਇਲਾਵਾ ਹਾਈਵੇਅ 412 ਤੇ 418 ਤੋਂ ਟੋਲ ਖ਼ਤਮ ਕੀਤਾ ਜਾਵੇਗਾ। ਗੈਸ ਟੈਕਸ ਵਿੱਚ ਕਟੌਤੀ ਕੀਤੀ ਜਾਵੇਗੀ। ਉਨ੍ਹਾਂ ਅੱਗੇ ਆਖਿਆ ਕਿ ਡੇਢ ਮਿਲੀਅਨ ਨਵੇਂ ਘਰ ਉਸਾਰੇ ਜਾਣਗੇ ਤਾਂ ਕਿ ਜ਼ਿਆਦਾ ਤੋਂ ਜ਼ਿਆਦਾ ਪਰਿਵਾਰ -ਨਟੈਰੀ- ਵਿੱਚ ਆ ਕੇ ਵਸ ਸਕਣ। ਇਸ ਦੇ ਨਾਲ ਹੀ ਉਨ੍ਹਾਂ ਆਖਿਆ ਕਿ -ਟਾਰੀ- ਵਿੱਚ ਇਲੈਕਟ੍ਰੀਕਲ ਵਾਹਨਾਂ ਦੇ ਉਤਪਾਦਨ ਦੇ ਨਾਲ ਵੱਡੀ ਗਿਣਤੀ ਚ ਨੌਕਰੀਆਂ ਪੈਦਾ ਹੋਣਗੀਆਂ ਡੱਗ ਫੋਰਡ ਵੱਲੋਂ ਇਸ ਮੌਕੇ ਸੰਕੇਤਕ ਤੌਰ ਤੇ ਲਾਈਸੈਂਸ ਪਲੇਟ ਉੱਪਰੋਂ ਸਟਿੱਕਰ ਵੀ ਹਟਾਇਆ ਗਿਆ।ਓਨਟਾਰੀਓ ਐਨਡੀਪੀ ਦੀ ਲੀਡਰ ਐਂਡਰੀਆ ਹੌਰਵਥ ਵੱਲੋਂ ਸਕਾਰਬਰੋ ਵਿੱਚ ਚੋਣ ਪ੍ਰਚਾਰ ਮੌਕੇ ਉਨ੍ਹਾਂ ਪਾਰਟੀ ਦੇ ਡੈਂਟਲ ਕੇਅਰ ਪਲਾਨ ਦਾ ਐਲਾਨ ਕਰਦਿਆਂ ਆਖਿਆ ਕਿ ਡੈਂਟਲ ਕੇਅਰ ਵੀ ਹੈਲਥ ਕੇਅਰ ਜਿੰਨੀ ਜ਼ਰੂਰੀ ਹੈ। ਅੱਜ ਹਾਲਾਤ ਇਹ ਹਨ ਕਿ ਜੇਕਰ ਕਿਸੇ ਪਰਿਵਾਰ ਨੇ ਆਪਣੇ ਬੱਚਿਆਂ ਦੇ ਦੰਦਾਂ ਦਾ ਇਲਾਜ ਕਰਵਾਉਣਾ ਹੈ ਤਾਂ ਇਸ ਗੱਲੋਂ ਟਾਲਾ ਵੱਟ ਜਾਂਦੇ ਹਨ ਕਿ ਇਹ ਬੇਹੱਦ ਮਹਿੰਗਾ ਹੈ ਅਤੇ ਉਨ੍ਹਾਂ ਦੇ ਬਜਟ ਤੋਂ ਬਾਹਰ ਹੁੰਦਾ ਹੈ। ਇਸ ਲਈ ਉਨ੍ਹਾਂ ਆਖਿਆ ਕਿ ਜੇਕਰ ਐਨਡੀਪੀ ਸੱਤਾ ਵਿੱਚ ਆਉਂਦੀ ਹੈ ਤਾਂ ਡੈਂਟਲ ਕੇਅਰ ਨੂੰ ਮੁਫ਼ਤ ਕੀਤਾ ਜਾਵੇਗਾ। ਉੱਧਰ ਓਨਟਾਰੀਓ ਲਿਬਰਲ ਪਾਰਟੀ ਦੇ ਲੀਡਰ ਸਟੀਵਨ ਡੇਲ ਡੂਟਾ ਨੇ ਐਲਾਨ ਕੀਤਾ ਕਿ ਲਿਬਰਲ ਪਾਰਟੀ ਦੀ ਸਰਕਾਰ ਬਣਨ ਤੇ ਸੂਬੇ ਦੇ ਪਬਲਿਕ ਸਕੂਲਾਂ ਵਿੱਚ ਹਰੇਕ ਕਲਾਸ ਦਾ ਸਾਈਜ਼ 20 ਵਿਦਿਆਰਥੀਆਂ ਦਾ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ 10,000 ਅਧਿਆਪਕਾਂ ਦੀ ਭਰਤੀ ਕੀਤੀ ਜਾਵੇਗੀ। ਇਸ ਦੇ ਨਾਲ ਹੀ ਡੂਟਾ ਨੇ ਆਖਿਆ ਕਿ ਲਾਜ਼ਮੀ ਆਨਲਾਈਨ ਲਰਨਿੰਗ ਨੂੰ ਖ਼ਤਮ ਕੀਤਾ ਜਾਵੇਗਾ।

## ਤੇਰੀ ਦਿੱਲੀ ਮੇਰਾ ਆਗਰਾ ਆਹਮੋ ਸਾਹਮਣੇ
## ਨੂੰਹ ਸੱਸ ਦਾ ਮੁਕਾਬਲਾ ਆਹਮੋ ਸਾਹਮਣੇ

ਮੇਰੀ ਸੱਸ ਬੜੀ ਕੁਪੱਤੀ ਮੈਨੂੰ ਪਾਉਣ ਨਾ ਦੇਵੇ ਜੁੱਤੀ ਮਹਿੰਗੀ ਜੁੱਤੀ ਪਾਉਣੀ ਆਂ
ਮੁੰਡਿਆਂ ਰਾਜ਼ੀ ਰਹਿ ਜਾਂ ਗੁੱਸੇ ਮੈਂ ਤੇਰੀ ਮਾਂ ਖੜਕਾਉਣੀ ਐਂ

ਸੁਣ ਨੀਂ ਕੁੜੀਏ ਸੁਣ ਮੁਟਿਆਰੇ ਤੈਨੂੰ ਮੈਂ ਸਮਝਾਵਾਂ
ਨੀਂ ਜੇ ਤੂੰ ਮਾਂ ਨੂੰ ਹੱਥ ਵੀ ਲਾਇਆ ਪੂਰਾ ਸੌ ਘੁਮਾਵਾਂ
ਨੀ ਤੇਰੇ ਵਰਗੀ ਨੂੰ ਨਾਭਾ ਜੇਲ੍ਹ ਦਿਖਾਵਾਂ

ਸੱਸ ਮੇਰੀ ਨੇ ਮੁੰਡੇ ਜੰਮੇ ਜੰਮ ਜੰਮ ਭਰੀ ਰਸੋਈ
ਸਾਰੇ ਮਾਂ ਵਰਗੇ ਪਿਉ ਵਰਗਾ ਨਾ ਕੋਈ

ਮਾਂ ਸੀ ਪੂਰੀ ਠਾਣੇਦਾਰਨੀ ਪਿਓ ਸੀ ਮੁਨੀਮੀ ਕਰਦਾ
ਨੀਂ ਮੁੰਡੇ ਉਹਦੇ ਉੱਚੇ ਲੰਮੇ ਗੋਰਾ ਰੰਗ ਮਾਂ ਵਰਗਾ,
ਕਹਿੰਦਾ ਸੀ ਹਰ ਕੋਈ
ਨੀਂ ਸਾਰੇ ਮਾਂ ਵਰਗੇ ਪਿਉ ਵਰਗਾ ਨਾ ਕੋਈ

ਪੇਕਿਆਂ ਦੇ ਘਰ ਖੁੱਲ੍ਹਾ ਵਿਹੜਾ ਸਹੁਰਿਆਂ ਦੇ ਭੀੜੀ ਥਾ
ਵੇ ਜਾਹ ਮੈਂ ਨ੍ਹੀਂ ਵੱਸਣਾ ਕੁਪੱਤੀ ਤੇਰੀ ਮਾਂ

ਮਾਰ ਟਪੂਸੀ ਕਾਰ ਚ ਵਹਿੰਦੀ ਸ਼ਾਮਾਂ ਨੂੰ ਘਰ ਵੜਦੀ ਏ
ਝਾਟਾ ਪੁੱਟਣ ਨਿਆਣੇ ਘਰ ਵਿੱਚ ਫੇਰ ਕਹੇ ਸੱਸ ਲੜਦੀ ਐ

ਸਾਰਾ ਦਿਨ ਬੇਬੇ ਸਾਡੀ ਆਨ ਲਾਈਨ ਰਹਿੰਦੀ ਹੈ
ਫੇਸ ਬੁੱਕ ਤੇ ਅਕਾਊਂਟ ਬਣਾਇਆ ਨੀ ਹੁਣੇ ਨੱਚ ਕੇ ਸਟੇਟਸ ਪਾਇਆ ਨੀਂ

ਤੂੰ ਵੀ ਕੁੜੀਏ ਕਿਹੜਾ ਘੱਟ ਨੀ ਤੈਨੂੰ ਸੱਚ ਸੁਣਾਉਂਦੀ
ਨੀਂ ਟਿਕ ਟਾਕ ਤੇ ਪਾ ਕੇ ਪੋਸਟਾਂ ਹੱਸਦੀ ਅਤੇ ਹਸਾਉਂਦੀ
ਨੀਂ ਜੂਠੇ ਭਾਂਡਿਆਂ ਦੇ ਤੂੰ ਨੇੜੇ ਨਾ ਆਉਂਦੀ

ਕਲਜੁਗ ਆਇਆ ਬੁੜ੍ਹੀ ਗਿੱਧਿਆਂ ਚ ਨੱਚਦੀ
ਨਾ ਕੁੜੀਓ ਮੇਰੇ ਗੋਡੇ ਦੁਖਦੇ ਨਾ ਦੁਖਦੇ ਨੇ ਮੋਢੇ
ਗਿੱਧੇ ਵਿੱਚ ਨੱਚੂਗੀ ਸੱਤਰ ਸਾਲ ਦੀ ਬੇਬੇ

ਦੇਖੋ ਕੁੜੀਓ ਨੀਂ ਮੇਰੀ ਸੱਸ ਤੁਰੀ ਆਉਂਦੀ ਐ
ਝੋਲੇ ਦੇ ਵਿੱਚ ਖਿੱਲਾਂ ਪਿੱਛੇ ਕੁੱਤੇ ਲਾਈ ਆਉਂਦੀ ਐ

ਸੁਣ ਨੀਂ ਕੁੜੀਏ ਸੁਣ ਮੁਟਿਆਰੇ ਦੱਸ ਕਿਉਂ ਝੇੜਾਂ ਕਰਦੀ ਆਂ
ਮੇਰਾ ਦਾਨ ਪੁੰਨ ਦਾ ਵੇਲਾ ਮੈਂ ਤਾਂ ਉਹੀ ਕਰਦੀ ਆਂ

ਬਾਗਾਂ ਦੇ ਵਿੱਚ ਰੁੱਖ ਬਥੇਰੇ ਕੱਲੀ ਰਹਿਗੀ ਬੇਰੀ
ਨੀ ਬੁੱਢੀ ਹੋਗੀ ਅਤਰ ਕੁਰੇ ਹੁਣ ਢਲ ਗਈ ਜਵਾਨੀ ਤੇਰੀ

ਜਦੋਂ ਜ਼ੁਬਾਨੀ ਝੱਲੀ ਸੀ ਨੀ ਕੁੜੀਓ
ਥੋਡਾ ਬਾਪੂ ਸਾਈਕਲ ਮੈਂ ਵੀ ਟੱਲੀ ਸੀ ਨੀ ਕੁੜੀਓ

ਕੋਈ ਵੇਚੇ ਸੁੰਢ ਜਵੈਣ ਕੋਈ ਵੇਚੇ ਰਾਈ
ਸੱਸੇ ਨੀ ਬਾਰਾਂ ਤਾਲੀਏ ਮੈਂ ਤੇਰਾਂ ਤਾਲੀ ਆਈ

ਹੁਣ ਤਾਂ ਜਵਾਨੀ ਮੁੱਕ ਗਈ ਨੀ ਕੁੜੀਓ
ਬਾਪੂ ਥੋਡਾ ਕੁੱਬਾ ਮੈਂ ਵੀ ਸੁੱਕ ਗਈ ਨੀ ਕੁੜੀਓ

ਸੱਸ ਮੇਰੀ ਨੇ ਮੁੰਡੇ ਜੰਮੇ ਇੱਕ ਬੱਕਰੀ ਇੱਕ ਲੇਲਾ
ਨੀਂ ਮਾਂ ਜੀ ਇਹ ਕੀ ਰੌਣਕ ਮੇਲਾ

ਨੀਂ ਬੱਕਰੀ ਦਾ ਤਾਂ ਹੋਵੇ ਮੇਮਣਾ ਭੇਡ ਦਾ ਹੋਵੇ ਲੇਲਾ
ਨੀ ਤੂੰ ਬੇਤੁਕੀਆਂ ਗੱਲਾਂ ਕਰਦੀ ਬੁੱਧੀ ਵਾਂਗ ਚੁੜੇਲਾਂ
ਤੈਨੂੰ ਗੱਲ ਅਕਲ ਦੀ ਦੱਸਾਂ ਮਾਵਾਂ ਹੀਰੇ ਜੰਮਦੀਆਂ ਨੇ
ਸਾਡੇ ਹੀਰੇ ਪੁੱਤਾਂ ਪਿੱਛੇ ਫੇਰ ਚੁੜੇਲਾਂ ਲੱਗਦੀਆਂ ਨੇ

ਲੈ ਸੱਸੀਏ ਤੈਨੂੰ ਮੰਜੀ ਡਾਹ ਦਿਆਂ ,ਪਾਣੀ ਲਿਆ ਦਿਆਂ ਠੰਢਾ ਠਾਰ ਸੱਸੇ ਮੇਰੀਏ
ਤੇਰੇ ਨਾਲ ਮੇਰਾ ਗੂੜ੍ਹਾ ਪਿਆਰ ਸੱਸੇ ਮੇਰੀਏ
ਲੈ ਨੂੰਹੇ ਤੈਨੂੰ ਰੋਟੀ ਲਾਹ ਦਿਆਂ, ਖਾ ਲੈ ਤੂੰ ਵੀ ਨਾਲ ਪਿਆਰ ਨੂੰਹੇ ਮੇਰੀਏ
ਤੂੰ ਤਾਂ ਸਾਡੇ ਘਰ ਦਾ ਸ਼ਿੰਗਾਰ ਨੂੰਹੇ ਮੇਰੀਏ



ਸੁਰਿੰਦਰ ਕੌਰ ਗਰੇਵਾਲ
1 825 431 9045

# ਕੋਰੋਨਾ ਵਾਇਰਸ ਦੇ ਓਮੀਕਰੌਨ ਵੇਰੀਅੰਟ ਦੇ ਦੋ ਨਵੇਂ ਸਬ ਵੈਰੀਐਂਟਸ ਸਾਹਮਣੇ ਆਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵਿਸ਼ਵ ਸਿਹਤ ਸੰਗਠਨ ਯਾਨੀ ਡਬਲਿਊ ਐਚ – ਦੇ ਮੁਖੀ ਡਾ ਟੈਡਰਸ ਅਡਹੇਨਮ ਨੇ ਕੋਰੋਨਾ ਮਹਾਂਮਾਰੀ ਦੀ ਤਾਜ਼ਾ ਸਥਿਤੀ ਉੱਪਰ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਦੁਨੀਆ ਭਰ ਵਿੱਚ ਕੋਰੋਨਾ ਮਾਮਲਿਆਂ ਵਿੱਚ ਕਮੀ ਆ ਰਹੀ ਹੈ ਅਤੇ ਕਰੋਨਾ ਮਹਾਂਮਾਰੀ ਕਾਰਨ ਹੋ ਰਹੀਆਂ ਮੌਤਾਂ ਦੀ ਦਰ ਮਾਰਚ 2020 ਤੋਂ ਲੈ ਕੇ ਹੁਣ ਤਕ ਸਭ ਤੋਂ ਹੇਠਲੇ ਪੱਧਰ ਤੇ ਪਹੁੰਚ ਗਈ ਹੈ ਪਰ ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਅਮਰੀਕਾ ਅਤੇ ਅਫ਼ਰੀਕਾ ਵਿੱਚ ਓਮੀਕਰੋਨ ਦੇ ਸਬ ਵੇਰੀਐਂਟਸ ਦੇ ਮਾਮਲੇ ਵਧ ਰਹੇ ਹਨ। ਇਸਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਅਫ਼ਰੀਕਾ ਵਿੱਚ ਓਮੀਕਰੋਨ ਦੇ ਦੋ ਨਵੇਂ ਸਬ ਵੇਰੀਐਟਸ ਬੀਏ4 ਅਤੇ ਬੀਏ5 ਮਿਲੇ ਹਨ ਜਿਸ ਕਾਰਨ ਦੱਖਣੀ ਅਫ਼ਰੀਕਾ ਵਿੱਚ ਕੋਰੋਨਾ ਮਾਮਲਿਆਂ ਵਿੱਚ ਵਾਧਾ ਦਰਜ ਕੀਤਾ ਜਾ ਰਿਹਾ ਹੈ ।

# ਮੇਰੇ ਯਾਰ ਟਰੱਕਾਂ ਆਲੇ–



ਗੁਰਜੀਤ ਗਿੱਲ ਰੀਜਾਇਨਾ
1 431 335 0935



ਅੱਜ ਆਪਾ ਗੱਲ ਕਰਦੇ ਹਾਂ ਸਾਡਾ ਡਰਾਈਵਰ ਮਹਿਕਮਾ ਟਰੱਕਾਂ ਵਾਲੇ ਵੀਰਾਂ ਦੀ ਜਿੰਨਾ ਦੀ ਜੇ ਆਪਾ ਗੱਲ ਕਰੀਏ ਤਾਂ ਆਮ ਇਨਸਾਨ ਨਾਲੋਂ ਘਰੇਲੂ ਜ਼ਿੰਦਗੀ ਬਹੁਤ ਘੱਟ ਹੁੰਦੀ ਹੈ। ਇਹ ਗੱਲ ਮੈਂ ਇਸ ਕਰਕੇ ਕਹਿ ਰਿਹਾਂ ਕਿਉਂਕਿ ਇਹ ਆਪਣੀ ਪੂਰੀ ਜ਼ਿੰਦਗੀ ਵਿੱਚੋਂ ਅੱਧੀ ਜ਼ਿੰਦਗੀ ਬਾਹਰ ਸ਼ੜਕਾਂ ਤੇ ਹੀ ਬਤੀਤ ਕਰਦੇ ਹਨ। 5-5 ਦਿਨ ਘਰੋਂ ਬਾਹਰ ਰਹਿ ਕੇ ਸਾਡੇ ਖਾਣ ਪੀਣ ਦੀਆਂ ਰਸਦਾ ਸਾਡੇ ਤੱਕ ਪਹੁੰਚਾਉਂਦੇ ਹਨ। ਕਈ ਵਾਰ ਖ਼ੁਦ ਸਾਰਾ ਸਾਰਾ ਦਿਨ ਭੁੱਖਾ ਰਹਿ ਕੇ ਟਰੱਕ ਚਲਾਉਂਦੇ ਹਨ। ਇਸ ਲਈ ਜੇ ਇਹਨਾਂ ਡਰਾਈਵਰ ਵੀਰਾਂ ਨੂੰ ਦੂਜਾ ਰੱਬ ਕਹਿ ਲਈਏ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀ ਹੋਵੇਗੀ। ਹਰ ਵੇਲੇ ਰੋਡ ਤੇ ਰਹਿਣ ਕਰਕੇ ਮੌਤ ਦਾ ਸਾਇਆ ਇਹਨਾਂ ਤੇ ਮੰਡਰਾਉਂਦਾ ਰਹਿੰਦਾ ਹੈ। ਡਰਾਈਵਰੀ ਸ਼ਬਦ ਕਹਿਣ ਨੂੰ ਬੜਾ ਸੌਖਾ ਲੱਗਦਾ ਹੈ ਤੇ ਚਾਅ ਵੀ ਸਾਰਿਆਂ ਨੂੰ ਹੁੰਦਾ ਡਰਾਈਵਰ ਬਣਨ ਦਾ ਪਰ ਜਦੋਂ ਬੰਦਾ ਡਰਾਈਵਰ ਬਣ ਜਾਂਦਾ ਹੈ ਤੇ ਫਿਰ ਉਸ ਨੂੰ ਪਤਾ ਲੱਗਦਾ ਕਿ ਇਹਦੇ ਰਾਹ ਕਿੰਨੇ ਔਖੇ ਤੇ ਟੇਢੇ ਹਨ। ਜਿਵੇਂ ਸਿਆਣੇ ਕਹਿੰਦੇ ਨੇ ਜਾ ਵਾਹ ਪਏ ਜਾਣੀਏ ਜਾ ਰਾਹ ਪਏ ਜਾਣੀਏ। ਪਰ ਬਹੁਤੇ ਲੋਕਾਂ ਦੀ ਸੋਚ ਦੀ ਗੱਲ ਕਰੀਏ ਤਾਂ ਉਹਨਾਂ ਇਹ ਗੱਲ ਬਹੁਤ ਪ੍ਰਚਲਿਤ ਹੈ ਕਿ ਟਰੱਕ ਚਲਾ ਕੇ ਪੈਸਾ ਬਹੁਤ ਬਣਦਾ। ਮੰਨਦੇ ਹਾਂ ਪੈਸੇ ਚੰਗੇ ਬਣ ਜਾਂਦੇ ਹਨ ਪਰ ਉਹਨਾਂ ਲੋਕਾਂ ਨੂੰ ਇਹ ਨਹੀਂ ਪਤਾ ਕਿ ਬਣਦੇ ਕਿਵੇਂ ਹਨ। ਚਲੋ ਅੱਜ ਥੋੜਾ ਚਾਨਣਾ ਪਾਉਣੇ ਹਾਂ।

ਜੇ ਮੈਂ ਕੈਨੇਡਾ ਦੀ ਗੱਲ ਕਰਾਂ ਤਾਂ ਇੱਥੇ ਰਹਿਣ ਵਾਲੇ ਹਰ ਬੰਦੇ ਨੂੰ ਇੱਥੋਂ ਦੇ ਮੌਸਮ ਬਾਰੇ ਪਤਾ ਹੀ ਹੈ ਕਿ ਠੰਡ ਦੇ ਦਿਨਾਂ ਵਿੱਚ ਤਾਪਮਾਨ -45 ਡਿਗਰੀ ਤੋਂ ਵੀ ਥੱਲੇ ਆ ਜਾਂਦਾ ਹੈ। ਉਹਨਾ ਦਿਨਾਂ ਵਿੱਚ ਟਰੱਕ ਚਲਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਮੇਰੇ ਵਰਗਾ ਜਿਹੜਾ ਨਾਲ ਸਾਈਡ ਤੇ ਬੈਠਾ ਹੁੰਦਾ ਉਹਦੀਆਂ ਲੱਤਾਂ ਦੇਖ ਕੇ ਹੀ ਕੰਬਣ ਲੱਗ ਜਾਂਦੀਆਂ ਹਨ ਤੇ ਤੁਸੀਂ ਆਪ ਹੀ ਸੋਚ ਲਓ ਕਿ ਜੋ ਡਰਾਈਵਰ ਭਰਾ ਇਸ ਨੂੰ ਚਲਾ ਰਿਹਾ, ਕੰਟਰੋਲ ਕਰ ਰਿਹਾ ਕਿੱਡਾ ਵੱਡਾ ਦਿਲ ਹਉਂ ਉਹਦਾ। ਨਾਲ ਦੁੱਖ ਦੀ ਗੱਲ ਇਹ ਵੀ ਦੱਸ ਦੇਵਾ ਜੇ ਕੈਨੇਡਾ ਦੇ ਅੰਕੜਿਆਂ ਦੀ ਗੱਲ ਕਰੀਏ ਤਾਂ ਹਰ ਸਾਲ ਮਾੜੇ ਮੌਸਮ ਕਰਕੇ 20-25 ਪੰਜਾਬੀ ਮੁੰਡੇ ਟਰੱਕ ਹਾਦਸਿਆਂ ਵਿੱਚ ਮੌਤ ਦਾ ਸ਼ਿਕਾਰ ਹੁੰਦੇ ਹਨ ਉਹਨਾਂ ਵਿੱਚੋਂ ਕਈਆਂ ਦਾ ਟਰੱਕ ਕਿਸੇ ਡੂੰਘੀ ਖਾਈ ਵਿੱਚ ਡਿੱਗਣ ਕਰਕੇ ਜਾ ਕਿਸੇ ਦੇ ਟਰੱਕ ਨੂੰ ਅੱਗ ਲੱਗਣ ਨਾਲ ਅਣ ਆਈ ਮੌਤੇ ਮਰ ਜਾਂਦੇ ਹਨ। ਇਹਨਾਂ ਵਿੱਚੋਂ ਕਈ ਵਿਚਾਰੇ ਸਟੂਡੈਂਟ ਕੱਲੇ ਕੱਲੇ ਮਾਪਿਆ ਦੇ ਪੁੱਤ ਹਮੇਸ਼ਾ ਲਈ ਉਹਨਾਂ ਨੂੰ ਛੱਡ ਚਲੇ ਜਾਂਦੇ ਹਨ। ਉੱਥੇ ਆਪਾ ਕਿਸੇ ਦੀ ਜ਼ਿੰਦਗੀ ਦੀ ਤੁਲਨਾ ਪੈਸੇ ਨਾਲ ਨਹੀਂ ਕਰ ਸਕਦੇ। ਪੈਸੇ ਨਾਲ ਉਹਨਾਂ ਮਾਪਿਆ ਦੇ ਪੁੱਤ, ਸੁਹਾਗਣਾਂ ਦੇ ਸੁਹਾਗ ਤੇ ਕਿਸੇ ਭਰਾ ਦਾ ਜਾਨ ਤੋਂ ਪਿਆਰਾ ਭਰਾ ਨਹੀਂ ਮੋੜ ਸਕਦੇ।

ਇਹਨਾਂ ਤੋਂ ਬਿਨਾਂ ਵੀ ਟਰੱਕਾਂ ਵਾਲੇ ਵੀਰਾਂ ਨੂੰ ਹੋਰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿੱਛੇ ਜੇ ਕਰੋਨਾ ਕਾਲ ਦੌਰਾਨ ਜ਼ਿੰਦਗੀ ਦੀ ਗੱਡੀ ਇੱਕ ਤਰਾਂ ਨਾਲ ਪੂਰੀ ਤਰਾਂ ਰੁਕ ਗਈ ਸੀ ਪਰ ਇਹਨਾਂ ਵੀਰਾ ਨੇ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾ ਸਾਨੂੰ ਘਰਾਂ ਵਿੱਚ ਬੈਠਿਆ ਨੂੰ ਵੀ ਖਾਣ ਪੀਣ ਦਾ ਸਮਾਨ ਸਟੋਰਾਂ ਵਿੱਚ ਪਹੁੰਚਾਇਆ। ਜੇ 2 ਦਿਨ ਵੀ ਡਰਾਈਵਰ ਵੀਰ ਆਪਣੇ ਟਰੱਕ ਠੱਲ ਦੇਣ ਤਾਂ ਲਾ ਸਰਕਾਰਾਂ ਤੱਕ ਹਰ ਇੱਕ ਬੰਦੇ ਨੂੰ ਹੱਥਾਂ ਪੈਰਾਂ ਦੀ ਬਣ ਜਾਵੇਗੀ ਭਾਵ ਕਿ ਪੂਰਾ ਜਨ-ਜੀਵਨ ਪ੍ਰਭਾਵਿਤ ਹੋ ਸਕਦਾ। ਉਹਨਾਂ ਕਰੋਨਾ ਕਾਲ ਦੇ ਦਿਨਾਂ ਵਿੱਚ ਲੋਡ ਚੁੱਕਣ ਜਾ ਲਾਉਣ ਵਾਲੀ ਜਗਾ ਤੇ ਇਹਨਾਂ ਵਿਚਾਰੀਆਂ ਨੂੰ ਬਾਥਰੂਮ ਕਰਨ ਦੀ ਵੀ ਆਗਿਆ ਨਹੀਂ ਸੀ ਜੋ ਕਿ ਇੱਕ ਬਹੁਤ ਹੀ ਘਟੀਆ ਤੇ ਨਿੰਦਣਯੋਗ ਵਤੀਰਾ ਸੀ। ਡਰਾਈਵਰ ਵੀਰ ਜਿੱਥੇ ਮਰਜ਼ੀ ਹੋਣ ਬਹੁਤ ਸਖਤ ਕਮਾਈ ਹੈ ਇਹਨਾਂ ਦੀ। ਵਾਹਿਗੁਰੂ ਜੀ ਸਾਡੇ ਡਰਾਈਵਰ ਵੀਰਾ ਦੀ ਬੋਹੜ ਜਿੱਡੀ ਲੰਮੀ ਉਮਰ ਕਰਨ। ਇਹਨਾਂ ਦੀ ਸਖ਼ਤ ਮਿਹਨਤ ਦੀ ਕਮਾਈ ਨੂੰ ਵਾਹਿਗੁਰੂ ਭਾਗ ਲਾਉਣ ਤੇ ਇਹਨਾਂ ਦੇ ਪਰਿਵਾਰ ਹਮੇਸ਼ਾ ਹੱਸਦੇ ਵੱਸਦੇ ਰਹਿਣ।

## ਮਹਿੰਗਾਈ ਦੇ ਟੱਪੇ

**********************

ਗੈਸ ਪੰਪ ਵੀ ਡਰਾਉਂਦਾ ਏ
ਜਦੋਂ ਟੈਂਕੀ ਮੈ ਭਰਾਵਾਂ ਗੈਸ ਦੀ
ਮੇਰਾ ਦਿਲ ਭਰ ਆਉਂਦਾ ਏ

ਕਿਵੇਂ ਲੈ ਕੇ ਦੇਵਾਂ ਲਹਿੰਗਾ ਸੋਹਣੀਏ
ਇੱਕ ਤੇਰੇ ਸ਼ੌਕ ਮਹਿੰਗੇ ਆ
ਦੂਜਾ ਗੈਸ ਹੋਇਆ ਮਹਿੰਗਾ ਸੋਹਣੀਏ

ਨੱਥ ਪੈ ਗੀ ਆ ਕਰੋਨੇ ਨੂੰ
ਸਰੀ ਘਰ ਮਹਿੰਗੇ ਹੋ ਗਏ
ਚੱਲ ਚੱਲੀਏ ਕਲੋਨੇ ਨੂੰ

Surrey ਆਉਣਾ ਨਹੀਓਂ ਸੂਤ ਸੋਹਣੀਏ
ਹੁਣ ਅਸੀਂ ਕੈਲਗਰੀ ਨੂੰ
ਛੇਤੀ ਕਰ ਜਾਣਾ ਕੂਚ ਸੋਹਣੀਏ

ਮੇਰੇ ਬੈਠਣਾ ਨੀ ਫਿੱਟ ਸੋਹਣਿਆ
Surrey ਜਿਹਾ ਸ਼ਹਿਰ ਛੱਡ ਕੇ
ਮੇਰਾ ਲੱਗਣਾ ਨੀ ਚਿੱਤ ਸੋਹਣਿਆ



ਕੁਲਵੀਰ ਸਿੰਘ
ਡਾਨਸੀਵਾਲ
778 863 2472

ਫਾਹਾ ਆਖਰਾਂ ਨੂੰ ਲੈਣਾ ਪੈ ਗਿਆ
ਛੱਡ ਕੇ ਹਵੇਲੀਆਂ ਨੂੰ
ਹੁਣ condo ਵਿਚ ਰਹਿਣਾ ਪੈ ਗਿਆ

ਡੰਗ ਔਖੀ ਸੌਖੀ ਸਾਰ ਬੱਲੀਏ
ਰਹਿ ਲੈ ਵਿਚ townhouse ਦੇ
ਘਰ ਹੋਗੇ ਹੱਥੋਂ ਬਾਹਰ ਬੱਲੀਏ

ਸੱਚੀਂ ਪਈ ਅਲਸੇਟ ਬੜੀ ਆ
ਗੈਸ ਵਾਲੀ ਕਾਰ ਨਾ ਮਿਲੇ
ਉੱਤੋਂ Tesla ਦੀ wait ਬੜੀ ਆ

ਜਾਨ ਮੁੱਕਣੇ ਤੇ ਆਈ ਸੋਹਣਿਆ
Pay ਸਾਡੀ ਵਧਦੀ ਨਹੀਂ
ਵਧੀ ਜਾਵੇ ਮਹਿੰਗਾਈ ਸੋਹਣਿਆ

ਬੰਗ ਟੁੱਟਗੀ ਕਲਾਈ ਦੀ
ਰੋਜ ਭਾਵੇਂ ਪੈਣ ਬਾਰਸ਼ਾਂ
ਅੱਗ ਬੁਝੇ ਨ ਮਹਿੰਗਾਈ ਦੀ

ਡੇਰਾ ਹੋਰ ਕਿੱਥੇ ਲਾਵਾਂਗੇ
ਸਾਹੋਤੇਆ ਕਨੇਡਾ ਛੱਡ ਕੇ
ਦੱਸ ਹੁਣ ਕਿੱਥੇ ਜਾਵਾਂਗੇ




Global Pravasi Seniors Society invites you to
"Spring Festival cum Seniors' Wellness Fair"

An Event Celebrating our Unique Diversity
Building a common understanding of Social Inclusion and Well being of Seniors.
an opportunity to share and learn about seniors' issues and social Inclusion efforts within your communities"

Date: May 22, 2022

Time: 1:30 PM-4:30PM

Venue: Falconridge Community Hall,
95 Falshire Dr. NE, Calgary. AB T3J 1P7

For more info and RSVP contact:
Satpaul Kaushal (President)
Or Surinder Kalia (Vice -President)
Phone: 403-903-8500 OR 587-500-8781.



# ਬਾਬਾ ਬੰਦਾ ਸਿੰਘ ਬਹਾਦਰ ਨੇ ਕਿਵੇਂ ਤਾਕਤਵਰ ਮੁਗ਼ਲ ਸਾਮਰਾਜ ਨਾਲ ਲਿਆ ਸੀ ਲੋਹਾ



**ਰੇਹਾਨ ਫ਼ਜ਼ਲ**

ਬੰਦਾ ਸਿੰਘ ਬਹਾਦਰ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਜ਼ਿੰਦਗੀ ਉਲਟ ਦਿਸ਼ਾ ਵਿੱਚ ਜਿਉਂਈ। ਅੱਲ੍ਹੜ ਉਮਰੇ ਸੰਤ ਬਣਨ ਵਾਲੇ ਬੰਦਾ ਸਿੰਘ ਬਹਾਦਰ ਆਪਣੀ ਜ਼ਿੰਦਗੀ ਦੇ ਬਾਅਦ ਦੇ ਸਾਲਾਂ ਵਿੱਚ ਸੰਸਾਰਿਕ ਜੀਵਨ ਵੱਲ ਮੁੜ ਆਏ। ਅਜਿਹੇ ਬਹੁਤ ਘੱਟ ਲੋਕ ਮਿਲਦੇ ਜੋ ਹਿੰਦੂ ਧਾਰਮਿਕ ਗ੍ਰੰਥਾਂ ਦੇ ਵਿਦਵਾਨ ਤੋਂ ਇੱਕ ਬਹਾਦਰ ਯੋਧੇ ਤੇ ਫ਼ਿਰ ਇੱਕ ਨੇਤਾ ਵਜੋਂ ਉੱਭਰੇ ਹੋਣ।

ਸਿੱਖ ਰਿਸਰਚ ਇੰਸਟੀਚਿਊਟ, ਟੈਕਸਸ ਦੇ ਸਹਿ ਸੰਸਥਾਪਕ ਹਰਿੰਦਰ ਸਿੰਘ ਲਿਖਦੇ ਹਨ, '38 ਸਾਲ ਦੀ ਉਮਰ ਆਉਣ ਤੱਕ ਅਸੀਂ ਬੰਦਾ ਸਿੰਘ ਬਹਾਦਰ ਦੀ ਜ਼ਿੰਦਗੀ ਦੇ ਦੋ ਸਿਖ਼ਰ ਦੇਖਦੇ ਹਾਂ। ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ ਤੋਂ ਪਹਿਲਾਂ ਉਹ ਵੈਸ਼ਨਵ ਅਤੇ ਸ਼ੈਵ ਰਵਾਇਤਾਂ ਦਾ ਪਾਲਣ ਕਰ ਰਹੇ ਸਨ।' ਪਰ ਉਸ ਤੋਂ ਬਾਅਦ ਉਸ ਨੇ ਬਿਨਾਂ ਫੌਜੀ ਸਿਖਲਾਈ, ਹਥਿਆਰਾਂ ਅਤੇ ਫੌਜ ਦੇ 2500 ਕਿਲੋਮੀਟਰ ਦਾ ਸਫ਼ਰ ਕੀਤਾ ਅਤੇ 20 ਮਹੀਨਿਆਂ ਵਿੱਚ ਸਰਹਿੰਦ 'ਤੇ ਕਬਜ਼ਾ ਕਰਕੇ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ।'

**ਗੁਰੂ ਗੋਬਿੰਦ ਸਿੰਘ ਨਾਲ ਮੁਲਾਕਤ**

ਬੰਦਾ ਸਿੰਘ ਬਹਾਦਰ ਦਾ ਜਨਮ 27 ਅਕਤੂਬਰ, 1670 ਨੂੰ ਰਾਜੌਰੀ ਵਿੱਚ ਹੋਇਆ ਸੀ। ਬਹੁਤ ਘੱਟ ਉਮਰ ਵਿੱਚ ਘਰ ਛੱਡ ਕੇ ਉਹ ਬੈਰਾਗੀ ਹੋ ਗਏ ਅਤੇ ਉਨ੍ਹਾਂ ਨੂੰ ਮਾਧੋਦਾਸ ਬੈਰਾਗੀ ਦੇ ਨਾਮ ਨਾਲ ਜਾਣਿਆਂ ਜਾਣ ਲੱਗਾ। ਉਹ ਆਪਣੇ ਘਰੋਂ ਨਿਕਲ ਅਤੇ ਦੇਸ਼ ਦਾ ਦੌਰਾ ਕਰਦੇ ਹੋਏ ਮਹਾਂਰਾਸ਼ਟਰ ਦੇ ਨਾਦੇੜ ਪਹੁੰਚ ਗਏ। ਨਾਂਦੇੜ ਵਿੱਚ ਉਨ੍ਹਾਂ ਦੀ ਮੁਲਾਕਤ ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਨਾਲ ਹੋਈ। ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਨੂੰ ਆਪਣਾ ਬੈਰਾਗੀ ਜੀਵਨ ਤਿਆਗਣ ਤੇ ਪੰਜਾਬ ਦੇ ਲੋਕਾਂ ਨੂੰ ਮੁਗ਼ਲਾਂ ਤੋਂ ਛੁਟਕਾਰਾ ਦਿਵਾਉਣ ਦਾ ਕੰਮ ਸੌਂਪਿਆ। ਜੇਐੱਸ ਗਰੇਵਾਲ ਆਪਣੀ ਕਿਤਾਬ ਸਿੱਖਸ ਆਫ਼ ਪੰਜਾਬ ਵਿੱਚ ਲਿਖਦੇ ਹਨ, 'ਗੁਰੂ ਨੇ ਬੰਦਾ ਸਿੰਘ ਨੂੰ ਇੱਕ ਤਲਵਾਰ, ਪੰਜ ਤੀਰ ਅਤੇ ਤਿੰਨ ਸਾਥੀ ਦਿੱਤੇ। ਨਾਲ ਹੀ ਉਨ੍ਹਾਂ ਨੇ ਇੱਕ ਫ਼ਰਮਾਨ ਵੀ ਦਿੱਤਾ ਜਿਸ ਵਿੱਚ ਕਿਹਾ ਗਿਆ ਸੀ ਕਿ ਪੰਜਾਬ ਵਿੱਚ ਮੁਗ਼ਲਾਂ ਦੇ ਖ਼ਿਲਾਫ਼ ਸਿੱਖਾਂ ਦੀ ਅਗਵਾਈ ਕਰੋ।'

ਗੋਪਾਲ ਸਿੰਘ ਨੇ ਆਪਣੀ ਕਿਤਾਬ ਗੁਰੂ ਗੋਬਿੰਦ ਸਿੰਘ ਵਿੱਚ ਇਸ ਬਾਰੇ ਹੋਰ ਵਿਸਥਾਰ ਵਿੱਚ ਦੱਸਦਿਆਂ ਲਿਖਿਆ ਹੈ, 'ਗੁਰੂ ਨੇ ਬੰਦਾ ਬਹਾਦਰ ਨੂੰ ਤਿੰਨ ਸਾਥੀਆਂ ਦੇ ਨਾਲ ਪੰਜਾਬ ਕੂਚ ਕਰਨ ਦਾ ਆਦੇਸ਼ ਦਿੱਤਾ। ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਜਾ ਕੇ ਸਰਹਿੰਦ ਸ਼ਹਿਰ 'ਤੇ ਕਬਜ਼ਾ ਕਰਨ ਅਤੇ ਆਪਣੇ ਹੱਥਾਂ ਨਾਲ ਵਜ਼ੀਰ ਖ਼ਾਂ ਨੂੰ ਮੌਤ ਦੀ ਸਜ਼ਾ ਦੇਣ।'

**ਬੰਦਾ ਸਿੰਘ ਬਹਾਦਰ ਪੰਜਾਬ ਪਹੁੰਚੇ**

ਬੰਦਾ ਸਿੰਘ ਬਹਾਦਰ ਪੰਜਾਬ ਵਿੱਚ ਨਿਕਲ ਤੁਰੇ ਪਰ ਕੁਝ ਦਿਨ ਬਾਅਦ ਹੀ ਜਮਸ਼ੀਦ ਖਾਂ ਨਾਮ ਦੇ ਇੱਕ ਅਫ਼ਗਾਨ ਨੇ ਗੁਰੂ ਗੋਬਿੰਦ ਸਿੰਘ ਤੇ ਚਾਕੂ ਨਾਲ ਵਾਰ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਕਈ ਦਿਨਾਂ ਤੱਕ ਜ਼ਖ਼ਮੀ ਰਹੇ।

ਰਾਜਮੋਹਨ ਗਾਂਧੀ ਆਪਣੀ ਕਿਤਾਬ 'ਪੰਜਾਬ ਏ ਹਿਸਟਰੀ ਆਫ਼ ਔਰੰਗਜ਼ੇਬ ਟੂ ਮਾਊਂਟਬੇਟਨ' ਵਿੱਚ ਲਿਖਦੇ ਹਨ, 'ਫ਼ੱਟੜ ਹੋਣ ਮਗਰੋਂ ਆਪਣੀ ਜ਼ਿੰਦਗੀ ਦੇ ਆਖਰੀ ਦਿਨਾਂ ਵਿੱਚ ਗੁਰੂ ਗੋਬਿੰਦ ਸਿੰਘ ਚਾਹੁੰਦੇ ਤਾਂ ਆਪਣੇ ਪੁਰਖ਼ਿਆਂ (ਪਹਿਲੇ ਗੁਰੂਆਂ) ਦੀ ਤਰ੍ਹਾਂ ਕਿਸੇ ਵਿਅਕਤੀ ਨੂੰ ਅਗਲਾ ਗੁਰੂ ਨਾਮਜ਼ਦ ਕਰ ਸਕਦੇ ਸਨ ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਉਨ੍ਹਾਂ ਨੇ ਸਾਫ਼ ਐਲਾਨ ਕੀਤਾ ਕਿ ਉਨ੍ਹਾਂ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਨੂੰ ਹੀ ਸਿੱਖਾਂ ਦੇ ਸਥਾਈ ਗੁਰੂ ਦਾ ਦਰਜਾ ਦਿੱਤਾ ਜਾਵੇਗਾ।'

ਸਾਲ 1709 ਵਿੱਚ ਜਦੋਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਹਾਲੇ ਵੀ ਦੱਖਣ ਵਿੱਚ ਲੜਾਈ ਲੜ ਰਹੇ ਸਨ। ਬੰਦਾ ਬਹਾਦਰ ਪੰਜਾਬ ਵਿੱਚ ਸਤਲੁਜ ਦਰਿਆ ਦੇ ਪੂਰਵ ਤੱਕ ਪਹੁੰਚ ਗਏ ਅਤੇ ਸਿੱਖ ਕਿਸਾਨਾਂ ਨੂੰ ਆਪਣੇ ਵੱਲ ਕਰਨ ਦੀ ਮੁਹਿੰਮ ਵਿੱਚ ਲੱਗ ਗਏ। ਸਭ ਤੋਂ ਪਹਿਲਾਂ ਉਨ੍ਹਾਂ ਨੇ ਸੋਨੀਪਤ ਅਤੇ ਕੈਥਲ ਵਿੱਚ ਮੁਗ਼ਲਾਂ ਦਾ ਖ਼ਜ਼ਾਨਾ ਲੁੱਟਿਆ।

ਮਸ਼ਹੂਰ ਇਤਿਹਾਸਕਾਰ ਹਰਿਰਾਮ ਗੁਪਤਾ ਨੇ ਆਪਣੀ ਕਿਤਾਬ 'ਲੇਟਰ ਮੁਗ਼ਲ ਹਿਸਟਰੀ ਆਫ਼ ਪੰਜਾਬ' ਵਿੱਚ ਉਸ ਜ਼ਮਾਨੇ ਦੇ ਮੁਗ਼ਲ ਇਤਿਹਾਸਕਾਰ ਖ਼ਫ਼ੀ ਖ਼ਾਂ ਦਾ ਹਵਾਲਾ ਦਿੰਦਿਆ ਦੱਸਿਆ ਕਿ, 'ਤਿੰਨ ਤੋਂ ਚਾਰ ਮਹੀਨਿਆਂ ਅੰਦਰ ਬੰਦਾ ਸਿੰਘ ਬਹਾਦਰ ਦੀ ਸੈਨਾ ਵਿੱਚ ਤਕਰੀਬਨ ਪੰਜ ਹਜ਼ਾਰ ਘੋੜੇ ਅਤੇ ਅੱਠ ਹਜ਼ਾਰ ਪੈਦਲ ਫ਼ੌਜੀ ਸ਼ਾਮਲ ਹੋ ਗਏ।'

ਜ਼ਿੰਮੀਦਾਰਾਂ ਦੇ ਜ਼ੁਲਮਾਂ ਤੋਂ ਤੰਗ ਸਰਹਿੰਦ ਦੇ ਕਿਸਾਨ ਬਹੁਤ ਔਖੀ ਜ਼ਿੰਦਗੀ ਬਤੀਤ ਕਰ ਰਹੇ ਸਨ। ਉਨ੍ਹਾਂ ਨੂੰ ਨਿਡਰ ਆਗੂ ਦੀ ਤਲਾਸ਼ ਸੀ। ਉਹ ਇਹ ਵੀ ਨਹੀਂ ਸਨ ਭੁੱਲ ਸਕੇ ਕਿ ਗੁਰੂ ਗੋਬਿੰਦ ਸਿੰਘ ਦੇ ਪੁੱਤਰਾਂ ਨਾਲ ਕੀ ਹੋਇਆ ਸੀ।

ਇਸ ਇਲਾਕੇ ਦੇ ਸਿੱਖਾਂ ਨੇ ਬੰਦਾ ਬਹਾਦਰ ਨੂੰ ਘੋੜੇ ਅਤੇ ਦੌਲਤ ਮਹੁੱਈਆ ਕਰਵਾਈ। ਕਈ ਸਾਲਾਂ ਤੋਂ ਮਨਸਬਦਾਰਾਂ ਨੇ ਆਪਣੇ ਸੈਨਿਕਾਂ ਨੂੰ ਤਨਖ਼ਾਹਾਂ ਨਹੀਂ ਸਨ ਦਿੱਤੀਆਂ। ਇਸ ਕਰਕੇ ਲੋਕ ਵੀ ਰੋਜ਼ਗਾਰ ਦੀ ਤਲਾਸ਼ ਵਿੱਚ ਸਨ ਜਿਸ ਨੇ ਉਨ੍ਹਾਂ ਨੂੰ ਬੰਦਾ ਸਿੰਘ ਬਹਾਦਰ ਨਾਲ ਆਉਣ ਲਈ ਪ੍ਰੇਰਿਆ।

ਔਰੰਗਜ਼ੇਬ ਤੋਂ ਬਾਅਦ ਨਵੇਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦਾ ਅਕਸ ਉਦਾਰਵਾਦੀ ਜ਼ਰੂਰ ਬਣ ਗਿਆ ਪਰ ਕਿਉਂਕਿ ਉਹ ਪੰਜਾਬ ਅਤੇ ਦਿੱਲੀ ਤੋਂ ਦੂਰ ਸਨ ਇਸ ਲਈ ਉਨ੍ਹਾਂ ਦੇ ਅਫ਼ਸਰ ਅਤੇ ਆਮ ਲੋਕ ਉਨ੍ਹਾਂ ਨੂੰ ਕਮਜ਼ੋਰ ਸਮਝਣ ਲੱਗੇ। ਲੋਕਾਂ ਦੇ ਮਨ ਵਿੱਚ ਬਾਦਸ਼ਾਹ ਦਾ ਜੋ ਡਰ ਸੀ ਉਹ ਜਾਂਦਾ ਰਿਹਾ। ਨਵੰਬਰ, 1709 ਵਿੱਚ ਬੰਦਾ ਸਿੰਘ ਬਹਾਦਰ ਦੇ ਫ਼ੌਜੀਆਂ ਨੇ ਅਚਾਨਕ ਸਰਹਿੰਦ ਵਿੱਚ ਪੈਂਦੇ ਕਸਬੇ ਸਮਾਣਾ 'ਤੇ ਹਮਲਾ ਕਰ ਦਿੱਤਾ। ਹਰਿਰਾਮ ਗੁਪਤਾ ਲਿਖਦੇ ਹਨ, 'ਸਮਾਣਾ 'ਤੇ ਹਮਲਾ ਕਰਨ ਦੀ ਵਜ੍ਹਾ ਸੀ ਕਿ 34 ਸਾਲ ਪਹਿਲਾਂ ਗੁਰੂ ਤੇਗ਼ ਬਹਾਦਰ ਦਾ ਸਿਰ ਕਲਮ ਕਰਵਾਉਣ ਵਾਲਾ ਅਤੇ ਗੁਰੂ ਗੋਬਿੰਦ ਸਿੰਘ ਦੇ ਪੁੱਤਾਂ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਇਸੇ ਸ਼ਹਿਰ ਵਿੱਚ ਰਹਿ ਰਹੇ ਸੀ।' 'ਸਮਾਣਾ ਦੇ ਕੋਲ ਸਢੌਰਾ ਦੇ ਮਨਸਬਦਾਰ ਉਸਮਾਨ ਖਾਂ ਨੇ ਗੁਰੂ ਗੋਬਿੰਦ ਸਿੰਘ ਨਾਲ ਦੋਸਤੀ ਰੱਖਣ ਵਾਲੇ ਇੱਕ ਮੁਸਲਮਾਨ ਪੀਰ ਨੂੰ ਤੰਗ ਕੀਤਾ ਸੀ ਇਸ ਲਈ ਉਥੇ ਕਤਲੇਆਮ ਦਾ ਹੁਕਮ ਦਿੱਤਾ ਗਿਆ। ਬਾਅਦ ਵਿੱਚ ਖ਼ਫ਼ੀ ਖ਼ਾਂ ਨੇ ਲਿਖਿਆ ਕਿ ਬੰਦਾ ਸਿੰਘ ਬਹਾਦਰ ਨੇ ਮੁਗ਼ਲ ਅਫ਼ਸਰਾਂ ਨੂੰ ਹੁਕਮ ਦਿੱਤਾ ਕਿ ਉਹ ਆਪਣਾ ਅਹੁਦਾ ਛੱਡ ਦੇਣ।'

ਸਮਾਣਾ ਨੂੰ ਬਚਾਉਣ ਲਈ ਦਿੱਲੀ ਤੋਂ ਸਰਹਿੰਦ ਲਈ ਕੋਈ ਮਦਦ ਨਹੀਂ ਭੇਜੀ ਗਈ। ਸਰਹਿੰਦ ਦਿੱਲੀ ਅਤੇ ਲਾਹੌਰ ਦਰਮਿਆਨ ਵਸਿਆ ਸ਼ਹਿਰ ਸੀ। ਇਥੇ ਮੁਗ਼ਲਾਂ ਨੇ ਵੱਡੇ ਵੱਡੇ ਭਵਨ ਬਣਵਾਏ ਹੋਏ ਸਨ ਅਤੇ ਉਸ ਸਮੇਂ ਪੂਰੇ ਭਾਰਤ ਵਿੱਚ ਲਾਲ ਮਲਮਲ ਬਣਾਉਣ ਲਈ ਮਸ਼ਹੂਰ ਸੀ।

**ਸਰਹਿੰਦ ਫ਼ਤਿਹ**

ਬੰਦਾ ਬਹਾਦਰ ਨੇ ਮਈ 1710 ਵਿੱਚ ਸਰਹਿੰਦ 'ਤੇ ਹਮਲਾ ਬੋਲਿਆ। ਹਰੀਸ਼ ਢਿਲੋਂ ਆਪਣੀ ਕਿਤਾਬ 'ਫ਼ਸਟ ਰਾਜ ਆਫ਼ ਦਾ ਸਿਖਸ ਦਾ ਲਾਈਫ਼ ਐਂਡ ਟਾਈਮਸ ਆਫ਼ ਬੰਦਾ ਸਿੰਘ ਬਹਾਦਰ' ਵਿੱਚ ਲਿਖਦੇ ਹਨ, 'ਬੰਦਾ ਦੀ ਫ਼ੌਜ ਵਿੱਚ 35000 ਲੋਕ ਸਨ। ਇਨ੍ਹਾਂ ਵਿਚੋਂ 11000 ਭਾੜੇ ਦੇ ਫ਼ੌਜੀ ਸਨ। ਵਜੀਰ ਖ਼ਾਂ ਕੋਲ ਚੰਗੇ ਸਿਖਲਾਈਯਾਫ਼ਤਾ 15000 ਸੈਨਿਕ ਸਨ। ਘੱਟ ਗਿਣਤੀ ਵਿੱਚ ਹੁੰਦਿਆਂ ਵੀ ਵਜ਼ੀਰ ਦੀ ਫ਼ੌਜ ਕੋਲ ਸਿੱਖਾਂ ਦੇ ਮੁਕਾਬਲੇ ਬਿਹਤਰ ਹਥਿਆਰ ਸਨ।

ਉਨ੍ਹਾਂ ਕੋਲ ਘੱਟ ਤੋਂ ਘੱਟ ਦੋ ਦਰਜਨ ਤੋਪਾਂ ਸਨ ਅਤੇ ਉਨ੍ਹਾਂ ਦੇ ਅੱਧੇ ਫ਼ੌਜੀ ਘੋੜਸਵਾਰ ਸਨ।'

22 ਮਈ 1710 ਨੂੰ ਹੋਈ ਇਸ ਲੜਾਈ ਵਿੱਚ ਬੰਦਾ ਬਹਾਦਰ ਨੇ ਇਹ ਮੰਨਦਿਆਂ ਕਿ ਵਿਚਕਾਰ ਰੱਖੀਆਂ ਚਾਰ ਤੋਪਾਂ 'ਤੇ ਸਭ ਤੋਂ ਪਹਿਲਾਂ ਹਮਲਾ ਬੋਲਿਆ ਜਾਂਦਾ ਹੈ, ਸਭ ਤੋਂ ਕਮਜ਼ੋਰ ਤੋਪਾਂ ਨੂੰ ਹਮੇਸ਼ਾਂ ਵਿਚਕਾਰ ਰੱਖਿਆ।

ਇਸ ਹਮਲੇ ਦੀ ਕਮਾਨ ਉਨ੍ਹਾਂ ਆਪਣੇ ਭਰਾ ਫ਼ਤਿਹ ਸਿੰਘ ਨੂੰ ਦਿੱਤੀ। ਹਰੀਸ਼ ਢਿਲੋਂ ਲਿਖਦੇ ਹਨ, 'ਆਮੋ-ਸਾਹਮਣੇ ਦੀ ਲੜਾਈ ਵਿੱਚ ਫ਼ਤਿਹ ਸਿੰਘ ਨੇ ਵਜ਼ੀਰ ਖ਼ਾਂ ਦੇ ਸਿਰ 'ਤੇ ਵਾਰ ਕੀਤਾ।' 'ਜਿਵੇਂ ਹੀ ਸਰਹਿੰਦ ਵਿੱਚ ਫੌਜੀਆਂ ਨੇ ਆਪਣੇ ਸੈਨਾਪਤੀ ਦਾ ਕੱਟਿਆ ਸਿਰ ਜ਼ਮੀਨ 'ਤੇ ਡਿਗਦਿਆਂ ਦੇਖਿਆ ਉਨ੍ਹਾਂ ਦਾ ਮਨੋਬਲ ਢਹਿ ਗਿਆ ਅਤੇ ਉਹ ਮੈਦਾਨ ਛੱਡ ਭੱਜ ਗਏ।' ਇਸ ਲੜਾਈ ਵਿੱਚ ਬੰਦਾ ਬਹਾਦਰ ਦੀ ਜਿੱਤ ਹੋਈ। ਸਰਹਿੰਦ ਸ਼ਹਿਰ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਗਿਆ।

ਇਸ ਤੋਂ ਬਾਅਦ ਜਦੋਂ ਬੰਦਾ ਬਹਾਦਰ ਨੂੰ ਖ਼ਬਰ ਮਿਲੀ ਕਿ ਯਮੁਨਾ ਨਦੀ ਦੇ ਪੂਰਬ ਵਿੱਚ ਹਿੰਦੂਆਂ ਨੂੰ ਤੰਗ ਕੀਤਾ ਜਾ ਰਿਹਾ ਹੈ ਤਾਂ ਉਨ੍ਹਾਂ ਨੇ ਯਮੁਨਾ ਨਦੀ ਪਾਰ ਕੀਤੀ ਅਤੇ ਸਹਾਰਨਪੁਰ ਸ਼ਹਿਰ ਨੂੰ ਤਬਾਹ ਕਰ ਦਿੱਤਾ। ਬੰਦਾ ਬਹਾਦਰ ਦੇ ਹਮਲਿਆਂ ਤੋਂ ਉਤਸ਼ਾਹਿਤ ਹੋ ਸਥਾਨਕ ਸਿੱਖ ਲੋਕਾਂ ਨੇ ਦੁਆਬੇ ਵਿੱਚ ਜਲੰਧਰ ਦੇ ਇਲਾਕੇ ਰਾਹੋਂ, ਬਟਾਲਾ ਅਤੇ ਪਠਾਨਕੋਟ 'ਤੇ ਕਬਜ਼ਾ ਕਰ ਲਿਆ।

**ਫ਼ੁਰਖ਼ਸ਼ੀਅਰ ਨੇ ਬੰਦੇ ਨੂੰ ਫੜਨ ਦਾ ਜ਼ਿੰਮਾ ਸਮਦ ਖ਼ਾਨ ਨੂੰ ਸੌਂਪਿਆ**

ਸਾਲ 1712 ਵਿੱਚ ਬਾਦਸ਼ਾਹ ਬਾਹਦਰ ਸ਼ਾਹ ਦੀ ਮੌਤ ਹੋ ਗਈ। ਇਸ ਤੋਂ ਬਾਅਦ ਹੋਈ ਲੜਾਈ ਵਿੱਚ ਸੱਤਾ ਪਹਿਲਾਂ ਜਹੰਦਰ ਦੇ ਹੱਥ ਵਿੱਚ ਆਈ ਅਤੇ ਫਿਰ ਉਸ ਦੇ ਭਤੀਜੇ ਫ਼ੁਰਖ਼ਸ਼ੀਅਰ ਨੂੰ ਮੁਗਲੀਆ ਤਾਜ ਮਿਲਿਆ। ਫ਼ੁਰਖ਼ਸ਼ੀਅਰ ਨੇ ਬੰਦਾ ਸਿੰਘ ਬਹਾਦਰ ਨੂੰ ਫੜਨ ਦੀ ਮੁਹਿੰਮ ਕਸ਼ਮੀਰ ਦੇ ਸੂਬੇਦਾਰ ਅਬਦੁੱਲ ਸਮਦ ਖ਼ਾਨ ਨੂੰ ਸ਼ੁਰੂ ਕਰਨ ਦੇ ਹੁਕਮ ਦਿੱਤੇ। ਸਮਦ ਨੇ 1713 ਦੇ ਆਉਂਦੇ-ਆਉਂਦੇ ਬੰਦਾ ਸਿੰਘ ਬਹਾਦਰ ਨੂੰ ਸਰਹੰਦ ਛੱਡ ਕੇ ਜਾਣ ਲਈ ਮਜਬੂਰ ਕਰ ਦਿੱਤਾ। ਹਾਲਾਂਕਿ ਬੰਦਾ ਸਿੰਘ ਬਹਾਦਰ ਅਤੇ ਸਮਦ ਦੇ ਸੈਨਿਕਾਂ ਦੇ ਦਰਮਿਆਨ ਲੁਕਣ-ਮੀਟੀ ਦਾ ਖੇਡ ਚੱਲਦਾ ਰਿਹਾ। ਆਖ਼ਰਕਾਰ ਸਮਦ ਖਾਂ ਨੇ ਬੰਦਾ ਸਿੰਘ ਬਹਾਦਰ ਨੂੰ ਅਜੋਕੇ ਗੁਰਦਾਸਪੁਰ ਸ਼ਹਿਰ ਤੋਂ ਚਾਰ ਮੀਲ ਦੂਰ ਗੁਰਦਾਸ ਨੰਗਲ ਪਿੰਡ ਦੇ ਇੱਕ ਕਿਲੇ ਵਿੱਚ ਧੱਕਣ ਵਿੱਚ ਸਫ਼ਲਤਾ ਮਿਲੀ।

ਇੱਥੇ ਕਿਲੇ ਨੂੰ ਇੰਨਾ ਸਖ਼ਤ ਘੇਰਾ ਪਾਇਆ ਗਿਆ ਕਿ ਉਸ ਦੇ ਅੰਦਰ ਅਨਾਜ ਦਾ ਇੱਕ ਦਾਣਾ ਤੱਕ ਨਹੀਂ ਪਹੁੰਚ ਸਕਿਆ। ਕਿਲੇ ਦੇ ਅੰਦਰ ਭੁੱਖਮਰੀ ਫੈਲ ਗਈ ਅਤੇ ਬੰਦੇ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਘੋੜਿਆਂ ਅਤੇ ਗਧਿਆਂ ਦਾ ਮਾਸ ਖਾ ਕੇ ਆਪਣੇ-ਆਪ ਨੂੰ ਜ਼ਿੰਦਾ ਰੱਖਣਾ ਪਿਆ।

ਹਰੀਰਾਮ ਗੁਪਤਾ ਲਿਖਦੇ ਹਨ, ਘਾਹ, ਪੱਤੇ ਅਤੇ ਮਾਸ ਤੇ ਗੁਜ਼ਾਰਾ ਕਰਦੇ ਹੋਏ ਬੰਦਾ ਸਿੰਘ ਬਹਾਦਰ ਨੇ ਤਾਕਤਵਰ ਮੁਗ਼ਲ ਫ਼ੌਜ ਦਾ ਅੱਠ ਮਹੀਨਿਆਂ ਤੱਕ ਬੜੀ ਬਹਾਦਰੀ ਨਾਲ ਸਾਹਮਣਾ ਕੀਤਾ। ਆਖ਼ਰਕਾਰ 1715 ਵਿੱਚ ਸਮਦ ਖ਼ਾਨ ਬੰਦਾ ਬਹਾਦਰ ਦੇ ਕਿਲ੍ਹੇ ਵਿੱਚ ਸੰਨ੍ਹ ਲਗਾਉਣ ਵਿੱਚ ਕਾਮਯਾਬ ਹੋ ਗਏ।

**ਬੰਦਾ ਬਹਾਦਰ ਨੂੰ ਦਿੱਲੀ ਲਿਆਂਦਾ ਗਿਆ**

ਬੰਦਾ ਸਿੰਘ ਬਹਾਦਰ ਨੂੰ ਫੜ੍ਹ ਲਏ ਜਾਣ ਤੋਂ ਬਾਅਦ ਉਨ੍ਹਾਂ ਦੇ ਬਹੁਤ ਸਾਰੇ ਸਾਥੀਆਂ ਨੂੰ ਗੁਰਦਾਸ ਨੰਗਲ ਵਿੱਚ ਹੀ ਕਤਲ ਕਰ ਦਿੱਤਾ ਗਿਆ। ਦੂਜੇ ਲੋਕਾਂ ਨੂੰ ਲਾਹੌਰ ਵਾਪਸੀ ਸਮੇਂ ਰਾਵੀ ਦਰਿਆ ਦੇ ਨੇੜੇ ਕਤਲ ਕਰ ਦਿੱਤਾ ਗਿਆ।

ਐਸਐਮ ਲਤੀਫ਼ ਲਿਖਦੇ ਹਨ, ਸੂਬੇਦਾਰ ਨੇ ਜੇਤੂ ਵਾਂਗ ਲਾਹੌਰ ਵਿੱਚ ਪ੍ਰਵੇਸ਼ ਕੀਤਾ। ਉਨ੍ਹਾਂ ਦੇ ਪਿੱਛੇ ਬੰਦਾ ਬਾਹਦਰ ਆਪਣੇ ਸੈਨਿਕਾਂ ਦੇ ਨਾਲ ਤੁਰ ਰਹੇ ਸਨ। ਸਾਰੇ ਕੈਦੀਆਂ ਨੂੰ ਜ਼ੰਜੀਰਾਂ ਨਾਲ ਬੰਨ੍ਹ ਕੇ ਗਧਿਆਂ ਉੱਪਰ ਬੈਠਣ ਲਈ ਮਜਬੂਰ ਕੀਤਾ ਗਿਆ ਸੀ। ਸਮਦ ਖ਼ਾਨ ਨੇ ਬਾਦਸ਼ਾਹ ਤੋਂ ਬੰਦਾ ਸਿੰਘ ਬਹਾਦਰ ਨੂੰ ਖ਼ੁਦ ਦਿੱਲੀ ਲੈ ਜਾਣ ਦੀ ਆਗਿਆ ਮੰਗੀ ਪਰ ਬਾਦਸ਼ਾਹ ਨੇ ਮਨ੍ਹਾਂ ਕਰ ਦਿੱਤਾ। ਫਿਰ ਅਗਲੇ ਦਿਨ ਸਮਦ ਖ਼ਾਨ ਨੇ ਆਪਣੇ ਪੁੱਤਰ ਜ਼ਕਰੀਆ ਖ਼ਾਨ ਦੀ ਅਗਵਾਈ ਵਿੱਚ ਇਨ੍ਹਾਂ ਕੈਦੀਆਂ ਨੂੰ ਦਿੱਲੀ ਲਈ ਰਵਾਨਾ ਕੀਤਾ।

27 ਫ਼ਰਵਰੀ ਨੂੰ ਇਹ ਜਲੂਸ ਦਿੱਲੀ ਵਿੱਚ ਦਾਖ਼ਲ ਹੋਇਆ। ਜਲੂਸ ਨੂੰ ਦੇਖਣ ਲਈ ਵੱਡੀ ਗਿਣਤੀ ਵਿੱਚ ਦਿੱਲੀ ਵਾਸੀ ਸੜਕਾਂ 'ਤੇ ਇਕੱਠੇ ਹੋਏ ਸਨ।

ਜੇਬੀਐਸ ਯੂਬਿਰੌਏ ਆਪਣੀ ਕਿਤਾਬ 'ਰੀਜਨਲ, ਸਿਵਲ ਸੋਸਾਈਟੀ ਐਂਡ ਦਿ ਸਟੇਟ- ਏ ਸਟੱਡੀ ਆਫ਼ ਸਿੱਖਿਜ਼ਮ' ਵਿੱਚ ਲਿਖਦੇ ਹਨ, "ਇੱਕ ਅੰਗਰੇਜ਼ ਨੇ ਜੋ ਜਨਵਰੀ 1716 ਵਿੱਚ ਦਿੱਲੀ ਵਿੱਚ ਸੀ, ਨੇ ਲਿਖਿਆ ਸੀ ਕਿ ਉਸ ਨੇ ਦਿੱਲੀ ਜਾਣ ਵਾਲੇ ਜਲੂਸ ਨੂੰ ਦੇਖਿਆ ਸੀ। ਉਸ ਵਿੱਚ ਕਰੀਬ 744 ਜ਼ਿੰਦਾ ਸਿੱਖ ਕੈਦੀ ਤੁਰ ਰਹੇ ਸਨ।""ਉਨ੍ਹਾਂ ਨੂੰ ਦੋ-ਦੋ ਕਰਕੇ ਬਿਨਾਂ ਕਾਠੀ ਵਾਲੇ ਊਠਾਂ ਉੱਪਰ ਬੰਨ੍ਹਿਆ ਹੋਇਆ ਸੀ। ਜਾਣੀ 377 ਊਠਾਂ ਦਾ ਕਾਫ਼ਲਾ ਚੱਲ ਰਿਹਾ ਸੀ। ਹਰੇਕ ਕੈਦੀ ਦਾ ਇੱਕ ਹੱਥ ਗਰਦਨ ਦੇ ਪਿੱਛੇ ਲੋਹੇ ਦੀ ਜ਼ੰਜੀਰ ਨਾਲ ਬੰਨ੍ਹਿਆ ਹੋਇਆ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਲੰਬੇ ਬਾਂਸਾਂ ਉੱਪਰ 2000 ਸਿੱਖਾਂ ਦੇ ਸਿਰ ਟੰਗੇ ਹੋਏ ਸਨ।""ਉਨ੍ਹਾਂ ਦੇ ਪਿੱਛੇ ਬੰਦਾ ਬਾਹਦਰ ਚੱਲ ਰਹੇ ਸਨ। ਉਨ੍ਹਾਂ ਨੂੰ ਇੱਕ ਲੋਹੇ ਦੇ ਪਿੰਜਰੇ ਵਿੱਚ ਪਾ ਕੇ ਹਾਥੀ ਉੱਪਰ ਬੰਨ੍ਹਿਆ ਗਿਆ ਸੀ। ਉਨ੍ਹਾਂ ਦੇ ਦੋਵੇਂ ਹੱਥ ਅਤੇ ਦੋਵੇਂ ਪੈਰ ਲੋਹੇ ਦੀਆਂ ਸਾਂਕਲਾਂ ਨਾਲ ਜਕੜੇ ਹੋਏ ਸਨ। ਉਨ੍ਹਾਂ ਦੇ ਆਸ-ਪਾਸ ਨੰਗੀਆਂ ਤਲਵਾਰਾਂ ਲਈ ਦੋ ਮੁਗਲ ਸਿਪਾਹੀ ਖੜ੍ਹੇ ਸਨ।"

**ਕੈਦੀਆਂ ਨੂੰ ਮਾਰਨ ਦਾ ਹੁਕਮ**

ਕੈਦੀਆਂ ਨੂੰ 5 ਮਾਰਚ 1716 ਨੂੰ ਇੱਕ ਹਫ਼ਤੇ ਤੱਕ ਕੈਦ ਵਿੱਚ ਰੱਖਣ ਤੋਂ ਬਾਅਦ ਕਤਲੇਆਮ ਸ਼ੁਰੂ ਹੋਇਆ। ਹਰ ਸਵੇਰੇ ਕੋਤਵਾਲ ਸਰਬਰਾਹ ਖ਼ਾਨ ਇਨ੍ਹਾਂ ਕੈਦੀਆਂ ਨੂੰ ਕਹਿੰਦਾ, ਤੁਹਾਨੂੰ ਆਪਣੀ ਗ਼ਲਤੀ ਸੁਧਾਰਨ ਦਾ ਆਖ਼ਰੀ ਮੌਕਾ ਦਿੱਤਾ ਜਾ ਰਿਹਾ ਹੈ। ਸਿੱਖ ਗੁਰੂਆਂ ਦੀ ਸਿੱਖਿਆ ਵਿੱਚ ਆਪਣਾ ਅਕੀਦਾ ਖ਼ਤਮ ਕਰੋ ਜਾਂ ਇਸਲਾਮ ਕਬੂਲ ਕਰ ਲਓ। ਤੁਹਾਡੀ ਜਾਨ ਬਖ਼ਸ਼ ਦਿੱਤੀ ਜਾਵੇਗੀ। ਹਰੀਸ਼ ਢਿੱਲੋਂ ਲਿਖਦੇ ਹਨ, ''ਹਰ ਸਿੱਖ ਨੇ ਮੁਸਕਰਾਉਂਦੇ ਹੋਏ ਆਪਣਾ ਸਿਰ ਹਿਲਾ ਕੇ ਕੋਤਵਾਲ ਦੀ ਪੇਸ਼ਕਸ਼ ਦਾ ਜਵਾਬ ਦਿੱਤਾ। ਸੱਤ ਦਿਨਾਂ ਤੱਕ ਲਗਾਤਾਰ ਹੋਏ ਸਿੱਖਾਂ ਦੇ ਕਤਲੇਆਮ ਨੂੰ ਬਾਅਦ ਵਿੱਚ ਕੁਝ ਦਿਨਾਂ ਲਈ ਰੋਕ ਦਿੱਤਾ ਗਿਆ।''

'ਕੋਤਵਾਲ ਨੇ ਫ਼ੁਰਖ਼ਸ਼ੀਅਰ ਨੂੰ ਸਲਾਹ ਦਿੱਤੀ ਕਿ ਬੰਦਾ ਸਿੰਘ ਨੂੰ ਆਪਣੇ ਫ਼ੈਸਲੇ ਉੱਪਰ ਮੁੜ ਵਿਚਾਰ ਕਰਨ ਲਈ ਕੁਝ ਸਮਾਂ ਹੋਰ ਦਿੱਤਾ ਜਾਵੇ। ਜੇਲ੍ਹ ਵਿੱਚ ਏਕਾਂਤਵਾਸ ਵਿੱਚ ਰਹਿ ਰਹੇ ਬੰਦਾ ਬਹਾਦਰ ਦੀ ਕੋਠਰੀ ਦੇ ਸਾਹਮਣਿਓਂ ਜਦੋਂ ਵੀ ਕੋਤਵਾਲ ਸਰਬਰਾਹ ਖ਼ਾਨ ਗੁਜ਼ਰਦਾ ਤਾਂ ਉਹ ਉਨ੍ਹਾਂ ਨੂੰ ਆਪਣੀ ਮਾਲਾ ਫੇਰਦੇ ਹੋਏ ਦੇਖਦਾ।'

**ਕੋਤਵਾਲ ਨੇ ਤਸੀਹਿਆਂ ਦੀਆਂ ਸਾਰੀਆਂ ਹੱਦਾਂ ਪਾਰ ਕੀਤੀਆਂ**

9 ਜੂਨ, 1716 ਨੂੰ ਬੰਦੇ ਅਤੇ ਉਨ੍ਹਾਂ ਦੇ ਕੁਝ ਸਾਥੀਆਂ ਨੂੰ ਕੁਤਬ ਮੀਨਾਰ ਦੇ ਕੋਲ ਮਹਿਰੌਲੀ ਵਿੱਚ ਬਹਾਦਰ ਸ਼ਾਹ ਦੀ ਕਬਰ 'ਤੇ ਲਿਜਾਇਆ ਗਿਆ। ਉੱਥੇ ਉਨ੍ਹਾਂ ਨੂੰ ਆਪਣਾ ਸਿਰ ਝੁਕਾਉਣ ਲਈ ਕਿਹਾ ਗਿਆ। ਬੰਦਾ ਬਹਾਦਰ ਦੇ ਚਾਰ ਸਾਲਾ ਪੁੱਤਰ ਅਜੈ ਸਿੰਘ ਨੂੰ ਉਨ੍ਹਾਂ ਦੇ ਸਾਹਮਣੇ ਬਿਠਾ ਦਿੱਤਾ ਗਿਆ। ਹਰੀਸ਼ ਢਿੱਲੋਂ ਲਿਖਦੇ ਹਨ,'ਕੋਤਵਾਲ ਸਰਬਰਾਹ ਖ਼ਾਨ ਦੇ ਇਸ਼ਾਰੇ ਉੱਪਰ ਅਜੈ ਸਿੰਘ ਦੇ ਤਲਵਾਰ ਨਾਲ ਟੁਕੜੇ ਕਰ ਦਿੱਤੇ ਗਏ। ਬੰਦਾ ਬਹਾਦਰ ਅਡੋਲ ਬੈਠੇ ਰਹੇ। ਅਜੈ ਸਿੰਘ ਦੇ ਦਿਲ ਨੂੰ ਉਨ੍ਹਾਂ ਦੇ ਸਰੀਰ ਵਿੱਚੋਂ ਕੱਢ ਕੇ ਬੰਦਾ ਬਹਾਦਰ ਦੇ ਮੂੰਹ ਵਿੱਚ ਤੁੰਨਿਆ ਗਿਆ। ਇਸ ਤੋਂ ਬਾਅਦ ਜਲਾਦ ਨੇ ਆਪਣਾ ਧਿਆਨ ਬੰਦੇ ਵੱਲ ਮੋੜਿਆ। ਉਨ੍ਹਾਂ ਦਾ ਮਾਸ ਨੋਚਿਆ ਗਿਆ। ਇਸ ਦੌਰਾਨ ਪੂਰੀ ਕੋਸ਼ਿਸ਼ ਕੀਤੀ ਗਈ ਕਿ ਉਨ੍ਹਾਂ ਨੂੰ ਜ਼ਿੰਦਾ ਰੱਖਿਆ ਜਾਵੇ। ਆਖ਼ਰ ਕਈ ਤਸੀਹੇ ਦੇਣ ਮਗਰੋਂ ਜਲਾਦ ਨੇ ਬੰਦੇ ਦੇ ਸਿਰ ਨੂੰ ਧੜ ਤੋਂ ਵੱਖ ਕਰ ਦਿੱਤਾ। ਬੰਦਾ ਬਹਾਦਰ ਦੀ ਮੌਤ ਤੋਂ ਦੋ ਸਾਲ ਬਾਅਦ ਸਈਦ ਭਰਾਵਾਂ ਨੇ ਮਰਾਠਿਆਂ ਦੀ ਮਦਦ ਨਾਲ ਫ਼ੁਰਖ਼ਸ਼ੀਅਰ ਬਾਦਸ਼ਾਹ ਨੂੰ ਗੱਦੀ ਤੋਂ ਲਾਹਿਆ ਅਤੇ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੀਆਂ ਅੱਖਾਂ ਕੱਢ ਦਿੱਤੀਆਂ। ਇਸ ਤੋਂ ਬਾਅਦ ਮੁਗਲ ਸਾਮਰਾਜ ਦਾ ਪਤਨ ਸ਼ੁਰੂ ਹੋਇਆ। ਨੌਬਤ ਇੱਥੋਂ ਤੱਕ ਆ ਗਈ ਕਿ ਦਿੱਲੀ ਦੇ ਬਾਦਸ਼ਾਹ ਅੰਗਰੇਜ਼ਾਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਰਹਿ ਗਏ ਅਤੇ ਦਿੱਲੀ ਦੇ ਲਾਲ ਕਿਲੇ ਤੋਂ ਕੁਤਬਮੀਨਾਰ ਤੱਕ ਸੀਮਤ ਹੋ ਗਏ। ਸ਼੍ਰੀਨਗਰ ਅਤੇ ਲਾਹੌਰ ਉੱਪਰ ਰਣਜੀਤ ਸਿੰਘ ਦਾ ਕਬਜ਼ਾ ਹੋ ਗਿਆ ਅਤੇ ਦੱਖਣੀ ਭਾਰਤ ਤੋਂ ਲੈ ਕੇ ਪਾਣੀਪੱਤ ਤੱਕ ਦਾ ਵਿਸ਼ਾਲ ਇਲਾਕਾ ਮਰਾਠਿਆਂ ਦੇ ਅਧੀਨ ਆ ਗਿਆ। ਰਵਿੰਦਰ ਨਾਥ ਟੈਗੋਰ ਨੇ ਬੰਦਾ ਬਹਾਦਰ ਨੂੰ ਸਮਰਪਿਤ ਕਵਿਤਾ 'ਬੰਦੀ ਵੀਰ' ਲਿਖੀ।

**ਨਵੇਂ ਸਿੱਕੇ ਅਤੇ ਮੋਹਰ ਜਾਰੀ ਕੀਤੀ**

ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਨਵੇਂ ਕਾਰਜਕਾਰੀ ਕੇਂਦਰ ਨੂੰ ਲੋਹਗੜ੍ਹ ਦਾ ਨਾਮ ਦਿੱਤਾ। ਸਰਹਿੰਦ ਦੀ ਜਿੱਤ ਨੂੰ ਯਾਦ ਕਰਦਿਆਂ ਉਨ੍ਹਾਂ ਨੇ ਨਵੇਂ ਸਿੱਕੇ ਢਲਵਾਏ ਅਤੇ ਆਪਣੀ ਨਵੀਂ ਮੋਹਰ ਜਾਰੀ ਕੀਤੀ।

ਉਨ੍ਹਾਂ ਸਿੱਕਿਆਂ 'ਤੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਚਿੱਤਰ ਸਨ। ਸਾਲ 1710 ਵਿੱਚ 66 ਸਾਲਾ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਖ਼ੁਦ ਬੰਦਾ ਸਿੰਘ ਬਹਾਦਰ ਖ਼ਿਲਾਫ਼ ਜੰਗ ਦੇ ਮੈਦਾਨ ਵਿੱਚ ਉੱਤਰੇ। ਦੱਖਣ ਤੋਂ ਵਾਪਸ ਆਉਂਦਿਆਂ ਬਹਾਦਰ ਸ਼ਾਹ ਦਿੱਲੀ ਵਿੱਚ ਨਹੀਂ ਰੁਕੇ ਅਤੇ ਉਨ੍ਹਾਂ ਨੇ ਸਿੱਧਾ ਲੋਹਗੜ੍ਹ ਵੱਲ ਰੁਖ ਕੀਤਾ। ਮੁਗ਼ਲ ਫ਼ੌਜ ਬੰਦਾ ਬਹਾਦਰ ਦੀ ਫ਼ੌਜ ਤੋਂ ਕਿਤੇ ਵੱਡੀ ਸੀ। ਬੰਦਾ ਸਿੰਘ ਬਹਾਦਰ ਨੂੰ ਭੇਸ ਬਦਲ ਕੇ ਲੋਹਗੜ੍ਹ ਵਿੱਚੋਂ ਜਾਣ ਲਈ ਮਜ਼ਬੂਰ ਹੋਣਾ ਪਿਆ। ਐੱਸ ਐੱਸ ਲਤੀਫ਼ ਆਪਣੀ ਕਿਤਾਬ 'ਦ ਹਿਸਟਰੀ ਆਫ਼ ਪੰਜਾਬ' ਵਿੱਚ ਲਿਖਦੇ ਹਨ, 'ਬੰਦਾ ਬਹਾਦਰ ਨੂੰ ਧਿਆਨ ਵਿੱਚ ਰੱਖ ਕੇ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੇ ਹੁਕਮ ਦਿੱਤਾ ਕਿ ਹੁਣ ਦਿੱਲੀ ਦੀ ਬਜਾਇ ਲਾਹੌਰ ਉਨ੍ਹਾਂ ਦੀ ਰਾਜਧਾਨੀ ਹੋਵੇਗੀ।' ਲਾਹੌਰ ਤੋਂ ਉਨ੍ਹਾਂ ਨੇ ਬੰਦਾ ਸਿੰਘ ਬਹਾਦਰ ਨੂੰ ਫੜਨ ਲਈ ਆਪਣੇ ਫ਼ੌਜੀ ਕਮਾਂਡਰ ਭੇਜੇ। ਉਸ ਸਮੇਂ ਤੱਕ ਬੰਦਾ ਸਿੰਘ ਬਹਾਦਰ ਨੇ ਖ਼ੁਦ ਨੂੰ ਆਪਣੀ ਪਤਨੀ ਅਤੇ ਕੁਝ ਸਿੱਖਾਂ ਦੇ ਨਾਲ ਪਹਾੜਾਂ ਵਿੱਚ ਲਕੋ ਲਿਆ ਸੀ। ਜਦੋਂ ਇੱਕ ਕਮਾਂਡਰ ਖਾਲੀ ਹੱਥ ਵਾਪਸ ਆਇਆ ਤਾਂ ਬਹਾਦਰ ਸ਼ਾਹ ਨੇ ਉਸ ਨੂੰ ਕਿਲੇ ਵਿੱਚ ਹੀ ਹਿਰਾਸਤ ਵਿੱਚ ਰੱਖਣ ਦੇ ਹੁਕਮ ਦਿੱਤੇ। ਲਾਹੌਰ ਵਿੱਚ ਸਿੱਖਾਂ ਦੇ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਗਈ। ਹਾਲਾਂਕਿ ਬੰਦੇ ਦੇ ਸਾਥੀ ਰਾਤ ਨੂੰ ਰਾਵੀ ਦਰਿਆ ਪਾਰ ਕਰਕੇ ਤੈਰਦੇ ਹੋਏ ਲਾਹੌਰ ਦੇ ਬਾਹਰੀ ਇਲਾਕਿਆਂ ਵਿੱਚ ਆਉਂਦੇ ਅਤੇ ਮੁਗਲ ਪ੍ਰਸ਼ਾਸਨ ਨੂੰ ਤੰਗ ਕਰਕੇ ਦਿਨ ਚੜ੍ਹਨ ਤੋਂ ਪਹਿਲਾਂ ਦਰਿਆ ਪਾਰ ਕਰਕੇ ਚਲੇ ਜਾਂਦੇ।

**ਧੰਨਵਾਦ ਸਹਿਤ ਬੀਬੀਸੀ**

A-CHOICE DRIVING SCHOOL
Bay# 324, 4774 Westwinds Dr NE
Calgary Alberta T3J 0L9
Tel: 403-473-1682

Punjab MONEY EXCHANGE
NO EXTRA CHARGES
Pick Up & Delivery
Contact for Sending & Receiving
MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance
Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.

TDS TICKET DISPUTE SOLUTIONS
AMARDEEP PANDHER
"Your Ticket Defender"
NO TEXTING · STOP SIGN · SPEEDING · TRAFFIC TICKETS · RED LIGHT
CALL NOW TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com www.ticketdisputesolutions.com
9220-34 Ave NW Edmonton, Alberta

ARROW DRYWALL INC.
The Name You Can Trust
Products of Services:
• Insulation • Drywall • Taping • Texturing • Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ • ਡਰਾਈਵਾਲ • ਟੇਪਿੰਗ • ਬਲੋ ਇੰਸੂਲੇਸ਼ਨ • ਟੈਕਸਚਰਿੰਗ •
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

# ਇੰਡੋ ਕਨੇਡੀਅਨ ਕਮਿਓਨਿਟੀ ਐਸੋਸੀਏਸ਼ਨ ਕੈਲਗਰੀ ਵੱਲੋਂ ਸਾਲਾਨਾ ਇੰਟਰ-ਐਕਸ਼ਨ ਮਲਟੀਕਲਚਰਲ ਪ੍ਰੋਗਰਾਮ ਮਨਾਇਆ






ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫਾਲਕਨਰਿਜ਼ ਕਮਿਊਨਿਟੀ ਐਸੋਸੀਏਸ਼ਨ ਦੇ ਹਾਲ ਵਿੱਚ ਬੀਤੀ 8 ਮਈ ਵਾਲੇ ਦਿਨ ਇੱਕ ਸਾਲਾਨਾ ਇੰਟਰ-ਐਕਸ਼ਨ ਮਲਟੀਕਲਚਰਲ ਪ੍ਰੋਗਰਾਮ ਮਨਾਇਆ ਗਿਆ। ਬਹੁਤ ਸਾਰੀਆਂ ਐਸੋਸੀਏਸ਼ਨਾਂ ਦੇ ਮੈਂਬਰ, ਕੈਲਗਰੀ ਦੀਆਂ ਨਾਮਵਰ ਸ਼ਖਸੀਅਤਾਂ, ਬੰਗਲਾਦੇਸ਼ੀ, ਨੇਪਾਲੀਜ਼, ਜੈਮੀਕਨ, ਗੁਜਰਾਤੀ, ਮੁਸਲਮਾਨ, ਹਿੰਦੂ ਅਤੇ ਪੰਜਾਬੀ ਮੂਲ ਦੇ ਹੋਰ ਭਾਈਚਾਰਿਆਂ ਦੇ ਲੋਕ ਸ਼ਾਮਲ ਹੋਏ।

ਅਮਰੀਕ ਸਿੰਘ ਸਰੋਆ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ ਅਤੇ ਪ੍ਰੋਗਰਾਮ ਬਾਰੇ ਸੰਖੇਪ ਜਾਣਕਾਰੀ ਦਿੱਤੀ। ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੇ ਮੰਚ ਸੰਚਾਲਨ ਦੀ ਜਿੰਮੇਬਾਰੀ ਸੰਭਾਲੀ ਹੋਈ ਸੀ। ਖਾਲਸਾ ਸਾਜਨਾ ਦਿਵਸ, ਵਿਸਾਖੀ, ਅੰਤਰ-ਕਿਰਿਆ ਬਹੁ-ਸੱਭਿਆਚਾਰ ਪ੍ਰੋਗਰਾਮ, ਸਿੱਖ ਵਿਰਾਸਤ ਮਹੀਨਾ



ਅਤੇ ਹੋਰ ਸਾਰੇ ਪ੍ਰੋਗਰਾਮਾਂ ਨੂੰ ਸਮੂਹ ਭਾਈਚਾਰਿਆਂ ਦੁਆਰਾ ਆਪਣੇ ਸੱਭਿਆਚਾਰ ਅਤੇ ਵਿਰਸੇ ਨੂੰ ਦਰਸਾਉਂਦੇ ਹੋਏ ਸਮੂਹ ਪ੍ਰਦਰਸ਼ਨ ਹਾਜਰੀਨ ਦਰਸਕਾਂ ਨੂੰ ਬੈਠਣ ਲਈ ਮਜਬੂਰ ਕਰ ਰਹੇ ਸਨ। ਪੰਜਾਬੀ, ਹਿੰਦੂ, ਗੁਜਰਾਤੀ, ਹੈਮੀਕਨ, ਨੇਪਾਲੀ, ਬੰਗਲਾਦੇਸ਼ੀ ਅਤੇ ਮੁਸਲਮਾਨ ਭਾਈਚਾਰਿਆਂ ਦੇ ਕਲਾਕਾਰਾਂ ਨੇ ਅਪ੍ਰੈਲ ਵਿੱਚ ਵਾਪਰੀਆਂ ਸਾਰੀਆਂ ਘਟਨਾਵਾਂ ਦੇ ਸਬੰਧ ਵਿੱਚ ਸਟੇਜ 'ਤੇ ਪ੍ਰਦਰਸ਼ਨ ਕੀਤਾ ਅਤੇ ਮਾਂ ਦਿਵਸ 'ਤੇ ਵੀ ਜੋ ਅੱਜ ਹੀ ਸੀ। ਮੀਤ ਪ੍ਰਧਾਨ ਮੋਹਨ ਸਿੰਘ ਸਿੱਧੂ ਨੂੰ ਲੌਂਗਟਾਈਮ ਵਲੰਟਰੀ ਕੰਟਰੀਬਿਊਸ਼ਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਅਤੇ ਕੌਂਸਲਰ ਰਾਜ ਧਾਲੀਵਾਲ ਨੂੰ ਵੀ ਸਿਟੀ ਕੌਂਸਲ ਆਫ਼ ਕੈਲਗਰੀ ਵੱਲੋਂ ਆਪਣੇ ਅਣਥੱਕ ਯਤਨਾਂ ਨਾਲ ਅਪ੍ਰੈਲ ਮਹੀਨੇ ਦਾ ਸਿੱਖ ਵਿਰਾਸਤੀ ਮਹੀਨਾ ਐਲਾਨਣ ਲਈ ਮਾਨਤਾ ਦਿੱਤੀ ਗਈ। ਮੇਅਰ ਡਾ: ਜੋਤੀ ਗੋਂਡੇਕ ਅਤੇ ਪ੍ਰੋਫ਼ੈਸਰ ਮਾਈਕਲ ਹਾਵਲੇ ਪਹਿਲਾਂ ਰੁਝੇਵਿਆਂ ਕਾਰਨ ਆਪਣਾ ਐਵਾਰਡ ਲੈਣ ਨਹੀਂ ਆ ਸਕੇ। ਮਾਨਯੋਗ ਇਰਫਾਨ ਸਬੀਰ ਨੇ ਵੀ ਇਸ ਮੌਕੇ 'ਤੇ ਬੋਲਦਿਆਂ ਇੱਕਾ ਦੀ ਸਮੁੱਚੀ ਟੀਮ ਨੂੰ ਅਜਿਹੇ ਸ਼ਾਨਦਾਰ ਪ੍ਰੋਗਰਾਮ ਦੇ ਆਯੋਜਨ ਲਈ ਵਧਾਈ ਦਿੱਤੀ। ਚਲਦੇ ਪਰੋਗਰਾਮ ਦੌਰਾਨ ਚਾਹ ਪਕੌੜੇ ਵੀ ਨਾਲੋ ਨਾਲ ਚਲਦੇ ਰਹੇ। ਅੰਤ ਵਿੱਚ ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੇ ਇਸ ਵਿਲੱਖਣ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਸਾਰਿਆਂ ਦਾ ਧੰਨਵਾਦ ਕੀਤਾ। ਕੁੱਲ ਮਿਲਾ ਕੇ ਇਹ ਇੱਕ ਬਹੁਤ ਹੀ ਸਫਲ ਪ੍ਰੋਗਰਾਮ ਹੋ ਨਿਬੜਿਆ।

# ਸ੍ਰੀ ਲੰਕਾ ਵਿੱਚ ਭੜਕੀ ਹਿੰਸਾ ਦੌਰਾਨ ਸੰਸਦ ਮੈਂਬਰ ਅਤੇ ਉਸਦੇ ਨਿੱਜੀ ਸੁਰੱਖਿਆ ਅਧਿਕਾਰੀ ਦੀ ਵੀ ਮੌਤ ਹੋਈ

ਸ੍ਰੀਲੰਕਾ (ਪੰਜਾਬੀ ਅਖ਼ਬਾਰ ਬਿਊਰੋ) ਸ੍ਰੀਲੰਕਾ ਵਿੱਚ ਸਰਕਾਰ ਦੇ ਸਮਰਥਕਾਂ ਤੇ ਵਿਰੋਧੀਆਂ ਵਿਚਾਲੇ ਹੋਈਆਂ ਹਿੰਸਕ ਝੜਪਾਂ ਵਿੱਚ ਮੁਲਕ ਦੀ ਸੱਤਾਧਾਰੀ ਧਿਰ ਦੇ ਇੱਕ ਸੰਸਦ ਮੈਂਬਰ ਅਤੇ ਉਨ੍ਹਾਂ ਦੇ ਨਿੱਜੀ ਸੁਰੱਖਿਆ ਅਧਿਕਾਰੀ ਸਣੇ ਚਾਰ ਜਣਿਆਂ ਦੀ ਮੌਤ ਹੋ ਗਈ ਹੈ। ਹਿੰਸਕ ਝੜਪਾਂ ਵਿੱਚ 174 ਜਣੇ ਜ਼ਖ਼ਮੀ ਵੀ ਹੋਏ ਹਨ। ਹਿੰਸਾ ਭੜਕਣ ਮਗਰੋਂ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸੇ ਨੇ ਅਸਤੀਫਾ ਦੇ ਦਿੱਤਾ ਹੈ। ਲੋਕਾਂ ਨੇ ਕਈ ਸਾਬਕਾ ਮੰਤਰੀਆਂ ਤੇ ਸਿਆਸੀ ਆਗੂਆਂ ਦੇ ਘਰਾਂ-ਦਫ਼ਤਰਾਂ ਨੂੰ ਨਿਸ਼ਾਨਾ ਬਣਾਇਆ। ਦੂਜੇ ਪਾਸੇ ਲੋਕਾਂ ਦਾ ਕਹਿਣਾ ਹੈ ਕਿ ਸੰਸਦ ਮੈਂਬਰ ਦੀ ਕਾਰ ਵਿੱਚੋਂ ਗੋਲੀ ਚੱਲੀ ਸੀ ਅਤੇ ਭੜਕੀ ਭੀੜ ਨੇ ਜਦੋਂ ਉਨ੍ਹਾਂ ਨੂੰ ਕਾਰ ਵਿੱਚੋਂ ਉਤਾਰਿਆ ਤਾਂ ਉਨ੍ਹਾਂ ਭੱਜ ਕੇ ਇੱਕ ਇਮਾਰਤ ਵਿੱਚ ਸ਼ਰਨ ਲੈ ਲਈ। ਲੋਕਾਂ ਦਾ ਕਹਿਣਾ ਹੈ ਕਿ ਸੰਸਦ ਮੈਂਬਰ ਨੇ ਆਪਣੀ ਰਿਵਾਲਵਰ ਨਾਲ ਗੋਲੀ ਮਾਰ ਕੇ ਖ਼ੁਦਕੁਸ਼ੀ ਕੀਤੀ ਹੈ। ਪੁਲੀਸ ਮੁਤਾਬਕ ਹਜ਼ਾਰਾਂ ਲੋਕਾਂ ਨੇ ਇਮਾਰਤ ਘੇਰੀ ਹੋਈ ਸੀ ਅਤੇ ਬਾਅਦ ਵਿੱਚ ਸੰਸਦ ਮੈਂਬਰ ਅਤੇ ਉਨ੍ਹਾਂ ਦੇ ਨਿੱਜੀ ਸੁਰੱਖਿਆ ਅਧਿਕਾਰੀ ਮ੍ਰਿਤਕ ਮਿਲੇ। ਭੜਕੀ ਭੀੜ ਵੱਲੋਂ ਕਈ ਇਮਾਰਤਾਂ ਨੂੰ ਅੱਗ ਲਾਏ ਜਾਣ ਦੀਆਂ ਖਬਰਾਂ ਵੀ ਮਿਲ ਰਹੀਆਂ ਹਨ।

# ਅਮਰੀਕਾ ਨੇ ਕਈ ਤਰ੍ਹਾਂ ਦੇ ਖ਼ਤਮ ਹੋ ਰਹੇ ਵਰਕ ਪਰਮਿਟਾਂ ਦੀ ਮਿਆਦ ਡੇਢ ਸਾਲ ਤੱਕ ਵਧਾਈ ਹੈ




ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਪ੍ਰਸ਼ਾਸਨ ਨੇ ਐਲਾਨ ਕੀਤਾ ਹੈ ਕਿ ਕੁੱਝ ਸ਼੍ਰੇਣੀਆਂ ਦੇ ਪਰਵਾਸੀਆਂ ਨੂੰ ਮਿਆਦ ਪੁੱਗਣ ਤੋਂ ਬਾਅਦ ਡੇਢ ਸਾਲ ਲਈ 'ਵਰਕ ਪਰਮਿਟ' ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਇਸ ਸ਼੍ਰੇਣੀ ਵਿੱਚ ਗ੍ਰੀਨ ਕਾਰਡ ਦੀ ਮੰਗ ਕਰਨ ਵਾਲੇ ਲੋਕ ਅਤੇ ਐੱਚ-1ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀ ਸ਼ਾਮਲ ਹਨ। ਇਸ ਨਾਲ ਹਜ਼ਾਰਾਂ ਭਾਰਤੀਆਂ ਨੂੰ ਰਾਹਤ ਮਿਲੀ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਵੱਲੋਂ ਜਾਰੀ ਕੀਤਾ ਗਿਆ ਇਹ ਹੁਕਮ ਬੀਤੀ 4 ਮਈ ਤੋਂ ਲਾਗੂ ਹੋ ਗਿਆ ਹੈ। ਸੁਰੱਖਿਆ ਵਿਭਾਗ ਅਨੁਸਾਰ ਮੌਜੂਦਾ ਰੁਜ਼ਗਾਰ ਅਧਿਕਾਰ ਕਾਰਡ (ਈਏਡੀ) 'ਤੇ ਦੱਸੀ ਗਈ ਮਿਆਦ ਪੁੱਗਣ ਦੀ ਮਿਤੀ ਤੋਂ ਇਸ ਦੀ ਮਿਆਦ ਆਪਣੇ ਆਪ 180 ਦਿਨਾਂ ਤੋਂ 540 ਦਿਨਾਂ ਤੱਕ ਵੱਧ ਜਾਵਗੀ। ਭਾਰਤੀ-ਅਮਰੀਕੀ ਭਾਈਚਾਰੇ ਦੇ ਨੇਤਾ ਅਜੈ ਜੈਨ ਭੂਟੋਰੀਆ ਨੇ ਕਿਹਾ ਕਿ ਨਿਯਮ ਵਿੱਚ ਤਬਦੀਲੀ ਨਾਲ ਉਨਾਂ 87,000 ਪਰਵਾਸੀਆਂ ਨੂੰ ਲਾਭ ਮਿਲੇਗਾ, ਜਿਨ੍ਹਾਂ ਦੇ ਵਰਕ ਪਰਮਿਟ ਦੀ ਮਿਆਦ ਪੁੱਗ ਚੁੱਕੀ ਹੈ ਜਾਂ ਅਗਲੇ 30 ਦਿਨਾਂ ਵਿੱਚ ਖਤਮ ਹੋਣ ਵਾਲੀ ਹੈ।

## ਰੂਸ-ਯੂਕਰੇਨ ਯੁੱਧ ਦੌਰਾਨ ਗੰਭੀਰ ਬਿਮਾਰੀਆਂ ਵਾਲੇ 3000 ਲੋਕ ਇਲਾਜ ਤੋਂ ਬਿਨਾਂ ਮਾਰੇ ਗਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵਿਸ਼ਵ ਸਿਹਤ ਸੰਗਠਨ ਯਾਨੀ ਡਬਲਿਊ ਐਚ - ਨੇ ਆਖਿਆ ਹੈ ਕਿ ਰੂਸ ਯੂਕਰੇਨ ਜੰਗ ਦੌਰਾਨ ਯੂਕਰੇਨ ਦੇ ਵਿੱਚ ਗੰਭੀਰ ਬਿਮਾਰੀਆਂ ਦਾ ਸਾਹਮਣਾ ਕਰ ਰਹੇ ਘੱਟੋ ਘੱਟ 3000 ਲੋਕਾਂ ਦੀ *ਇਲਾਜ* ਨਾ ਹੋਣ ਕਾਰਨ ਮੌਤ ਹੋ ਗਈ ਹੈ ਕਿਉਂਕਿ ਜ਼ਿਆਦਾਤਰ ਹਸਪਤਾਲਾਂ ਵਿੱਚ ਜੰਗ ਕਾਰਨ ਇਲਾਜ ਹੁਣ ਅਸੰਭਵ ਨਹੀਂ ਸੀ। ਡਬਲਿਊ ਐਚ - ਦੇ ਯੂਰਪ ਦੇ ਮੁਖੀ ਡਾ ਹੈਂਸ ਕਲੂਗੇ ਨੇ ਦੱਸਿਆ ਕਿ ਉਨ੍ਹਾਂ ਕੋਲ ਮੌਜੂਦ ਦਸਤਾਵੇਜ਼ਾਂ ਅਨੁਸਾਰ ਹਸਪਤਾਲਾਂ ਜਾਂ ਸਿਹਤ ਕੇਂਦਰਾਂ ਉੱਪਰ 200 ਹਮਲੇ ਹੋਏ ਹਨ ਜਿਸ ਕਾਰਨ ਯੂਕਰੇਨ ਵਿਚ ਕੁੱਝ ਕੁ ਹਸਪਤਾਲ ਹੀ ਇਸ ਵਕਤ ਚੱਲ ਰਹੇ ਹਨ।

## ਟਵਿੱਟਰ ਦੁਆਰਾ ਟਰੰਪ ਉਪਰ ਲਗਾਈ ਪਾਬੰਦੀ ਹਟਾਈ ਜਾਵੇਗੀ - ਐਲੋਨ ਮਸਕ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਨ ਮਸਕ ਨੇ ਕਿਹਾ ਹੈ ਕਿ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਤੋਂ ਟਵਿੱਟਰ ਪਾਬੰਦੀ ਹਟਾਈ ਜਾਵੇਗੀ। ਉਨ੍ਹਾਂ ਕਿਹਾ ਕਿ ਉਨਾਂ ਹਾਲੇ ਟਵਿੱਟਰ ਦਾ ਉਚ ਅਹੁਦਾ ਨਹੀਂ ਸਾਂਭਿਆ ਪਰ ਜੇ ਉਹ ਟਵਿੱਟਰ ਦੇ ਸੀਈ- ਬਣ ਜਾਂਦੇ ਹਨ ਤਾਂ ਇਹ ਪਾਬੰਦੀ ਹਟਾਈ ਜਾਵੇਗੀ। ਮਸਕ ਨੇ ਅੱਗੇ ਆਖਿਆ ਕਿ ਟਰੰਪ ਉੱਪਰ ਸਥਾਈ ਤੌਰ ਤੇ ਬੈਨ ਲਗਾਉਣ ਦਾ ਫ਼ੈਸਲਾ ਬੇਹੱਦ ਗ਼ਲਤ ਸੀ ਅਤੇ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਉਨ੍ਹਾਂ ਆਖਿਆ ਕਿ ਜੇਕਰ ਕੋਈ ਟਵੀਟ ਗ਼ਲਤ ਹੈ ਤਾਂ ਅਸਥਾਈ ਤੌਰ ਤੇ ਤਾਂ ਬੈਨ ਲਗਾਇਆ ਜਾ ਸਕਦਾ ਹੈ ਪਰ ਪੱਕੇ ਤੌਰ ਤੇ ਨਹੀਂ।

## ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਯੁੱਧ ਲਈ ਯੂਕਰੇਨ ਨੂੰ ਜ਼ਿੰਮੇਵਾਰ ਦੱਸਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯੂਕਰੇਨ ਜੰਗ ਲਈ ਦੁਨੀਆਂ ਦੇ ਜ਼ਿਆਦਾਤਰ ਮੁਲਕਾਂ ਦੀ ਨਾਰਾਜ਼ਗੀ ਅਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਦਾ ਸਾਹਮਣਾ ਕਰ ਰਹੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਇਸ ਯੁੱਧ ਲਈ ਯੂਕਰੇਨ ਨੂੰ ਜ਼ਿੰਮੇਵਾਰ ਦੱਸਿਆ ਹੈ। ਦੂਜੇ ਵਿਸ਼ਵ ਯੁੱਧ ਦੌਰਾਨ ਨਾਜ਼ੀ ਜਰਮਨੀ ਉੱਪਰ ਸੋਵੀਅਤ ਯੂਨੀਅਨ ਦੀ ਜਿੱਤ ਦੇ ਸੰਬੰਧ ਵਿਚ ਮਨਾਏ ਜਾਂਦੇ ਵਿਜੈ ਦਿਵਸ ਦੀ 77ਵੀਂ ਵਰ੍ਹੇਗੰਢ ਮੌਕੇ ਸੰਬੋਧਨ ਕਰਦਿਆਂ ਪੂਤਿਨ ਨੇ ਯੂਕਰੇਨ ਨਾਲ ਯੁੱਧ ਦੇ 75ਵੇਂ ਦਿਨ ਮੌਕੇ ਯੂਕਰੇਨ ਉੱਪਰ ਜਿੱਤ ਸੰਬੰਧੀ ਕੋਈ ਐਲਾਨ ਨਹੀਂ ਕੀਤਾ।

## ਨਸਲਵਾਦ ਦੇ ਖਿਲਾਫ ਰੈਲੀ ਵਿੱਚ ਬਹੁਕੌਮੀ ਹਾਜਰੀ ਦਾ ਸੁਨੇਹਾ ਸਾਡੇ ਜਾਗਦੇ ਹੋਣ ਦਾ ਪ੍ਰਤੀਕ ਹੋ ਨਿਬੜਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿਚ ਪ੍ਰਣਾਲੀਗਤ ਨਸਲਵਾਦ ਦਾ ਮੁੱਦਾ ਕਾਫੀ ਗਰਮਾਇਆ ਹੋਇਆ ਹੈ ਅਤੇ ਦੇਸ਼ ਭਰ ਵਿੱਚ ਵੱਖ ਵੱਖ ਕੌਮਾਂ ਅਤੇ ਸੱਭਿਅਤਾਵਾਂ ਦੇ ਪਿਛੋਕੜਾਂ ਵਾਲੇ ਲੋਕ ਰਹਿੰਦੇ ਹੋਣ ਦੇ ਬਾਵਜੂਦ ਕੁਝ ਖ਼ਾਸ ਭਾਈਚਾਰਿਆਂ ਨੂੰ ਇਸ ਨਸਲਵਾਦ ਦਾ ਜ਼ਿਆਦਾ ਸਾਹਮਣਾ ਕਰਨਾ ਪੈਂਦਾ ਹੈ ਜੇਕਰ ਏਸ਼ੀਅਨ ਭਾਈਚਾਰੇ ਦੀ ਗੱਲ ਕੀਤੀ ਜਾਵੇ ਤਾਂ ਸਮੇਂ ਸਮੇਂ ਤੇ ਅਜਿਹੀਆਂ ਉਦਾਹਰਨਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ ਕਿ ਇਸ ਭਾਈਚਾਰੇ ਨੂੰ ਵੀ ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ ਇਸ ਕਾਰਨ ਕੈਲਗਰੀ ਵਿੱਚ ਇਸ ਵਰਤਾਰੇ ਨੂੰ ਖ਼ਤਮ ਕਰਨ ਲਈ ਇੱਕ ਰੈਲੀ ਕੱਢੀ ਗਈ ਜਿਸ ਵਿੱਚ ਵੱਖੋ ਵੱਖ ਭਾਈਚਾਰਿਆਂ ਦੇ ਲੋਕਾਂ ਵੱਲੋਂ ਭਰਵੀਂ ਗਿਣਤੀ ਵਿੱਚ ਹਾਜਰੀ ਲਗਵਾਈ ਗਈ।

## ਸ੍ਰੀ ਲੰਕਾ ਵਿੱਚ ਇਸੇ ਹਫਤੇ ਨਵੇਂ ਮੰਤਰੀ ਮੰਡਲ ਦੀ ਨਿਯੁਕਤੀ ਦੇ ਆਸਾਰ ਬਣੇ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਸ੍ਰੀਲੰਕਾ ਦੇ ਰਾਸ਼ਟਰਪਤੀ ਗੋਟਬਾਯਾ ਰਾਜਪਕਸੇ ਨੇ ਕਿਹਾ ਕਿ ਉਹ ਇਸੇ ਹਫ਼ਤੇ ਨਵੇਂ ਪ੍ਰਧਾਨ ਮੰਤਰੀ ਤੇ ਮੰਤਰੀ ਮੰਡਲ ਦੀ ਨਿਯੁਕਤੀ ਕਰਨਗੇ ਜੋ ਸੰਵਿਧਾਨਕ ਸੁਧਾਰ ਪੇਸ਼ ਕਰਨਗੇ। ਦੇਸ਼ ਵਿੱਚ ਗੰਭੀਰ ਆਰਥਿਕ ਸੰਕਟ ਦੇ ਮੱਦੇਨਜ਼ਰ ਸਰਕਾਰ ਵਿਰੁੱਧ ਵਿਆਪਕ ਪ੍ਰਦਰਸ਼ਨ ਹੋ ਰਹੇ ਹਨ। ਰਾਸ਼ਟਰ ਦੇ ਨਾਂ ਆਪਣੇ ਸੰਬੋਧਨ 'ਚ ਗੋਟਬਾਯਾ ਨੇ ਕਿਹਾ ਕਿ ਨਵੇਂ ਪ੍ਰਧਾਨ ਮੰਤਰੀ ਤੇ ਸਰਕਾਰ ਨੂੰ ਨਿਯੁਕਤ ਕਰਨ ਤੋਂ ਬਾਅਦ ਸੰਵਿਧਾਨ ਵਿੱਚ 19ਵੀਂ ਸੋਧ ਦਾ ਖਰੜਾ ਤਿਆਰ ਕਰਨ ਲਈ ਇੱਕ ਸੰਵਿਧਾਨਕ ਸੋਧ ਪੇਸ਼ ਕੀਤੀ ਜਾਵੇਗੀ ਜੋ ਸੰਸਦ ਨੂੰ ਹੋਰ ਸ਼ਕਤੀਆਂ ਪ੍ਰਦਾਨ ਕਰੇਗੀ। ਇਸੇ ਦੌਰਾਨ ਕੋਲੰਬੋ ਸਥਿਤ ਭਾਰਤੀ ਹਾਈ ਕਮਿਸ਼ਨ ਨੇ ਉਨ੍ਹਾਂ ਖ਼ਬਰਾਂ ਨੂੰ ਖਾਰਜ ਕਰ ਦਿੱਤਾ ਕਿ ਭਾਰਤ ਸ੍ਰੀਲੰਕਾ ਵਿੱਚ ਆਪਣੀਆਂ ਫੌਜਾਂ ਭੇਜੇਗਾ।

## ਡੈਲਟਾ ਪੁਲੀਸ ਦਾ ਮੰਨਣਾ ਹੈ ਕਿ ਜੇਲ੍ਹ ਅਧਿਕਾਰੀ ਬਿਕਰਮਦੀਪ ਰੰਧਾਵਾ ਦੀ ਹੱਤਿਆ ਗ਼ਲਤ ਪਹਿਚਾਣ ਕਾਰਨ ਹੋਈ ਸੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਸਾਲ ਦੇ ਇਸੇ ਮਹੀਨੇ ਮਈ ਦੀ ਪਹਿਲੀ ਤਰੀਕ ਨੂੰ ਬ੍ਰਿਟਿਸ਼ ਕੋਲੰਬੀਆ ਦੇ ਡੈਲਟਾ ਵਿੱਚ ਇੱਕ ਪੰਜਾਬੀ ਜੇਲ੍ਹ ਅਧਿਕਾਰੀ ਬਿਕਰਮਦੀਪ ਰੰਧਾਵਾ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਘਟਨਾ ਤੋਂ ਬਾਅਦ ਲਗਾਤਾਰ ਇੱਕ ਸਾਲ ਤੱਕ ਲੰਬੀ ਜਾਂਚ ਤੋਂ ਬਾਅਦ ਹੁਣ ਡੈਲਟਾ ਪੁਲੀਸ ਨੇ ਦਾਅਵਾ ਕੀਤਾ ਹੈ ਕਿ ਬਿਕਰਮਦੀਪ ਰੰਧਾਵਾ ਦੀ ਹੱਤਿਆ ਜਾਣਬੁੱਝ ਕੇ ਨਹੀਂ ਬਲਕਿ ਗਲਤ ਪਹਿਚਾਣ ਕਾਰਨ ਹੋਈ ਹੈ ਜਦੋਂ ਕਿ ਹਤਿਆਰੇ ਕਿਸੇ ਹੋਰ ਵਿਅਕਤੀ ਦੀ ਹੱਤਿਆ ਕਰਨ ਦੇ ਇਰਾਦੇ ਨਾਲ ਆਏ ਸਨ।



# ਜੀ ਸਕੇਅਰ ਵਾਲੇ ਬਿਜਨਿਸਮੈਨ ਅਮਰਪ੍ਰੀਤ ਸਿੰਘ ਦੇ ਉਪਰਾਲੇ ਸਦਕਾ ਉੱਚੇ ਅਸਮਾਨੋਂ ਬੱਦਲਾਂ ਵਿੱਚੋਂ ਵੀ ਹੈਪੀ ਵਿਸਾਖੀ ਆਖਿਆ ਗਿਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਬੀਤੀ 14 ਮਈ ਨੂੰ ਕੈਲਗਰੀ ਵਿਖੇ ਖਾਲਸਾ ਪੰਥ ਦੇ ਜਨਮ ਦਿਹਾੜੇ ਅਤੇ ਵਿਸਾਖੀ ਨੂੰ ਮਨਾਉਂਦਿਆਂ ਨਗਰ ਕੀਰਤਨ ਕੱਢਿਆ ਗਿਆ। ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਏਅਰਪੋਰਟ ਨੇੜੇ ਹੋਣ ਕਾਰਣ ਅਸਮਾਨੀ ਉਡਦੇ ਜਹਾਜਾਂ ਵਿੱਚੋਂ ਵੀ ਲੋਕ ਇਸ ਅਲੌਕਿਕ ਨਗਰ ਕੀਰਤਨ ਨੂੰ ਵੇਖ ਰਹੇ ਸਨ ਪਰ ਕੈਲਗਰੀ ਦੇ ਉਹ ਲੋਕ ਜਿਹੜੇ ਇਸ ਨਗਰ ਕੀਰਤਨ ਵਿਚ ਸਾਮਿਲ ਨਹੀਂ ਹੋਏ ਉਹ ਵੀ ਅਸਮਾਨ ਵੱਲ ਮੂੰਹ ਉੱਪਰ ਨੂੰ ਕਰਕੇ ਇੱਕ ਵਾਰ ਹੈਪੀ ਵਿਸਾਖੀ ਜਰੂਰ ਕਹਿੰਦੇ ਸਨ। ਨੀਲੇ ਅਸਮਾਨ ਦੇ ਬੱਦਲਾਂ ਵਿੱਚ ਇੱਕ ਛੋਟਾ ਜਹਾਜ ਬਾਰ ਬਾਰ ਕੈਲਗਰੀ ਸਹਿਰ ਅਤੇ ਨਗਰ ਕੀਰਤਨ ਉੱਪਰ ਗੇੜੀਆਂ ਕੱਢ ਰਿਹਾ ਸੀ । ਉਸ ਜਹਾਜ ਦੇ ਪਿੱਛੇ ਇੱਕ ਬੈਨਰ ਵੀ ਬੱਝਾ ਹੋਇਆ ਸੀ ਜਿਸ ਉੱਪਰ ਹੈਪੀ ਵਿਸਾਖੀ ਲਿਖਿਆ ਹੋਇਆ ਸੀ। ਜਹਾਜ ਦੇ ਜ਼ਰੀਏ ਹੈਪੀ ਵਿਸਾਖੀ ਕਹਿਣ ਦਾ ਸਾਰਾ ਪਰਬੰਧ ਕੈਲਗਰੀ ਦੇ ਉੱਘੇ ਬਿਜਨਿਸਮੈਨ ਜੀ ਸਕੇਅਰ ਕੰਕਰੀਟ ਵਾਲੇ ਅਮਰਪ੍ਰੀਤ ਸਿੰਘ ਨੇ ਕੀਤਾ ਹੋਇਆ ਸੀ ।ਇਸ ਤੋਂ ਪਹਿਲਾਂ ਵੀ ਸਾਲ 2019 ਵਿੱਚ ਇਸੇ ਤਰਾਂ ਇਸ ਛੋਟੇ ਜਹਾਜ ਦੇ ਜ਼ਰੀਏ ਹੈਪੀ ਵਿਸਾਖੀ ਆਖਿਆ ਗਿਆ ਸੀ। ਇਸ ਸਬੰਧੀ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਅਮਰਪਰੀਤ ਸਿੰਘ ਹੋਰਾਂ ਦੱਸਿਆ ਕਿ ਅਜਿਹੇ ਤਰੀਕੇ ਨਾਲ ਨਗਰ ਕੀਰਤਨ ਦੌਰਾਨ ਹੋਰ ਦੂਸਰੀਆਂ ਕੌਮਾਂ ਤੱਕ ਵਿਸਾਖੀ ਨਗਰ ਕੀਰਤਨ ਦਾ ਸੁਨੇਹਾ ਪਹੁੰਚਾਉਣ ਦਾ ਇਹ ਢੰਗ ਤਰੀਕਾ ਕਾਫੀ ਸਮੇਂ ਤੋਂ ਉਹਨਾਂ ਦੇ ਮਨ ਅੰਦਰ ਸੀ ਜੋ ਗੁਰੂ ਮਹਾਰਾਜ ਦੀ ਕ੍ਰਿਪਾ ਸਦਕਾ ਸਾਲ 2019 ਅਤੇ 2022 ਦੌਰਾਨ ਪੂਰਾ ਹੋਇਆ ਹੈ ਅਤੇ ਭਵਿੱਖ ਵਿੱਚ ਵੀ ਉਹ ਇਸ ਉਪਰਾਲੇ ਨੂੰ ਜਾਰੀ ਰੱਖਣਗੇ। ਅਮਰਪ੍ਰੀਤ ਸਿੰਘ ਦੇ ਇਸ ਉਪਰਾਲੇ ਦੀ ਪੰਜਾਬੀ ਭਾਈਚਾਰੇ ਅੰਦਰ ਕਾਫੀ ਚਰਚਾ ਹੋ ਰਹੀ ਹੈ ਅਤੇ ਅਜਿਹੇ ਉਪਰਾਲੇ ਲਈ ਉਹ ਵਧਾਈ ਦੇ ਹੱਕਦਾਰ ਹਨ।

ਪੁਸਤਕਾਂ ਤੁਹਾਡੀ ਰੂਹ ਦੀ ਖੁਰਾਕ... ਪੁਸਤਕਾਂ ਤੁਹਾਡੇ ਅੰਗ ਸੰਗ...
ਗੁਲਾਟੀ ਪਬਲਿਸ਼ਰਜ਼ ਲਿਮਟਿਡ (ਸਰ੍ਹੀ)
(ਗਰੁੱਪ ਆਫ਼ ਚੇਤਨਾ ਪ੍ਰਕਾਸ਼ਨ, ਲੁਧਿਆਣਾ)
ਵੱਲੋਂ
ਕੈਲਗਰੀ ਪੁਸਤਕ ਮੇਲਾ
ਛੇ ਦਿਨਾਂ
31 ਮਈ ਤੋਂ 5 ਜੂਨ
ਮੰਗਲਵਾਰ ਤੋਂ ਐਤਵਾਰ ਤੱਕ
ਗਰੀਨ ਪਲਾਜਾ (ਟਰੈਵਲ ਵਰਲਡ ਦੇ ਸਾਹਮਣੇ)
1130-4818 Westwinds Drive. NE
ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ
ਪੁਸਤਕਾਂ ਤੁਹਾਡਾ ਇੰਤਜ਼ਾਰ ਵੀ ਕਰਨਗੀਆਂ ਅਤੇ
ਤੁਹਾਡੇ ਚਿਹਰੇ ਪੜ੍ਹਨ ਦੀ ਕੋਸ਼ਿਸ਼ ਵੀ ਕਰਨਗੀਆਂ।
ਆਪਣੇ ਮਨਪਸੰਦ ਲੇਖਕਾਂ ਦੀਆਂ ਪੁਸਤਕਾਂ ਨਾਲ ਦੋਸਤੀ ਪਾਓ।
ਸਾਨੂੰ ਉਮੀਦ ਹੀ ਨਹੀਂ, ਯਕੀਨ ਵੀ ਹੈ
ਕਿ ਤੁਸੀਂ ਪੁਸਤਕਾਂ ਨੂੰ ਨਿਰਾਸ਼ ਨਹੀਂ ਕਰੋਗੇ।
Satish Gulati
Ph. 604-750-0189, 91+98152-98459 (What's App)
E-mail: gulatipublishersltd@gmail.com
chetnaparkashan@gmail.com, satishgulati1962@gmail.com,

A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
We're Pulling For You!
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco | Paper | Flashing | Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB

For All your Exterior Needs
B.B.S. Exterior
Roofing/ Siding / Stucco / Soffits & Fascia / Hardie
Shakes / SmartBoard / Eaves & Downspouts / Windows etc.
403.714.0455
bbsexterior@gmail.com

Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ


DAWSON'S LANDING
CHESTERMERE
A QUALICO COMMUNITY
ਲੱਭੋ ਆਪਣਾ
ਸੰਪੂਰਣ ਘਰ
ਨਵੀਆਂ ਲਾਟਾਂ ਆ
ਗਈਆਂ ਹਨ
ਫਰੰਟ ਗੈਰਾਜ ਵਾਲੀਆਂ ਲਾਟਾਂ
ਡੁਪਲੈਕਸ ਘਰਾਂ ਦੀਆਂ ਲਾਟਾਂ
ਲੇਨਡ ਘਰਾਂ ਦੀਆਂ ਲਾਟਾਂ
ਹੁਣ ਫੇਸ 3 ਵੇਚਿਆ ਜਾ ਰਿਹਾ ਹੈ
DUPLEX HOMES
FROM THE
$400s
LANED HOMES
FROM THE LOW
$500s
FRONT GARAGE HOMES
FROM THE HIGH
$500s
SHOWHOME APPOINTMENTS AVAILABLE AND RECOMMENDED.
360° ਵਰਚੂਅਲ ਟੂਰ ਵੀ ਮਿਲਦਾ ਹੈ
Broadview Homes | NuVista Homes | Trico Homes | Sterling Homes | Truman Homes | Morrison Homes
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ। ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ
liveindawsonslanding.ca
22 ਕੈਲਗਰੀ ਡਾਊਨ ਟਾਊਨ ਤੱਕ
4 ਮਿੰਟ ਡਰਾਈਵ ਐਨੀ ਵਰਸਿਰੀ ਪਾਰਕ ਤੱਕ
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ
QUALICO communities


SOUTH POINTE
TOYOTA
2021 COROLLA
ONLY $58 A WEEK!
$0 DOWN!
LE
2020 RAV4
ONLY $92 A WEEK!
$0 DOWN!
LE AWD
FREE
WINTER TIRES
WITH PURCHASE
0%
FINANCING AVAILABLE
FREE
REMOTE STARTER
WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


Calgary
ਡਾਊਨਟਾਊਨ ਪਾਰਕਾਂ ਦਾ ਦੁਬਾਰਾ ਆਨੰਦ ਲਓ
ਆਪਣੇ ਆਪ ਨੂੰ ਦੁਬਾਰਾ ਖੋਜੋ
ਹੋਰ ਜਾਣਨ ਲਈ,
calgary.ca/ExperienceDowntown ਤੇ ਜਾਓ
22-0020299 ADV-14130


ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੁਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
FRESH PRODUCE
GROCERY STORE
Mega Sanjha Punjab
403-266-5200
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8

# ਸਿੱਖ ਸੰਗਤਾਂ ਦੀ ਠਾਠਾਂ ਮਾਰਦੀ ਸ਼ਮੂਲੀਅਤ ਦੌਰਾਨ ਕੈਲਗਰੀ ਦੇ ਨਗਰ ਕੀਰਤਨ ਨੇ ਰਚਿਆ ਇਤਿਹਾਸ।















ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੀ 14 ਮਈ ਸ਼ਨਿੱਚਰਵਾਰ ਵਾਲੇ ਦਿਨ ਵਿਸਾਖੀ ਦੇ ਸੰਬੰਧ ਵਿੱਚ ਕੱਢੇ ਗਏ ਵਿਸ਼ਾਲ ਸਾਲਾਨਾ ਨਗਰ ਕੀਰਤਨ ਵਿੱਚ ਲਗਪਗ 65 ਹਜ਼ਾਰ ਦੇ ਕਰੀਬ ਸਿੱਖ ਸੰਗਤਾਂ ਨੇ ਹਿੱਸਾ ਲਿਆ। ਗੁਰਦੁਆਰਾ ਦਸ਼ਮੇਸ਼ ਕਲਚਰ ਸੈਂਟਰ ਕੈਲਗਰੀ ਦੀ ਪ੍ਰਬੰਧਕੀ ਕਮੇਟੀ ਵੱਲੋਂ ਆਯੋਜਿਤ ਇਸ ਸਾਲਾਨਾ ਨਗਰ ਕੀਰਤਨ ਵਿੱਚ ਕਨੇਡੀਅਨ ਫੌਜ ਦੀ ਇੱਕ ਟੁਕੜੀ ਤੋਂ ਇਲਾਵਾ ਦਰਜਨਾਂ ਸੰਸਥਾਵਾਂ ਅਤੇ ਅਦਾਰਿਆਂ ਵੱਲੋਂ ਆਪਣਾ ਬਣਦਾ ਯੋਗਦਾਨ ਪਾਇਆ ਗਿਆ। ਬੇਹੱਦ ਸ਼ਾਨਦਾਰ ਢੰਗ ਨਾਲ ਸਜਾਏ ਗਏ ਇੱਕ ਫਲੋਟ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਟਿਕਾਏ ਗਏ ਸਨ। ਇਸ ਫਲੋਟ ਦੀ ਅਗਵਾਈ ਪੰਜ ਪਿਆਰਿਆਂ ਵੱਲੋਂ ਕੀਤੀ ਜਾ ਰਹੀ ਸੀ। ਲੋਹ-ਘੋੜ ਜਾਂ ਮੋਟਰਸਾਈਕਲ ਸਵਾਰ ਇਸ ਨਗਰ ਕੀਰਤਨ ਦੀ ਵਿਸ਼ੇਸ਼ ਖਿੱਚ ਬਣੇ ਹੋਏ ਸਨ। ਪੱਗ ਬੰਨਕੇ ਬਿਨਾ ਹੈਲਮੈਟ ਤੋਂ ਮੋਟਰਸਾਈਕਲ ਚਲਾਉਣ ਦੀ ਮਿਲੀ ਇਜਾਜਤ ਨਾਲ ਮੋਟਰਸਾਈਕਲ ਸਵਾਰਾਂ ਦੇ ਚਿਹਰੇ ਉੱਪਰ ਵੱਖਰਾ ਹੀ ਖੁਸ਼ੀ ਦਾ ਪ੍ਰਗਟਾਵਾ ਸੀ। ਸਿੱਖਾਂ ਦਾ ਮਰਾਸਲ ਆਰਟ ਗੱਤਕਾ ਟੀਮ ਦੇ ਜੌਹਰ ਲੋਕਾਂ ਨੂੰ ਆਪਣੇ ਵੱਲ ਲਗਾਤਾਰ ਖਿੱਚਦੇ ਰਹੇ। 'ਦੇਹ ਸ਼ਿਵਾ ਬਰ ਮੋਹੈ' ਸ਼ਬਦ ਦੇ ਗਾਇਣ ਨਾਲ ਇਸ ਨਗਰ ਕੀਰਤਨ ਦੀ ਸ਼ੁਰੂਆਤ ਹੋਈ। ਮੈਂਬਰ ਪਾਰਲੀਮੈਂਟ ਜਸਰਾਜ ਹੱਲਣ,ਜੌਰਜ ਚਾਹਲ,ਅਲਬਰਟਾ ਦੇ ਪ੍ਰੀਮੀਅਰ ਜੈਸਨ ਕੇਨੀ, ਟਰਾਂਸਪੋਰਟ ਮੰਤਰੀ ਰਾਜਨ ਸਾਹਨੀ,ਐਮ ਐਲ ਏ ਦਵਿੰਦਰ ਤੂਰ, ਸਾਬਕਾ ਪ੍ਰੀਮੀਅਰ ਰੇਚੈਲ ਨੌਟਲੀ, ਇਰਫਾਨ ਸਾਬਿਰ, ਕੈਲਗਰੀ ਸਹਿਰ ਦੀ ਪਹਿਲੀ ਪੰਜਾਬਣ ਮੇਅਰ ਜੋਤੀ ਗੌਂਡਿਕ ,ਕੌਂਸਲਰ ਰਾਜ ਧਾਲੀਵਾਲ ਅਤੇ ਕਈ ਭਵਿੱਖ ਦੇ ਐਮ.ਐਲ.ਏ ਅਤੇ ਫੈਡਰਲ ਉਮੀਦਵਾਰ ਵੀ ਹਾਜ਼ਰੀ ਲਗਵਾਉਣ ਲਈ ਪਹੁੰਚੇ ਹੋਏ ਸਨ। 90 ਦੇ ਕਰੀਬ ਵੱਖੋ ਵੱਖ ਅਦਾਰਿਆਂ ਵੱਲੋਂ ਆਪੋ ਆਪਣੇ ਵਿਓਪਾਰ ਦੀ ਜਾਣਕਾਰੀ ਅਤੇ ਖਾਣਿਆਂ ਦੇ ਲੰਗਰ ਰੂਪੀ ਸਟਾਲ ਲਗਾਏ ਗਏ ਸਨ। ਗੁਰਦੁਆਰਾ ਦਸ਼ਮੇਸ਼ ਕਲਚਰ ਸੈਂਟਰ ਦੀ ਸਟੇਜ ਉੱਪਰ ਪਹਿਲੀ ਵਾਰ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਾਵਨ ਬੀੜ ਦਾ ਪਰਕਾਸ ਕੀਤਾ ਹੋਇਆ ਸੀ ਜਿੱਥੇ ਸਿੱਖ ਸਰਧਾਲੂ ਨਤਮਸਤਕ ਹੋ ਰਹੇ ਸਨ। ਇਸੇ ਹੀ ਸਟੇਜ ਉਪਰੋਂ ਢਾਡੀ ਵਾਰਾਂ ਦੇ ਜ਼ਰੀਏ ਸਿੱਖ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਨ ਦੀ ਸਫਲ ਕੋਸਿਸ ਕੀਤੀ। ਮੌਜੂਦਾ ਸਿੱਖ ਸੰਘਰਸ਼ ਨਾਲ ਜੁੜੀਆਂ ਕਈ ਸ਼ਖ਼ਸੀਅਤਾਂ ਵੱਲੋਂ ਵੀ ਤਕਰੀਰਾਂ ਕੀਤੀਆਂ ਗਈਆਂ। ਗੁਰਲਾਲ ਮਾਣੂੰਕੇ, ਰਵਿੰਦਰ ਰਿੰਕੂ ਪੁਰੀ ਮਾਣੂੰਕੇ,ਕਰਮਜੀਤ ਢੁੱਡੀਕੇ ਦੀ ਟੀਮ ਵੱਲੋਂ ਹਰ ਸਾਲ ਦੀ ਤਰਾਂ ਗਾਰਬੇਜ ਦੀ ਛਾਂਟੀ ਕਰਕੇ ਰੀ-ਸਾਈਕਲ ਅਲੱਗ ਅਲੱਗ ਕਰਨ ਦੀਆਂ ਸੇਵਾਵਾਂ ਬਾਖੂਬੀ ਨਿਭਾਈਆਂ ਗਈਆਂ। ਇਸ ਕੂੜਾ ਕਰਕਟ ਦੀ ਛਾਂਟੀ ਵਾਲੇ ਕੰਮ ਵਿੱਚ ਛੋਟੇ ਛੋਟੇ ਬੱਚਿਆਂ ਦੀ ਹਾਜਰੀ ਵੱਡਿਆਂ ਨੂੰ ਅੱਗੇ ਤੋਂ ਅਜਿਹਾ ਨਾ ਕਰਨ ਲਈ ਵਰਜਦੀ ਪ੍ਰਤੀਤ ਹੁੰਦੀ ਸੀ। ਇਸ ਸਾਲ ਇਹ ਪਹਿਲਾ ਨਗਰ ਕੀਰਤਨ ਸੀ ਜਿਸ ਨੂੰ ਗਰੀਨ ਨਗਰ ਕੀਰਤਨ ਦਾ ਨਾਂ ਦਿੱਤਾ ਗਿਆ ਸੀ ਕਿਉਂਕਿ ਵਾਤਾਵਰਣ ਦਾ ਖਿਆਲ ਰੱਖਦਿਆਂ ਇਸ ਸਾਲ ਪਲਾਸਟਿਕ ਦੀਆਂ ਪਲੇਟਾਂ ਨਾ ਵਰਤਨ ਦੀ ਬੇਨਤੀ ਕੀਤੀ ਗਈ ਸੀ। ਇੱਕ ਹੋਰ ਵੱਡੀ ਵਿਲੱਖਣਤਾ ਇਹ ਸੀ ਕਿ ਪੂਰਾ ਦਿਨ ਬੱਸਾਂ ਅਤੇ ਟਰੇਨ ਸਾਰੇ ਹੀ ਕੈਲਗਰੀ ਵਾਸੀਆਂ ਲਈ ਬਿਨਾ ਟਿਕਟ ਮੁਫਤ ਹੀ ਸੀ। ਪਰਾਈਮ ਏਸੀਆ ਟੈਲੀਵੀਯਨ ਦੀ ਪੂਰੀ ਟੀਮ ਵੱਲੋਂ ਦੁਨੀਆਂ ਭਰ ਅੰਦਰ ਨਗਰ ਕੀਰਤਨ ਦੀਆਂ ਝਲਕੀਆਂ ਨੂੰ ਸਿੱਧੇ ਪ੍ਰਸਾਰਣ ਰਾਹੀਂ ਨਾਲੋ ਨਾਲ ਦਿਖਾਇਆ ਗਿਆ। ਕੈਲਗਰੀ ਦੇ ਸਭ ਤੋਂ ਵੱਧ ਸੁਣੇ ਜਾਣ ਵਾਲੇ ਰੇਡੀਓ ਰੈਡ ਐਫ ਐਮ ਵੱਲੋਂ ਆਪਣੀ ਸਟੇਜ ਉਪਰੋਂ ਤਕਰੀਬਨ 10,000 ਡਾਲਰ ਦੇ ਲੱਕੀ ਡਰਾਅ ਕੱਢੇ ਗਏ ।


Calgary

## ਪ੍ਰਾਪਰਟੀ ਟੈਕਸ ਕੈਲਗਰੀ ਨੂੰ ਰਹਿਣ ਲਈ ਇੱਕ ਵਧੀਆ ਜਗ੍ਹਾ ਬਣਾਉਣ ਵਿੱਚ ਮਦਦ ਕਰਦੇ ਹਨ

ਤੁਹਾਡੇ ਸਿਟੀ ਟੈਕਸ ਡਾਲਰ ਕੈਲਗਰੀ ਨੂੰ ਰਹਿਣ ਲਈ ਇੱਕ ਵਧੀਆ ਥਾਂ ਬਣਾਉਂਦੇ ਹਨ।

ਪ੍ਰਾਪਰਟੀ ਟੈਕਸਾਂ ਦੇ ਮਿਉਂਸਪਲ ਹਿੱਸੇ ਦੀ ਵਰਤੋਂ ਕਰਦੇ ਹੋਏ ਸਿਟੀ ਬਹੁਤ ਸਾਰੀਆਂ ਸੇਵਾਵਾਂ ਅਤੇ ਪ੍ਰੋਗਰਾਮ ਪ੍ਰਦਾਨ ਕਰਦੀ ਹੈ। ਇਨ੍ਹਾਂ ਵਿੱਚ ਪੁਲਿਸ, ਫਾਇਰ, ਸੜਕਾਂ ਅਤੇ ਪਾਰਕ ਸ਼ਾਮਲ ਹਨ। ਪਰ ਉਹ ਸਮਾਜਿਕ ਪ੍ਰੋਗਰਾਮਾਂ ਅਤੇ ਮਨੋਰੰਜਨ ਸਹੂਲਤਾਂ ਵਰਗੀਆਂ ਹੋਰ ਮਹੱਤਵਪੂਰਨ ਚੀਜ਼ਾਂ ਲਈ ਭੁਗਤਾਨ ਕਰਨ ਵਿੱਚ ਵੀ ਮਦਦ ਕਰਦੇ ਹਨ।

ਤੁਹਾਡਾ ਇੰਪੁੱਟ ਅਤੇ ਕਈ ਮੁੱਖ ਫੈਸਲੇ ਤੁਹਾਨੂੰ ਹਰ ਸਾਲ ਪ੍ਰਾਪਤ ਹੋਣ ਵਾਲੇ ਪ੍ਰਾਪਰਟੀ ਟੈਕਸ ਬਿੱਲ ਨੂੰ ਪ੍ਰਭਾਵਿਤ ਕਰਦੇ ਹਨ। ਅਸੀਂ ਇਹ ਯਕੀਨੀ ਬਣਾਉਣ 'ਤੇ ਕੇਂਦ੍ਰਿਤ ਰਹਿੰਦੇ ਹਾਂ ਕਿ ਤੁਹਾਡੇ ਪ੍ਰਾਪਰਟੀ ਟੈਕਸ ਡਾਲਰਾਂ ਦੀ ਸਮਝਦਾਰੀ ਨਾਲ ਵਰਤੋਂ ਕੀਤੀ ਜਾਵੇ, ਲਾਗਤਾਂ ਨੂੰ ਘਟਾਉਣ ਦੇ ਤਰੀਕਿਆਂ ਦੀ ਤਲਾਸ਼ ਕੀਤੀ ਜਾਵੇ ਅਤੇ ਤੁਹਾਨੂੰ ਸੇਵਾਵਾਂ ਪ੍ਰਦਾਨ ਕਰਨ ਦੇ ਤਰੀਕਿਆਂ ਵਿੱਚ ਸੁਧਾਰ ਕੀਤਾ ਜਾਵੇ।

**ਇਸ ਬਾਰੇ ਹੋਰ ਜਾਣੋ ਕਿ ਅਸੀਂ ਤੁਹਾਡੇ ਟੈਕਸ ਡਾਲਰਾਂ ਦੀ ਵਰਤੋਂ ਕਰਕੇ ਸਿਟੀ ਸੇਵਾਵਾਂ ਅਤੇ ਪ੍ਰੋਗਰਾਮਾਂ ਰਾਹੀਂ ਮੁੱਲ ਕਿਵੇਂ ਪ੍ਰਦਾਨ ਕਰਦੇ ਹਾਂ, calgary.ca/ourfinances 'ਤੇ ਜਾਓ।**




ਕੀ ਤੁਹਾਨੂੰ ਪਤਾ ਸੀ?

Calgary
**65%** ਕੈਲਗਰੀ ਸਿਟੀ ਸਰਵਿਸ ਲਈ ਜਾਂਦਾ ਹੈ

**35%** ਅਲਬਰਟਾ ਸਰਕਾਰ ਨੂੰ ਜਾਂਦਾ ਹੈ

ਤੁਹਾਡੇ ਪ੍ਰਾਪਰਟੀ ਟੈਕਸ ਦਾ ਲਗਭਗ 65 ਪ੍ਰਤੀਸ਼ਤ ਇਹਨਾਂ ਸਿਟੀ ਸੇਵਾਵਾਂ ਨੂੰ ਫੰਡ ਦੇਣ ਲਈ ਜਾਂਦਾ ਹੈ, ਜਦੋਂ ਕਿ ਬਾਕੀ 35 ਪ੍ਰਤੀਸ਼ਤ ਅਲਬਰਟਾ ਸਰਕਾਰ ਨੂੰ ਜਾਂਦਾ ਹੈ।

# ਸਿਆਸੀ ਪਾਰਟੀਆਂ ਦੀ ਗੁਆਚੀ ਸਾਖ ਨੂੰ ਬਚਾਉਣ 'ਚ ਰੁੱਝੇ ਵੱਡੇ ਆਗੂ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਹਾਥੀ ਦੇ ਖਾਣ ਦੇ ਦੰਦ ਹੋਰ ਅਤੇ ਵਿਖਾਉਣ ਦੇ ਹੋਰ ਅਤੇ ਸਿਰਫ਼ ਖੋਖਲੇ ਵਾਅਦਿਆਂ ਦੇ ਆਧਾਰ 'ਤੇ ਜੁੱਟੀ ਆਮ ਆਦਮੀ ਪਾਰਟੀ ਦਾ ਨਾਅਰਾ ਇੱਕ ਮੌਕਾ ਸਾਨੂੰ ਵੀ ਇੱਕ ਵਾਰ ਦਿਓ ਹੁਣ ਆਸਾਂ ਪੂਰੀਆਂ ਨਾ ਹੋਣ ਕਾਰਨ ਪੰਜਾਬ ਦੇ ਵੋਟਰ ਆਪਣੇ-ਆਪ ਨੂੰ ਕੁੱਝ ਠੱਗਿਆ ਹੋਇਆ ਮਹਿਸੂਸ ਕਰਨ ਲੱਗੇ ਹਨ। ਕਾਂਗਰਸ ਪਾਰਟੀ ਤੋਂ ਇਲਾਵਾ ਭਾਜਪਾ-ਸ਼੍ਰੋਮਣੀ ਅਕਾਲੀ ਦਲ ਗਠਜੋੜ ਦੀ ਸਰਕਾਰ ਦੇ ਵਤੀਰੇ ਤੋਂ ਲੰਬੇ ਸਮੇਂ ਤੋਂ ਦੁੱਖੀ ਹੋਈ ਜਨਤਾ ਨੇ ਆਮ ਆਦਮੀ ਪਾਰਟੀ ਨੂੰ ਇੱਕ ਮੌਕਾ ਦਿਓ ਦੇ ਨਾਅਰੇ ਨੂੰ ਪੂਰਾ ਤਾਂ ਕੀਤਾ, ਪਰ ਹੁਣ ਮੌਕਾ ਦੇਣ ਦੇ ਬਾਵਜੂਦ ਲੋਕਾਂ ਦੀ ਜੋ ਆਸਾਂ ਸਨ, ਉਹ ਮਿੱਟੀ 'ਚ ਮਿਲਣ ਲੱਗੀਆਂ ਹਨ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪੰਜਾਬ ਦੇ ਵੋਟਰਾਂ ਨੇ ਕਾਂਗਰਸ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਦੀਆਂ ਸਰਕਾਰਾਂ ਦੀ ਕਾਰਗੁਜ਼ਾਰੀ, ਨਿੱਜੀ ਹਿੱਤਾਂ ਦੀ ਪੂਰਤੀ ਅਤੇ ਬਿਆਨਬਾਜ਼ੀ 'ਤੇ ਆਧਾਰਿਤ ਵਿਕਾਸ ਕਰਨ ਦੇ ਫ਼ੋਕੇ ਦਾਅਵੇ, ਭ੍ਰਿਸ਼ਟਾਚਾਰ ਰਿਸ਼ਵਤਖੋਰੀ ਅਤੇ ਨਸ਼ੇ ਦੇ ਸੌਦਾਗਰਾਂ ਦੀ ਹਕੂਮਤ ਤੇ ਰੇਤ ਮਾਫ਼ੀਆਂ ਤੋਂ ਤੰਗ ਆ ਕੇ ਲਗਾਤਾਰ ਜ਼ੁਲਮ ਸਹਿਣ ਕਰਨ ਤੋਂ ਰਾਹਤ ਦੀ ਉਮੀਦ ਰੱਖਦੇ ਹੋਏ ਆਮ ਆਦਮੀ ਪਾਰਟੀ ਨੂੰ ਇੱਕ ਵਾਰ ਮੌਕਾ ਦੇ ਕੇ ਜਿੱਤ ਦੀਆਂ ਬੁਲੰਦੀਆਂ ਤਕ ਪਹੁੰਚਾ ਦਿੱਤਾ। ਬੀਤੇ ਸਾਲਾਂ ਦੇ ਕਾਲੇ ਬੱਦਲ ਅਜੇ ਦੂਰ ਨਹੀਂ ਹੋਏ ਪਰ ਹੌਲੀ-ਹੌਲੀ ਲੋਕਾਂ ਦੀਆਂ ਉਮੀਦਾਂ 'ਤੇ ਪਾਣੀ ਫ਼ਿਰਨ ਲੱਗਾ ਹੈ।

ਠੱਗਿਆ ਹੋਇਆ ਮਹਿਸੂਸ ਕਰਨ ਲੱਗੇ ਪੰਜਾਬ ਦੇ ਵੋਟਰਾਂ ਨੂੰ ਆਮ ਆਦਮੀ ਪਾਰਟੀ ਦੇ ਮੰਤਰੀ ਇਹ ਜਵਾਬ ਨਹੀਂ ਦੇ ਸਕੇ ਕਿ 1, 500 ਰੁਪਏ ਤੋਂ 2, 000 ਰੁਪਏ ਪ੍ਰਤੀ ਰੇਤ ਦੀ ਟਰਾਲੀ ਹੁਣ 4, 500 ਰੁਪਏ ਤੋਂ 5, 000 ਰੁਪਏ ਦੇ ਰੇਟ ਤਕ ਕਿਉਂ ਪਹੁੰਚ ਚੁੱਕੀ ਹੈ ? ਇਸ ਨੂੰ ਕੌਣ ਰੋਕੇਗਾ ਅਤੇ ਰੇਤ ਮਾਫ਼ੀਆਂ ਦੀ ਗੁੰਡਾਗਰਦੀ ਕਦੋਂ ਬੰਦ ਹੋਵੇਗੀ ? ਅਸਲ 'ਚ ਆਸ਼ਾ ਦਾ ਨਿਰਾਸ਼ਾ 'ਚ ਬਦਲਣ ਕਾਰਨ



ਭ੍ਰਿਸ਼ਟਾਚਾਰ ਦੀ ਬਦਬੂ ਹੁਣ ਸ਼ਰੇਆਮ ਆਉਣ ਲੱਗੀ ਹੈ। ਯਾਨੀ ਆਮ ਆਦਮੀ ਪਾਰਟੀ ਦੀ ਸਰਕਾਰ ਕਹਿੰਦੀ ਹੈ ਕਿ ਰੇਤ ਵੰਡ ਦੀ ਨੀਤੀ ਛੇ ਮਹੀਨਿਆਂ ਤਕ ਲਾਗੂ ਹੋ ਸਕੇਗੀ ਪਰ ਹੁਣ ਇਹ ਸਵਾਲ ਉੱਠਦਾ ਹੈ ਕਿ ਕਮਰ ਤੋੜ ਮਹਿੰਗਾਈ, ਅਤੇ ਰੇਤ ਦੇ ਭਾਅ ਤਿੰਨ ਗੁਣਾ ਵਧਣ ਕਾਰਨ ਹੁਣ ਸਰਕਾਰ ਨੂੰ ਤਾਂ ਕੋਈ ਮੁਨਾਫ਼ਾ ਨਹੀਂ ਹੋ ਰਿਹਾ। ਰੇਤ ਦੀ ਵੰਡ ਅਤੇ ਰੇਤ ਮਾਫ਼ੀਆਂ ਦਾ ਦੌਰ ਲਗਾਤਾਰ ਤੇਜ਼ੀ ਨਾਲ ਜਾਰੀ ਹੈ।ਤਾਜ਼ਾ ਹਾਲਾਤ ਮੁਤਾਬਿਕ, ਅਸਲ 'ਚ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬੀਆਂ ਦੇ ਪਿਛਲੇ ਸਾਲਾਂ 'ਚ ਹੋਈ ਦੁਰਦਸ਼ਾ ਦੀ ਹਾਲਤ ਨੂੰ ਸਮਝ ਕੇ ਵੀ ਹੁਣ ਅਣਜਾਣ ਬਣਨ ਲੱਗੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਰੇਤ ਦੇ ਭਾਅ ਤਿੰਨ ਗੁਣਾ ਵੱਧ ਚੁੱਕੇ ਹਨ, ਪਰ ਉਨ੍ਹਾਂ ਦਾ ਕੋਈ ਬਿਆਨ ਨਾ ਆਉਣਾ ਇਸ ਗੱਲ ਦਾ ਸੰਕੇਤ ਹੈ ਕਿ ਉਨ੍ਹਾਂ ਨੇ ਹੁਣ ਜਾਣ-ਬੁੱਝ ਕੇ ਆਪਣੀਆਂ ਅੱਖਾਂ, ਕੰਨ ਬੰਦ ਕੀਤੇ ਹੋਏ ਹਨ।

ਜਿੱਥੋਂ ਤਕ ਕਾਂਗਰਸ ਪਾਰਟੀ ਦੀ ਪੰਜਾਬ 'ਚ ਵਿਗੜੀ ਹੋਈ ਸਾਖ ਦਾ ਸਵਾਲ ਹੈ, ਇਹ ਉਦਾਹਰਣ ਲਾਗੂ ਹੁੰਦੀ ਹੈ ਕਿ ਘਰ ਨੂੰ ਅੱਗ ਲੱਗੀ ਘਰ ਦੇ ਚਿਰਾਗ ਤੋਂ ਯਾਨੀ ਤੂੰ ਤੜਾਕ ਆਪਣੀ ਹੀ ਪਾਰਟੀ ਦਾ ਜਲੂਸ ਕੱਢਣ ਵਾਲੇ ਲੀਡਰ ਜੋ ਹੁਣ ਬੁਰੀ ਤਰ੍ਹਾਂ ਖ਼ਾਕ ਹੋ ਚੁੱਕੇ ਹਨ। ਆਪਣੇ ਨਿੱਜੀ ਸਵਾਰਥ ਲਈ ਕਾਂਗਰਸ ਪਾਰਟੀ ਦਾ ਜਨਾਜ਼ਾ ਆਪਣੇ ਹੱਥਾਂ ਨਾਲ ਕੱਢਣ ਤੋਂ ਬਾਅਦ ਹੁਣ ਆਪਣੀ ਡੁੱਬਦੀ ਹੋਈ ਬੇੜੀ ਦਾ ਸਹਾਰਾ ਬਣਨ ਲਈ ਕਿਸੇ ਵੀ ਹੱਦ ਤਕ ਜਾਣ ਲਈ ਤਿਆਰ ਹੈ। ਹੋ ਸਕਦਾ ਹੈ ਕਿ ਉਹ ਫ਼ਿਰ ਮਜਬੂਰ, ਬਦਨਾਮ ਅਤੇ ਹਾਈਕਮਾਨ ਤੋਂ ਬੇਇੱਜ਼ਤ ਹੋਣ ਦੇ ਬਾਅਦ ਆਮ ਆਦਮੀ ਪਾਰਟੀ ਦਾ ਦਾਮਨ ਫ਼ੜਣ 'ਚ ਗੁਰੇਜ਼ ਨਹੀਂ ਕਰਨਗੇ। ਕਾਂਗਰਸ ਜੇਕਰ ਨਗਰ ਨਿਗਮ ਦੀਆਂ ਚੋਣਾਂ ਲਈ ਆਪਣੀ ਬਰਬਾਦੀ ਦੇ ਦਾਗ ਨਹੀਂ ਧੋ ਪਾਉਂਦੀ ਤਾਂ ਉਸ ਦਾ ਜ਼ਮੀਨੀ ਪੱਧਰ, ਵਰਕਰਾਂ ਦੀ ਕਾਰਗੁਜ਼ਾਰੀ ਪਾਰਟੀ ਦੇ ਪ੍ਰਤੀ ਵਫ਼ਾਦਾਰੀ ਨੂੰ ਤਹਿਸ-ਨਹਿਸ ਵੀ ਕਰ ਸਕਦੀ ਹੈ।ਹੁਣ ਜਿੱਥੋਂ ਤਕ ਸ਼੍ਰੋਮਣੀ ਅਕਾਲੀ ਦਲ ਦੇ ਸਿਆਸੀ ਭਵਿੱਖ ਦੀ ਗੱਲ ਹੈ, ਹਾਲਾਤ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਹਾਰੇ ਹੋਏ ਬਜ਼ੁਰਗ ਟਕਸਾਲੀ ਲੀਡਰ ਇਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਬੇਟਿਆਂ ਦੀ ਸਿਆਸੀ ਛਵੀਂ ਦਾ ਕੋਈ ਹੁਣ ਭਾਗੀਦਾਰ ਨਾ ਬਣ ਸਕੇ। ਇਹੀ ਕਾਰਨ ਹੈ ਕਿ ਜੁਝਾਰੂ ਜਵਾਨ ਲੀਡਰ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਅਜਨਾਲਾ ਦੇ ਸਾਬਕਾ ਵਿਧਾਇਕ ਅਮਰ ਪਾਲ ਸਿੰਘ ਬੋਨੀ ਵਲੋਂ ਹਾਈਕੋਰਟ 'ਚ ਪਟੀਸ਼ਨ ਦਰਜ ਕਰਵਾਈ ਗਈ ਸੀ। ਉਹ ਚਾਹੁੰਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਦੀ ਵਾਗਡੋਰ ਕਿਤੇ ਮਜੀਠੀਆ ਨਾ ਸੰਭਾਲ ਲਵੇ। ਫ਼ੁੱਟ ਖੁੱਲ੍ਹ ਕੇ ਸਾਹਮਣੇ ਤਾਂ ਆ ਚੁੱਕੀ ਹੈ, ਪਰ ਅਕਾਲੀ ਦਲ ਕੋਲ ਇੱਕ ਠੋਸ ਧਾਰਮਕ ਪਲੈਟਫ਼ੌਰਮ ਹੋਣ ਕਾਰਨ ਪਾਰਟੀ ਨੂੰ ਇਕਜੁੱਟ ਕਰ ਕੇ ਆਪਣੇ ਪੈਰਾਂ 'ਤੇ ਖੜ੍ਹਾ ਕਰਨ 'ਚ ਦੇਰੀ ਨਹੀਂ ਲੱਗੇਗੀ।

ਹੁਣ ਸਵਾਲ ਇਹ ਹੈ ਕਿ ਭਾਜਪਾ ਦੀ ਹਾਲਤ ਨੂੰ ਮਜ਼ਬੂਤ ਕਰਨ ਲਈ ਪੰਜਾਬ 'ਚ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਤੋ ਹਾਈਕਮਾਨ ਨੂੰ ਜੋ ਆਸ ਸੀ ਉਹ ਧੂਮਿਲ ਹੋ ਚੁੱਕੀ ਹੈ। ਇਸ ਦਾ ਕਾਰਨ ਨਿੱਜੀ ਰੰਜਿਸ਼ ਹੈ। ਧੜੇਬੰਦੀ ਕਾਰਨ ਭਾਜਪਾ ਜੁਝਾਰੂ ਲੀਡਰਾਂ ਨੂੰ ਨੁਕਰੇ ਲਾਉਣ ਕਾਰਨ ਉਹ ਆਪਣੀ ਮਜ਼ਬੂਤ ਹਾਲਤ ਨਹੀਂ ਬਣਾ ਸਕੇ। ਹਾਈ ਕਮਾਂਡ ਨੇ ਅਰਵਿੰਦ ਖੰਨਾ, ਮਾ.ਮੋਹਨ ਲਾਲ, ਅਨਿਲ ਜੋਸ਼ੀ ਤੇ ਹੋਰ ਟਕਸਾਲੀ ਭਾਜਪਾ ਲੀਡਰਾਂ ਨੂੰ ਕਿਨਾਰੇ ਨਾ ਕੀਤਾ ਹੁੰਦਾ ਤਾਂ ਭਾਜਪਾ ਦੀ ਸਿਆਸੀ ਹਾਲਤ ਹੁਣ ਵੀ ਪੰਜਾਬ 'ਚ ਕਾਫ਼ੀ ਮਜ਼ਬੂਤ ਹੋ ਸਕਦੀ ਹੈ। ਇਹ ਵਿਚਾਰ ਭਾਜਪਾ ਹਾਈਕਮਾਨ ਨੂੰ ਕਰਨਾ ਹੀ ਪਵੇਗਾ। ਚਾਹੇ ਉਹ ਦੇਰ ਨਾਲ ਸੋਚੇ। ਯਾਨੀ ਮੌਜੂਦਾ ਭਾਜਪਾ ਲੀਡਰਾਂ ਦੇ ਤਿਲਾਂ 'ਚ ਤੇਲ ਨਹੀਂ।

ਪਾਰਟੀਆਂ ਦੀਆਂ ਧੜੇਬੰਦੀਆਂ, ਬੇਰੁਖ਼ੀ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਕੋਈ ਠੋਸ ਕਦਮ ਨਾ ਹੋਣ ਕਾਰਨ ਜਿੱਥੇ ਪੁਲੀਸ ਪ੍ਰਸ਼ਾਸਨ 'ਚ ਕੋਈ ਠੋਸ ਪੈਠ ਨਹੀਂ, ਉੱਥੇ ਗੁਆਂਢੀ ਦੇਸ਼ ਪਾਕਿਸਤਾਨ ਤੋਂ ਹੈਰੋਇਨ, ਨਸ਼ੀਆਂ ਦੀ ਤਸਕਰੀ ਤੇਜ਼ੀ ਨਾਲ ਜਾਰੀ ਰਹਿਣਾ, ਵਿਦੇਸ਼ਾਂ 'ਚ ਬੈਠੇ ਅਤਿਵਾਦੀ ਅਤੇ ਵਾਲਿਸਤਾਨੀ ਸਾਜ਼ਿਸ਼ਾਂ ਦਾ ਪੰਜਾਬ 'ਚ ਜਾਲ ਵਿਛਾਉਣਾ ਪੰਜਾਬ 'ਚ ਫ਼ਿਰ ਤੋਂ ਅਤਿਵਾਦ ਦੀ ਚਿੰਗਾਰੀ ਨੂੰ ਜਨਮ ਦੇ ਸਕਦੇ ਹਨ। ਜਿਸ ਲਈ ਭਾਵੇਂ ਹੀ ਕੇਂਦਰ ਦਾ ਗ੍ਰਹਿ ਮੰਤਰਾਲਾ ਹੁਣ ਗੰਭੀਰ ਤਾਂ ਹੈ, ਪਰ ਗੈਂਗਸਟਰਾਂ, ਅਤਿਵਾਦੀਆਂ ਦੇ ਵਿਦੇਸ਼ੀ ਸੰਪਰਕ ਨੂੰ ਤਹਿਸ-ਨਹਿਸ ਕਰਨ ਦੀ ਜ਼ਿੰਮੇਵਾਰੀ ਹੁਣ ਪੰਜਾਬ ਸਰਕਾਰ ਦੇ ਹੱਥਾਂ 'ਚ ਨਿਰਭਰ ਕਰਦੀ ਹੈ।

## ਵਿਨੀਪੈਗ ਦੇ ਲੋਕਾਂ ਨੂੰ ਗੋਡੇ ਬਦਲਾਉਣ ਲਈ ਲੰਮੀ ਉਡੀਕ ਕਰਨੀ ਪੈ ਰਹੀ ਹੈ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਕੋਰੋਨਾ ਮਹਾਂਮਾਰੀ ਫੈਲਣ ਉਪਰੰਤ ਹੈਲਥ ਸਿਸਟਮ ਜਾਂ ਸਿਹਤ ਸੇਵਾਵਾਂ ਉਪਰ ਜੋ ਅਸਰ ਪਿਆ ਉਹ ਸਾਰੇ ਭਲੀ ਭਾਂਤ ਜਾਣਦੇ ਹਨ ਖਾਸ ਕਰਕੇ ਉਨ੍ਹਾਂ ਲੋਕਾਂ ਨੂੰ ਕਾਫ਼ੀ ਤਕਲੀਫ਼ ਸਹਿਣੀ ਪਈ ਜੋ ਲੰਬੇ ਸਮੇਂ ਤੋਂ ਸਰਜਰੀਆਂ ਦੀ ਉਡੀਕ ਕਰ ਰਹੇ ਸਨ ਅਤੇ ਇਹ ਉਡੀਕ ਹੋਰ ਲੰਬੀ ਹੁੰਦੀ ਗਈ । ਜੇਕਰ ਗੋਡਿਆਂ ਦੇ ਆਪ੍ਰੇਸ਼ਨ, ਅੱਖਾਂ ਦੇ ਮੋਤੀਏ ਦੇ ਆਪ੍ਰੇਸ਼ਨ ਕਰਵਾਉਣ ਵਾਲਿਆਂ ਦੀ ਗੱਲ ਕੀਤੀ ਜਾਵੇ ਤਾਂ ਮੈਨੀਟੋਬਾ ਦੇ ਉਨ੍ਹਾਂ ਲੋਕਾਂ ਨੂੰ ਦੇਸ਼ ਦੇ ਬਾਕੀ ਸਭ ਹਿੱਸਿਆਂ ਦੇ ਲੋਕਾਂ ਨਾਲੋਂ ਵੱਧ ਉਡੀਕ ਕਰਨੀ ਪਈ ਜੋ ਇਹ ਸਰਜਰੀਆਂ ਕਰਵਾਉਣਾ ਚਾਹੁੰਦੇ ਸਨ । ਕੈਨੇਡੀਅਨ ਇੰਸਟੀਚਿਊਟ ਫਾਰ ਹੈਲਥ ਇਨਫਾਰਮੇਸ਼ਨ ਵੱਲੋਂ ਇੱਕ ਰਿਪੋਰਟ ਅਨਸਾਰ ਅਪ੍ਰੈਲ 2020 ਤੋਂ ਸਤੰਬਰ 2021ਦੌਰਾਨ ਉਹ ਮੈਨੀਟੋਬਾ ਵਾਸੀ ਜੋ ਗੋਢਿਆਂ ਦੀ ਸਰਜਰੀ ਕਰਵਾਉਣ ਲਈ ਵੇਟਲਿਸਟ ਵਿੱਚ ਸ਼ਾਮਿਲ ਸਨ ਉਨ੍ਹਾਂ ਵਿੱਚੋਂ ਸਿਰਫ਼ 38 ਪ੍ਰਸੈਂਟ ਲੋਕਾਂ ਦੇ ਆਪ੍ਰੇਸ਼ਨ ਛੇ ਮਹੀਨੇ ਦੇ ਨੈਸ਼ਨਲ ਬੈਂਚ ਮਾਰਕ ਸਟੈਂਡਰਡ ਸਮੇਂ ਵਿੱਚ ਹੋਏ ਹਨ । ਇਸੇ ਤਰੀਕੇ ਨਾਲ ਅੱਖਾਂ ਵਿੱਚ ਮੋਤੀਆ ਉਤਰਨ ਕਾਰਨ ਸਰਜਰੀ ਦੀ ਵੇਟ ਕਰਦੇ ਲੋਕਾਂ ਵਿੱਚੋਂ ਸਿਰਫ 39 ਪਰਸੈਂਟ ਲੋਕਾਂ ਦੇ -ਪਰੇਸ਼ਨ 112 ਦਿਨਾਂ ਦੇ ਬੈਂਚਮਾਰਕ ਪੀਰੀਅਡ ਵਿੱਚ ਹੋਏ ਹਨ ਅਤੇ ਬਾਕੀਆਂ ਨੂੰ ਲੰਮਾ ਸਮਾਂ ਇੰਤਜ਼ਾਰ ਕਰਨਾ ਪਿਆ ਹੈ । ਸਰਜਰੀ ਦੇ ਮਾਮਲੇ ਵਿਚ ਮੈਨੀਟੋਬਾ ਸੂਬੇ ਦੀ ਸਥਿਤੀ ਬਾਕੀ ਸੂਬਿਆਂ ਦੇ ਮੁਕਾਬਲੇ ਕਾਫੀ ਮਾੜੀ ਰਹੀ ਹੈ।

## ਮੰਦਰ ਤੋੜਨ ਵਾਲਿਆਂ ਨੂੰ ਪਾਕਿਸਤਾਨ ਦੀ ਅਦਾਲਤ ਨੇ ਸਜਾ ਸੁਣਾਈ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੀ ਇੱਕ ਅਤਿਵਾਦ ਵਿਰੋਧੀ ਅਦਾਲਤ ਨੇ ਪਿਛਲੇ ਸਾਲ ਪਾਕਿਸਤਾਨ ਦੇ ਪੰਜਾਬ ਪ੍ਰਾਂਤ ਵਿੱਚ ਇੱਕ ਹਿੰਦੂ ਮੰਦਰ ਦੀ ਭੰਨ੍ਹਤੋੜ ਕਰਨ ਦੇ ਮਾਮਲੇ ਵਿੱਚ 22 ਵਿਅਕਤੀਆਂ ਨੂੰ ਪੰਜ-ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਪਿਛਲੇ ਸਾਲ ਜੁਲਾਈ ਮਹੀਨੇ ਵਿੱਚ ਸੈਂਕੜੇ ਲੋਕਾਂ ਦੀ ਭੀੜ ਨੇ ਪੰਜਾਬ ਦੇ ਜ਼ਿਲ੍ਹਾ ਰਹੀਮ ਯਾਰ ਖਾਂ ਦੇ ਸ਼ਹਿਰ ਭੌਂਗ ਵਿੱਚ ਸਥਿਤ ਇੱਕ ਮੰਦਰ 'ਤੇ ਹਮਲਾ ਕਰ ਦਿੱਤਾ ਸੀ ਅਤੇ ਮੰਦਰ ਦੀ ਭੰਨ੍ਹਤੋੜ ਕੀਤੀ ਸੀ ਤੇ ਮੰਦਰ ਦੇ ਇੱਕ ਹਿੱਸੇ ਨੂੰ ਅੱਗ ਵੀ ਲਗਾ ਦਿੱਤੀ ਸੀ। ਦੋਸ਼ੀਆਂ ਨੂੰ ਇਹ ਸਜ਼ਾ ਏ ਟੀ ਸੀ ਬਹਾਵਲਪੁਰ ਦੇ ਜੱਜ ਨਾਸਿਰ ਹੁਸੈਨ ਨੇ ਸੁਣਾਈ।

## ਇਸਰਾਈਲੀ ਫੌਜ ਦੀ ਗੋਲੀਬਾਰੀ ਵਿਚ ਅਲ ਜਜ਼ੀਰਾ ਦੀ ਪੱਤਰਕਾਰ ਹਲਾਕ - ਚੈਨਲ ਦਾ ਦੋਸ਼ ,ਗੋਲੀ ਜਾਣਬੁੱਝ ਕੇ ਮਾਰੀ ਗਈ ਹੈ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਫਲਸਤੀਨੀ ਸਿਹਤ ਮੰਤਰਾਲੇ ਨੇ ਕਿਹਾ ਕਿ ਪੱਛਮੀ ਕਿਨਾਰੇ ਵਿੱਚ ਇਜ਼ਰਾਇਲੀ ਫ਼ੌਜ ਦੀ ਗੋਲੀਬਾਰੀ ਵਿੱਚ ਜ਼ਖ਼ਮੀ ਹੋਣ ਤੋਂ ਬਾਅਦ ਅਲ-ਜਜ਼ੀਰਾ ਦੀ ਪੱਤਰਕਾਰ ਸ਼ਿਰੀਨ ਅਬੂ ਅਕਲੇਹ ਦੀ ਮੌਤ ਹੋ ਗਈ ਹੈ। ਮੰਤਰਾਲੇ ਨੇ ਕਿਹਾ ਕਿ ਸ਼ਿਰੀਨ ਅਬੂ ਅਕਲੇਹ ਦੇ ਚਿਹਰੇ 'ਤੇ ਗੋਲੀ ਮਾਰੀ ਗਈ ਸੀ ਅਤੇ ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਉਸ ਦੀ ਮੌਤ ਹੋ ਗਈ ਸੀ। ਇਸ ਦੌਰਾਨ ਅਲ-ਜਜ਼ੀਰਾ ਨੇ ਕਿਹਾ ਹੈ ਕਿ ਉਸ ਦੀ ਪੱਤਰਕਾਰ ਨੂੰ ਇਜ਼ਰਾਈਲ ਨੇ ਜਾਣਬੁੱਝ ਕੇ ਗੋਲੀ ਮਾਰੀ ਹੈ। ਯੇਰੂਸ਼ਲਮ ਦੇ ਅਲ-ਕੁਦਸ ਅਖ਼ਬਾਰ ਲਈ ਕੰਮ ਕਰਨ ਵਾਲਾ ਇੱਕ ਹੋਰ ਫਲਸਤੀਨੀ ਪੱਤਰਕਾਰ ਵੀ ਗੋਲੀਬਾਰੀ ਵਿੱਚ ਜ਼ਖ਼ਮੀ ਹੋ ਗਿਆ ਪਰ ਉਸ ਦੀ ਹਾਲਤ ਸਥਿਰ ਹੈ।

## ਰੂਸ ਨਾਲ ਜੰਗ ਸਾਲ ਦੇ ਅੰਤ ਤਕ ਹੋ ਜਾਵੇਗੀ ਖ਼ਤਮ - ਯੂਕ੍ਰੇਨ



ਕੀਵ (ਪੰਜਾਬੀ ਅਖਬਾਰ ਬਿਊਰੋ)- ਯੂਕ੍ਰੇਨ ਨੇ ਦਾਅਵਾ ਕੀਤਾ ਹੈ ਕਿ ਰੂਸ ਖ਼ਿਲਾਫ਼ ਉਸ ਦੀ ਜੰਗ ਅਗਸਤ ਦੇ ਅੱਧ ਤਕ ਇੱਕ ਅਹਿਮ ਮੋੜ 'ਤੇ ਪਹੁੰਚ ਜਾਵੇਗੀ ਅਤੇ ਸਾਲ ਦੇ ਅਖੀਰ ਤਕ ਖ਼ਤਮ ਹੋ ਜਾਵੇਗੀ। ਸਕਾਈ ਨਿਊਜ਼ ਨੇ ਯੂਕ੍ਰੇਨ ਦੀ ਮਿਲਟਰੀ ਇੰਟੈਲੀਜੈਂਸ ਚੀਫ਼ ਮੇਜਰ ਜਨਰਲ ਕਿਰਲੋ ਬੁਡਾਨੋਵ ਦੇ ਹਵਾਲੇ ਨਾਲ ਆਪਣੀ ਰਿਪੋਰਟ 'ਚ ਇਹ ਗੱਲ ਕਹੀ ਹੈ। ਰਿਪੋਰਟ 'ਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਪੇਟ ਦੇ ਕੈਂਸਰ ਤੋਂ ਪੀੜਤ ਹਨ ਅਤੇ ਉਨ੍ਹਾਂ ਦੀ ਤਖ਼ਤਾ ਪਲਟ ਦੀ ਕੋਸ਼ਿਸ਼ ਪਹਿਲਾਂ ਹੀ ਚੱਲ ਰਹੀ ਹੈ।ਜਨਰਲ ਬੁਡਾਨੋਵ ਨੇ ਕਿਹਾ ਕਿ ਉਹ ਜੰਗ ਦੇ ਅਖੀਰ ਤੋਂ ਬਾਅਦ ਡੌਨਬਾਸ ਅਤੇ ਕ੍ਰਾਇਮੀਆ ਸਮੇਤ ਆਪਣੇ ਸਾਰੇ ਖੇਤਰਾਂ 'ਚ ਯੂਕ੍ਰੇਨੀ ਸ਼ਕਤੀ ਨੂੰ ਮੁੜ ਸੁਰਜੀਤ ਕਰੇਗਾ। ਅਸੀਂ ਆਪਣੇ ਦੁਸ਼ਮਣ ਬਾਰੇ ਸਭ ਕੁੱਝ ਜਾਣਦੇ ਹਾਂ। ਉਸ ਨੇ ਕਿਹਾ ਕਿ ਯੌਰਪ ਰੂਸ ਨੂੰ ਇੱਕ ਵੱਡੇ ਖ਼ਤਰੇ ਵਜੋਂ ਦੇਖਦਾ ਹੈ। ਰੂਸ ਦੀ ਤਾਕਤ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਅਸੀਂ ਅੱਠ ਸਾਲਾਂ ਤੋਂ ਰੂਸ ਨਾਲ ਲੜ ਰਹੇ ਹਾਂ ਅਤੇ ਅਸੀਂ ਕਹਿ ਸਕਦੇ ਹਾਂ ਕਿ ਇਹ ਬਹੁਤ ਜ਼ਿਆਦਾ ਪ੍ਰਚਾਰਿਤ ਰੂਸੀ ਸ਼ਕਤੀ ਸਿਰਫ਼ ਇੱਕ ਮਿੱਥ ਹੈ। ਉਹ ਇੰਨਾ ਤਾਕਤਵਰ ਨਹੀਂ ਹੈ ਸਗੋਂ ਹਥਿਆਰਾਂ ਨਾਲ ਲੈਸ ਲੋਕਾਂ ਦੀ ਭੀੜ ਮਾਤਰ ਹੈ।

## ਸਰਕਾਰ ਤਾਂ ਲੋੜਵੰਦ ਗਰੀਬਾਂ ਦੀ ਮੱਦਦ ਕਰਨਾ ਚਾਹੁੰਦੀ ਸੀ ਪਰ ਖੱਟੀ ਤਾਂ ਵੱਡਿਆਂ ਘਰਾਂ ਵਾਲੇ ਈ ਖੱਟ ਗਏ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਮੈਨੀਟੋਬਾ ਸਰਕਾਰ ਵੱਲੋਂ ਸਾਲ 2021 ਵਿੱਚ ਐਜੂਕੇਸ਼ਨ ਟੈਕਸ ਰਿਬੇਟ ਦੇਣੀ ਸ਼ੁਰੂ ਕੀਤੀ ਗਈ ਸੀ । ਏਅਰ ਰਿਬੇਟ ਪ੍ਰਾਪਰਟੀ ਟੈਕਸ ਵਿੱਚ ਕਟਾਏ ਜਾਂਦੇ ਡਾਲਰਾਂ ਵਿੱਚ ਦਿੱਤੀ ਗਈ ਸੀ ਤੇ ਐਜੂਕੇਸ਼ਨ ਟੈਕਸ ਦਾ 25 ਪਰਸੈਂਟ ਹਿੱਸਾ ਰਿਬੇਟ ਦੇ ਰੂਪ ਵਿੱਚ ਵਿਨੀਪੈਗ ਵਾਸੀਆਂ ਨੂੰ ਰੀਟਰੀਟ ਚੈਕ ਦਿੱਤਾ ਗਿਆ। ਰੀਟਰੀਟ ਪ੍ਰੋਗਰਾਮ ਦਾ ਮੁੱਖ ਮੰਤਵ ਲੋਅ ਇਨਕਮ ਫੈਮਿਲੀਆਂ ਅਤੇ ਬਜ਼ੁਰਗਾਂ ਨੂੰ ਵਿੱਤੀ ਰਾਹਤ ਦੇਣਾ ਸੀ ਤਾਂ ਕਿ ਉਨ੍ਹਾਂ ਨੂੰ ਕੁੱਝ ਡਾਲਰ ਮੋੜੇ ਜਾ ਸਕਣ ਅਤੇ ਉਨ੍ਹਾਂ ਨੂੰ ਕੁੱਝ ਵਿੱਤੀ ਹੁਲਾਰਾ ਮਿਲੇ । ਪਰ ਹੁਣ ਇਸ ਪ੍ਰੋਗਰਾਮ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਪ੍ਰੋਗਰਾਮ ਦਾ ਜ਼ਿਆਦਾ ਫ਼ਾਇਦਾ ਵੱਡੇ ਘਰਾਂ ਦੀਆਂ ਮਾਲਕਾਂ ਜਾਂ ਅਮੀਰ ਲੋਕਾਂ ਨੂੰ ਜ਼ਿਆਦਾ ਹੋਇਆ ਹੈ। ਲੋਅ ਇਨਕਮ ਫੈਮਿਲੀਆਂ ਜਾਂ ਛੋਟੇ ਘਰਾਂ ਨੂੰ ਕੋਈ ਖ਼ਾਸ ਰਾਹਤ ਨਹੀਂ ਮਿਲੀ । ਲਗਪਗ 250 ਮਿਲੀਅਨ ਡਾਲਰ ਸਰਕਾਰ ਵੱਲੋਂ ਰਿਬੇਟ ਚੈਕ ਦੇ ਰੂਪ ਵਿੱਚ ਦਿੱਤੇ ਗਏ ਸਨ । ਇਹ ਰਿਬੇਟ ਚੈਕ ਲੈਣ ਵਾਲੇ ਟੌਪ ਦੱਸ ਪ੍ਰਸੈਂਟ ਲੋਕਾਂ ਨੇ ਆਖ਼ਰੀ ਦਸ ਪਰਸੈਂਟ ਲੋਕਾਂ ਨਾਲੋਂ ਚਾਰ ਗੁਣਾ ਜ਼ਿਆਦਾ ਪੈਸੇ ਰਿਬੇਟ ਵਿੱਚ ਲਏ ਹਨ

## ਕੋਵਿਡ ਕਾਰਣ ਹੜ੍ਹਾਂ ਤੋਂ ਬਚਾਓ ਦਾ ਖਰਚਾ ਪਹਿਲਾਂ ਨਾਲੋਂ ਵਧ ਗਿਆ ਹੈ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਮੈਨੀਟੋਬਾ ਦੇ ਇੰਟਰਲੇਕ ਇਲਾਕੇ ਨੂੰ ਫਲੱਡਿੰਗ ਤੋਂ ਬਚਾਉਣ ਲਈ ਢੁਕਵੇਂ ਪ੍ਰਬੰਧ ਕਰਨ ਦਾ ਪ੍ਰਾਜੈਕਟ ਜਿਸ ਦਾ ਖਰਚ 540 ਮਿਲੀਅਨ ਡਾਲਰ ਬਣਦਾ ਹੈ, ਹੁਣ ਦੇਰੀ ਹੋਣ ਦੇ ਕਾਰਨ 600 ਮਿਲੀਅਨ ਡਾਲਰ ਤੱਕ ਪਹੁੰਚ ਚੁੱਕਾ ਹੈ । ਇਹ ਜਾਣਕਾਰੀ ਸੂਬੇ ਦੀ ਪ੍ਰੀਮੀਅਰ ਹੈਦਰ ਸਟੀਫਨਸਨ ਨੇ ਦਿੱਤੀ। ਇਸ ਪ੍ਰਾਜੈਕਟ ਵਿੱਚ ਲੇਕ ਮੈਨੀਟੋਬਾ ਅਤੇ ਲੇਕ ਸੇਂਟ ਮਾਰਟਿਨ ਵਿਖੇ ਫਲੱਡ ਆਊਟਲੇਟ ਚੈਨਲ ਬਣਾਉਣਾ ਸ਼ਾਮਲ ਹੈ ਤਾਂ ਕਿ ਹੜ੍ਹਾਂ ਦੇ ਪਾਣੀ ਨੂੰ ਡਾਈਵਰਟ ਕੀਤਾ ਜਾ ਸਕੇ । ਐਸਟੀਮੇਟ ਕਮੇਟੀ ਹੀਅਰਿੰਗ ਵਿੱਚ ਇਹ ਮਸਲਾ ਵਿਚਾਰਿਆ ਗਿਆ । ਪ੍ਰੀਮੀਅਰ ਨੇ ਆਖਿਆ ਵਾਧੂ ਖਰਚ ਦੇਰੀ ਕਰਕੇ ਨਹੀਂ ਹੋਇਆ ਸਗੋਂ ਇਹ ਕੋਵਿਡ-19 ਕਾਰਨ ਵਾਪਰਿਆ ਹੈ। ਸਰਕਾਰ ਚਾਹੁੰਦੀ ਹੈ ਕਿ ਇਸ ਸੰਬੰਧ ਵਿਚ ਮੂਲਵਾਸੀ ਭਾਈਚਾਰੇ ਦੇ ਲੀਡਰਾਂ ਨਾਲ ਹੋਰ ਸਲਾਹ ਮਸ਼ਵਰਾ ਅਤੇ ਕੰਸਲਟੇਸ਼ਨ ਕੀਤੀ ਜਾਵੇ ਜੋ ਕਿ ਕੋਵਿਡ ਦੇ ਕਾਰਨ ਦੇਰ ਹੋ ਗਈ। ਪਹਿਲਾਂ ਤੈਅ ਕੀਤੀ ਗਈ ਰਕਮ ਵਿੱਚ 292 ਮਿਲੀਅਨ ਡਾਲਰ ਸੂਬਾ ਸਰਕਾਰ ਨੇ ਪਾਉਣੇ ਸਨ ਅਤੇ 245 ਮਿਲੀਅਨ ਡਾਲਰ ਦੇ ਕਰੀਬ ਦੀ ਫੰਡਿੰਗ ਫੈਡਰਲ ਸਰਕਾਰ ਨੇ ਮੁਹੱਈਆ ਕਰਨੀ ਸੀ ।

## ਵਧੀਆਂ ਗੈਸ ਕੀਮਤਾਂ ਕਾਰਣ ਵਧੀ ਮਹਿੰਗਾਈ ਦੀ ਹਾਹਾਕਾਰ ਹਰ ਪਾਸੇ ਹੈ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਵੱਖ ਵੱਖ ਸੂਬਿਆਂ ਵਿਚ ਗੈਸ ਦੀਆਂ ਕੀਮਤਾਂ ਵਧਣ ਦਾ ਰੁਝਾਨ ਲਗਾਤਾਰ ਜਾਰੀ ਹੈ ਜਿਸ ਨਾਲ ਕੈਨੇਡਾ ਵਾਸੀ ਪ੍ਰਭਾਵਿਤ ਹਨ ।ਗੈਸ ਵਿਜ਼ਾਰਡ ਅਦਾਰਾ ਜੋ ਗੈਸ ਕੀਮਤਾਂ ਨੂੰ ਟ੍ਰੈਕ ਕਰਦਾ ਹੈ ਦੇ ਦੱਸਣ ਅਨੁਸਾਰ ਗੈਸ ਦੀਆਂ ਕੀਮਤਾਂ ਵਿੱਚ ਦੁਬਾਰਾ ਫਿਰ ਇਹ ਚਾਰ ਤੋਂ ਛੇ ਸੈਂਟ ਪ੍ਰਤੀ ਲਿਟਰ ਦੇ ਹਿਸਾਬ ਨਾਲ ਅਰਬਨ ਸ਼ਹਿਰਾਂ ਵਿੱਚ ਉਛਾਲ ਆਇਆ ਹੈ। ਇਸ ਸਾਈਟ ਮੁਤਾਬਕ ਵੈਨਕੂਵਰ ਵਿੱਚ ਗੈਸ ਦੀਆਂ ਕੀਮਤਾਂ ਦੋ ਡਾਲਰ ਸਤਾਰਾਂ ਸੈਂਟ ਪ੍ਰਤੀ ਲਿਟਰ ਹੋ ਚੁੱਕੀਆਂ ਹਨ । ਲਗਪਗ ਦੇਸ਼ ਦੇ ਸਾਰੇ ਸ਼ਹਿਰਾਂ ਵਿੱਚ ਔਸਤਨ ਗੈਸ ਪ੍ਰਾਈਸ ਦੋ ਡਾਲਰ ਪ੍ਰਤੀ ਲਿਟਰ ਦੇ ਹਿਸਾਬ ਤੱਕ ਪਹੁੰਚ ਗਈ ਹੈ ।ਪਰ ਪਰੇਰੀ ਰੀਜਨ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਬਹੁਤਾ ਪ੍ਰਭਾਵ ਨਹੀਂ ਪਿਆ । ਯੂਕਰੇਨ ਰੂਸ ਜੰਗ ਦਾ ਇਨ੍ਹਾਂ ਗੈਸ ਦੀਆਂ ਕੀਮਤਾਂ ਵਧਣ ਵਿੱਚ ਕਾਫੀ ਪ੍ਰਭਾਵ ਰਿਹਾ ਤੇ ਅਜੇ ਵੀ ਲਗਾਤਾਰ ਇਸ ਦਾ ਅਸਰ ਵੇਖਣ ਨੂੰ ਮਿਲ ਰਿਹਾ ਹੈ। ਇਨ੍ਹਾਂ ਵਧੀਆ ਗੈਸ ਕੀਮਤਾਂ ਕਾਰਨ ਟਰਾਂਸਪੋਟੇਸ਼ਨ ਇੰਡਸਟਰੀ ਤੇ ਵੀ ਪ੍ਰਭਾਵ ਪੈ ਰਿਹਾ ਹੈ ਅਤੇ ਗਰੋਸਰੀ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਗੈਸ ਕੀਮਤਾਂ ਤੋਂ ਇਲਾਵਾ ਵਧ ਰਹੀ ਮਹਿੰਗਾਈ ਕਾਰਨ ਆਮ ਕੈਨੇਡਾ ਵਾਸੀ ਕਾਫ਼ੀ ਮੁਸ਼ਕਲ ਸਥਿਤੀ ਦਾ ਸਾਹਮਣਾ ਕਰ ਰਹੇ ਹਨ ।

## ਵਿਨੀਪੈਗ ਦੇ 44ਵੇਂ ਮੇਅਰ ਦੀ ਚੋਣ ਲਈ ਉਮੀਂਦਵਾਰ ਮੈਦਾਨ ਵਿੱਚ ਆ ਰਹੇ ਹਨ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਸ਼ਹਿਰ ਦੇ 44ਵੇਂ ਮੇਅਰ ਬਣਨ ਦੀ ਉਮੀਂਦ ਕਰ ਰਹੇ ਤਿੰਨ ਵਿਨੀਪੈਗਰਾਂ ਨੇ ਆਪਣੀਆਂ ਮੁਹਿੰਮ ਸ਼ੁਰੂ ਕਰਨ ਵਿੱਚ ਕੋਈ ਸਮਾਂ ਬਰਬਾਦ ਨਹੀਂ ਕੀਤਾ। ਜੈਨੀ ਮੋਟਕਾਲੁਕ, ਡੌਨ ਵੁੱਡਸਟਾਕ ਅਤੇ ਕ੍ਰਿਸ ਕਲੇਸੀ- ਨੇ ਰਸਮੀ ਤੌਰ 'ਤੇ ਆਪਣੀਆਂ ਮੁਹਿੰਮ ਨੂੰ ਰਜਿਸਟਰ ਕਰਨ ਲਈ ਸ਼ਹਿਰ ਦੇ ਚੋਣ ਦਫ਼ਤਰ ਦਾ ਦੌਰਾ ਕੀਤਾ'ਤੇ ਪਹਿਲੇ ਦਿਨ ਹੀ ਉਮੀਦਵਾਰਾਂ ਨੇ ਆਪਣੇ ਕਾਗ਼ਜ਼ ਭਰੇ। ਜੈਨੀ ਇੱਕ ਮੋਟਕਾਲੁਕ ਨੇ 2018 ਦੇ ਮੇਅਰ ਦੀ ਦੌੜ ਵਿਚ ਬ੍ਰਾਇਨ ਬੋਮੈਨ ਤੋਂ ਦੂਜਾ ਸਥਾਨ ਹਾਸਲ ਕੀਤਾ, ਜਿਸ ਵਿਚ ਉਸ ਨੇ ਚਾਰ ਸਾਲ ਪਹਿਲਾਂ 36 ਪ੍ਰਤੀਸ਼ਤ ਪ੍ਰਸਿੱਧ ਵੋਟਾਂ 'ਤੇ ਕਬਜ਼ਾ ਕੀਤਾ ਸੀ,ਉਹ ਇਕੱਲੀ ਉਮੀਦਵਾਰ ਸੀ ਜਿਸ ਨੇ ਬੋਮੈਨ ਨੂੰ ਉਸ ਦੌੜ ਵਿੱਚ ਪ੍ਰਭਾਵਸ਼ਾਲੀ ਚੁਣੌਤੀ ਦਿੱਤੀ, ਜਿਸ ਨੂੰ 76,000 ਤੋਂ ਵੱਧ ਵੋਟਾਂ ਮਿਲੀਆਂ , ਪਰ ਉਨ੍ਹਾਂ ਨੇ ਕਿਹਾ ਕਿ ਉਹ ਜਾਣਦੀ ਹੈ ਕਿ ਇਸ ਖੁੱਲ੍ਹੀ 2022 ਦੀ ਦੌੜ ਵਿਚ ਉਸ ਦਾ ਮੁਕਾਬਲਾ ਹੋਰ ਵੀ ਸਖ਼ਤ ਹੋਵੇਗਾ। ਸਿਟੀ ਹਾਲ ਦੀ ਕੌਂਸਲ ਦੀ ਇਮਾਰਤ ਦੇ ਬਾਹਰ ਲਗਭਗ 15 ਸਮਰਥਕਾਂ ਨੂੰ ਸੰਬੋਧਨ ਕਰਨ ਤੋਂ ਬਾਅਦ ਉਸ ਨੇ ਕਿਹਾ, "ਇਸ ਵਾਰ ਇਹ ਇੱਕ ਖੁੱਲ੍ਹੀ ਸੀਟ ਹੈ, ਪਰ ਮੇਰਾ ਮੰਨਣਾ ਹੈ ਕਿ ਮੈਂ ਇਸ ਵਾਰ ਇੱਕ ਜਾਣਿਆ-ਪਛਾਣਿਆ ਨਾਮ ਹਾਂ।ਉਨ੍ਹਾਂ ਨੂੰ ਲਗਦਾ ਹੈ ਕਿ ਉਹ ਇਸ ਵਾਰ ਬਾਜੀ ਮਾਰ ਲਵੇਗੀ। ਇਸ ਸਾਲ ਵੋਟਾਂ 26 ਅਕਤੂਬਰ 2022 ਨੂੰ ਪੈਣਗੀਆਂ।




